ਵੀਰਵਾਰ, 20 ਫਰਵਰੀ, 2025
9 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 261

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 20 FEBRUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਇੰਸਪੈਕਟਰ ਰੈਂਕ ਤੱਕ ਦੇ 52 ਪੁਲਸ ਮੁਲਾਜ਼ਮ ਡਿਸਮਿਸ

### ਮੁੱਖ ਮੰਤਰੀ ਦੇ ਹੁਕਮ 'ਤੇ ਐਕਸ਼ਨ, ਕਾਲੀਆਂ ਭੇਡਾਂ ਨਹੀਂ ਰਹਿਣ ਦੇਣੀਆਂ : ਡੀ ਜੀ ਪੀ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਬੁੱਧਵਾਰ ਪੰਜਾਬ ਪੁਲਸ ਦੇ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ 52 ਮੁਲਾਜ਼ਮਾਂ ਨੂੰ ਬਰਖਾਸਤ ਕਰ ਦਿੱਤਾ ਗਿਆ। ਡੀ ਜੀ ਪੀ ਗੌਰਵ ਯਾਦਵ ਨੇ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਇਹ ਕਾਰਵਾਈ ਇਨ੍ਹਾਂ ਉਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਮੱਦੇਨਜ਼ਰ ਕੀਤੀ ਗਈ ਹੈ।

ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਨੂੰ ਮੁਅੱਤਲ ਕਰਨ ਤੋਂ ਬਾਅਦ ਪੁਲਸ 'ਚ ਇਹ ਵੱਡੀ ਕਾਰਵਾਈ ਅਮਲ ਵਿਚ ਲਿਆਂਦੀ ਹੈ। ਯਾਦਵ ਨੇ ਦੱਸਿਆ ਕਿ ਪਿਛਲੇ ਦਸ ਦਿਨਾਂ ਦੌਰਾਨ ਸੂਬਾਗੀਰ ਪੜਤਾਲ ਦੌਰਾਨ ਜ਼ਿਲ੍ਹਾ ਪੁਲਸ ਮੁਖੀਆਂ ਦੀ ਸਿਫਾਰਸ਼ 'ਤੇ ਬਰਖਾਸਤਗੀਆਂ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਦਾਇਤਾਂ ਦਿੱਤੀਆਂ ਸਨ ਕਿ ਪੁਲਸ ਵਿਭਾਗ ਵਿੱਚ ਤਾਕਤ ਦੀ ਦੁਰਵਰਤੋਂ ਤੇ ਕੁਰੱਪਸ਼ਨ ਨੂੰ ਚੈੱਕ ਕੀਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਸੀ ਕਿ ਉਨ੍ਹਾ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਧਨ ਭੋਟਣ ਲਈ ਝੂਠੀਆਂ ਐੱਫ ਆਈ ਆਰ ਕੀਤੀਆਂ ਗਈਆਂ ਹਨ। ਯਾਦਵ ਨੇ ਕਿਹਾ ਕਿ ਪੁਲਸ ਵਿੱਚ ਕਾਲੀਆਂ ਭੇਡਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਪੁਲਸ 43 ਸੇਵਾਵਾਂ ਪਹਿਲਾਂ ਹੀ ਆਨਲਾਈਨ ਦੇ ਰਹੀ ਹੈ। ਹੁਣ ਇਨ੍ਹਾਂ ਵਿੱਚ 60 ਹੋਰ ਸ਼ਾਮਲ ਕੀਤੀਆਂ ਜਾਣਗੀਆਂ। ਲੋਕ ਸਾਂਝ ਕੇਂਦਰ ਜਾਂ ਘਰ ਬੈਠੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣਗੇ।

ਇਸ ਤੋਂ ਇਲਾਵਾ ਦਿੱਲੀ ਪੁਲਸ ਵਾਂਗ ਪੁਲਸ ਹੁਣ ਮੋਟਰ ਵਾਹਨ ਚੋਰੀ ਲਈ ਈ-ਐੱਫ ਆਈ ਆਰ ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਇਸ ਨੂੰ ਇੱਕ ਮਹੀਨੇ ਵਿੱਚ ਲਾਗੂ ਕਰ ਦਿੱਤਾ ਜਾਵੇਗਾ।

## ਕਰੀਬ 300 ਡਿਪੋਰਟੀ ਪਨਾਮਾ ਦੇ ਹੋਟਲ 'ਚ ਨਜ਼ਰਬੰਦ

**ਪਨਾਮਾ ਸ਼ਹਿਰ** : ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਪਨਾਮਾ ਦੇ ਇੱਕ ਹੋਟਲ ਵਿੱਚ ਨਜ਼ਰਬੰਦ ਕੀਤਾ ਗਿਆ ਹੈ। ਇਹ ਗੈਰਕਾਨੂੰਨੀ ਪ੍ਰਵਾਸੀ ਕੌਮਾਂਤਰੀ ਅਥਾਰਿਟੀਜ਼ ਵੱਲੋਂ ਉਨ੍ਹਾਂ ਨੂੰ ਆਪੋ-ਆਪਣੇ ਮੁਲਕ ਵਾਪਸ ਭੇਜਣ ਦੀ ਉਡੀਕ ਕਰ ਰਹੇ ਹਨ।



ਇਨ੍ਹਾਂ ਗੈਰਕਾਨੂੰਨੀ ਪ੍ਰਵਾਸੀਆਂ ਵਿਚੋਂ ਬਹੁਤੇ ਈਰਾਨ, ਭਾਰਤ, ਨੇਪਾਲ, ਸ੍ਰੀਲੰਕਾ, ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਤੇ ਹੋਰਨਾਂ ਏਸ਼ੀਆਈ ਮੁਲਕਾਂ ਨਾਲ ਸੰਬੰਧਤ ਹਨ। ਅਥਾਰਿਟੀਜ਼ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ 40 ਫੀਸਦ ਤੋਂ ਵੱਧ ਪ੍ਰਵਾਸੀ ਸਵੈ-ਇੱਛਾ ਨਾਲ ਆਪੋ-ਆਪਣੇ ਮੁਲਕਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ। ਹੋਟਲ ਵਿੱਚ ਨਜ਼ਰਬੰਦ ਇਨ੍ਹਾਂ ਡਿਪੋਰਟੀਜ਼ ਨੇ ਖਿੜਕੀਆਂ ਰਾਹੀਂ 'ਹੈਲਪ' ਦੇ ਸੁਨੇਹੇ ਲਿਖ ਕੇ ਮਦਦ ਦੀ ਅਰਜੋਈ ਕੀਤੀ ਹੈ। ਅਮਰੀਕਾ ਨੂੰ ਇਨ੍ਹਾਂ ਵਿੱਚੋਂ ਕੁਝ ਨੂੰ ਸਿੱਧੇ ਉਨ੍ਹਾਂ ਦੇ ਮੁਲਕ ਡਿਪੋਰਟ ਕਰਨ ਵਿਚ ਮੁਸ਼ਕਲ ਆ ਰਹੀ ਹੈ, ਲਿਹਾਜ਼ਾ ਪਨਾਮਾ ਨੂੰ ਰਸਤੇ ਵਿਚ ਠਾਹਰ ਵਜੋਂ ਵਰਤਿਆ ਜਾ ਰਿਹਾ ਹੈ। ਡਿਪੋਰਟੀਜ਼ ਦੇ ਤੀਜੇ ਬੈਚ ਵਾਲੀ ਉਡਾਣ ਬੁੱਧਵਾਰ ਕੋਸਟਾ ਰੀਕਾ ਵਿਚ ਲੈਂਡ ਕਰ ਸਕਦੀ ਹੈ।

ਪਨਾਮਾ ਦੇ ਸੁਰੱਖਿਆ ਮੰਤਰੀ ਫਰੈਂਕ ਅਬਰੇਗੋ ਨੇ ਮੰਗਲਵਾਰ ਕਿਹਾ ਕਿ ਪਨਾਮਾ ਅਤੇ ਅਮਰੀਕਾ ਦਰਮਿਆਨ ਪ੍ਰਵਾਸ ਸਮਝੌਤੇ ਤਹਿਤ ਪ੍ਰਵਾਸੀਆਂ ਨੂੰ ਡਾਕਟਰੀ ਸਹਾਇਤਾ ਅਤੇ ਭੋਜਨ ਮਿਲ ਰਿਹਾ ਹੈ। ਉਸ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਹੋਟਲ ਵਿਚ ਗੈਰਕਾਨੂੰਨੀ ਹਿਰਾਸਤ 'ਚ ਰੱਖਿਆ ਗਿਆ ਹੈ। ਉਂਜ ਇਹ ਵਿਦੇਸ਼ੀ ਨਾਗਰਿਕ ਆਪਣੇ ਕਮਰਿਆਂ ਵਿੱਚੋਂ ਬਾਹਰ ਨਹੀਂ ਆ ਸਕਦੇ। ਹੋਟਲ ਦੇ ਬਾਹਰ ਪੁਲਸ ਦਾ ਪਹਿਰਾ ਹੈ।

ਪਨਾਮਾ ਸਰਕਾਰ ਹੁਣ ਡਿਪੋਰਟੀਆਂ ਲਈ ਪੁਲ ਜਾਂ ਲਾਂਘੇ ਵਜੋਂ ਕੰਮ ਕਰਨ ਲਈ ਸਹਿਮਤ ਹੋ ਗਈ ਹੈ, ਜਦੋਂ ਕਿ ਅਮਰੀਕਾ ਕਾਰਵਾਈ ਦੇ ਸਾਰੇ ਖਰਚੇ ਸਹਿਣ ਕਰੇਗਾ। ਇਸ ਸਮਝੌਤੇ ਦਾ ਐਲਾਨ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਫੇਰੀ ਮਗਰੋਂ ਕੀਤਾ ਗਿਆ ਸੀ। ਪਨਾਮਾ ਦੇ ਰਾਸ਼ਟਰਪਤੀ ਜੋਸ ਰਾਉਲ ਮੁਲੀਨੋ ਨੇ ਪਿਛਲੇ ਵੀਰਵਾਰ ਡਿਪੋਰਟੀਜ਼ ਦੀਆਂ ਪਹਿਲੀਆਂ ਉਡਾਣਾਂ ਦੇ ਆਉਣ ਦਾ ਐਲਾਨ ਕੀਤਾ ਸੀ। ਅਬਰੇਗੋ ਨੇ ਕਿਹਾ ਕਿ 299 ਡਿਪੋਰਟੀਜ਼ ਵਿੱਚੋਂ 171 ਕੌਮਾਂਤਰੀ ਪ੍ਰਵਾਸ ਸੰਗਠਨ ਅਤੇ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੀ ਮਦਦ ਨਾਲ ਸਵੈ-ਇੱਛਾ ਨਾਲ ਆਪੋ-ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਸਹਿਮਤ ਹੋਏ ਹਨ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਕਿਸੇ ਤੀਜੇ ਮੁਲਕ ਵਿਚ ਉਨ੍ਹਾਂ ਲਈ ਇੱਕ ਮੰਜ਼ਲ ਲੱਭਣ ਦੀ ਕੋਸ਼ਿਸ਼ ਵਿੱਚ ਬਾਕੀ 128 ਪ੍ਰਵਾਸੀਆਂ ਨਾਲ ਗੱਲ ਕਰ ਰਹੀਆਂ ਹਨ। ਅਬਰੇਗੋ ਨੇ ਕਿਹਾ ਕਿ ਡਿਪੋਰਟ ਕੀਤਾ ਗਿਆ ਆਇਰਿਸ਼ ਨਾਗਰਿਕ ਪਹਿਲਾਂ ਹੀ ਆਪਣੇ ਦੇਸ਼ ਵਾਪਸ ਜਾ ਚੁੱਕਾ ਹੈ। ਜਿਹੜੇ ਲੋਕ ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਸਹਿਮਤ ਨਹੀਂ ਹਨ, ਉਨ੍ਹਾਂ ਨੂੰ ਅਸਥਾਈ ਤੌਰ 'ਤੇ ਦੂਰ-ਦੁਰਾਡੇ ਡੈਰੀਨ ਪ੍ਰਾਂਚ ਵਿੱਚ ਰੱਖਿਆ ਜਾਵੇਗਾ, ਜਿੱਥੋਂ ਲੱਖਾਂ ਪ੍ਰਵਾਸੀ ਹਾਲ ਹੀ ਦੇ ਸਾਲਾਂ ਵਿੱਚ ਉੱਤਰ ਵੱਲ ਆਪਣੇ ਅਗਲੇ ਸਫ਼ਰ ਲਈ ਰਵਾਨਾ ਹੋਏ ਹਨ।

## ਹਸਪਤਾਲ 'ਚੋਂ ਭੱਜੇ ਦੋ ਕੈਦੀ ਪਿੱਛਾ ਕਰਕੇ ਫੜੇ

**ਲੁਧਿਆਣਾ** : ਸਿਵਲ ਹਸਪਤਾਲ 'ਚ ਬੁੱਧਵਾਰ ਮੈਡੀਕਲ ਕਰਵਾਉਣ ਆਏ ਦੋ ਕੈਦੀ ਪੁਲਸ ਨੂੰ ਝਕਾਨੀ ਦੇ ਕੇ ਭੱਜ ਗਏ। ਪੁਲਸ ਮੁਲਾਜ਼ਮ ਉਨ੍ਹਾਂ ਦੇ ਪਿੱਛੇ ਭੱਜੇ ਤੇ ਆਖਰ ਕਾਫੀ ਦੂਰ ਤੱਕ ਪਿੱਛਾ ਕਰਕੇ ਦੋਹਾਂ ਨੂੰ ਕਾਬੂ ਕਰ ਲਿਆ। ਉਨ੍ਹਾਂ ਨੂੰ ਦੁਬਾਰਾ ਮੈਡੀਕਲ ਲਈ ਹਸਪਤਾਲ ਵਿੱਚ ਲਿਆਂਦਾ ਗਿਆ ਅਤੇ ਮੈਡੀਕਲ ਕਰਵਾਉਣ ਪਿੱਛੋਂ ਜੇਲ੍ਹ ਲਿਜਾਇਆ ਗਿਆ। ਪੁਲਸ ਚੌਕੀ ਧਰਮਪੁਰਾ ਵਿੱਚ ਤਾਇਨਾਤ ਏ ਐੱਸ ਆਈ ਪਰਮਜੀਤ ਸਿੰਘ ਇਨ੍ਹਾਂ ਦੋ ਕੈਦੀਆਂ ਖੁਸ਼ਕਰਨ ਤੇ ਹਰਚਰਨ ਦਾ ਮੈਡੀਕਲ ਕਰਵਾਉਣ ਲਈ ਸਿਵਲ ਹਸਪਤਾਲ ਲੈ ਕੇ ਆਏ ਸਨ। ਪੁਲਸ ਉਨ੍ਹਾਂ ਦਾ ਮੈਡੀਕਲ ਕਰਵਾਉਣ ਲਈ ਹਸਪਤਾਲ ਦੇ ਅੰਦਰ ਖੜ੍ਹੀ ਸੀ। ਇਸ ਦੌਰਾਨ ਦੋਵੇਂ ਕੈਦੀ ਪੁਲਸ ਮੁਲਾਜ਼ਮਾਂ ਨੂੰ ਝਕਾਨੀ ਦੇ ਫਰਾਰ ਹੋ ਗਏ। ਮੁਲਾਜ਼ਮਾਂ ਨੇ ਜਿਵੇਂ ਹੀ ਦੇਖਿਆ ਕੈਦੀ ਨਹੀਂ ਹਨ ਤਾਂ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਏ ਐੱਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਅਦਾਲਤ ਨੇ ਦੋਵਾਂ ਨੂੰ ਸਜ਼ਾ ਸੁਣਾਈ ਸੀ, ਜਿਨ੍ਹਾਂ ਨੂੰ ਜੇਲ੍ਹ ਛੱਡਣ ਲਈ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਉਣ ਲਈ ਲਿਆਂਦਾ ਗਿਆ ਸੀ।

### ਗੋਲਡ ਮੈਡਲਿਸਟ ਵੇਟ-ਲਿਫਟਰ ਕੁੜੀ ਦੀ ਦਰਦਨਾਕ ਮੌਤ

**ਜੈਪੁਰ** : ਰਾਜਸਥਾਨ ਦੇ ਬੀਕਾਨੇਰ ਜ਼ਿਲ੍ਹੇ ਵਿੱਚ ਮੰਗਲਵਾਰ ਪ੍ਰੈਕਟਿਸ ਦੌਰਾਨ ਰਾਡ ਗਰਦਨ 'ਤੇ ਡਿੱਗਣ ਨਾਲ ਜੂਨੀਅਰ ਕੌਮੀ ਖੇਡਾਂ ਦੀ ਸੋਨ ਤਮਗਾ ਜੇਤੂ ਮਹਿਲਾ ਪਾਵਰ-ਲਿਫਟਰ ਦੀ ਮੌਤ ਹੋ ਗਈ। ਨਯਾ ਸ਼ਹਿਰ ਦੇ ਐੱਸ ਐੱਚ ਓ ਵਿਕਰਮ ਤਿਵਾੜੀ ਨੇ ਦੱਸਿਆ ਕਿ ਯਸ਼ਤਿਕਾ ਆਚਾਰੀਆ (17) ਜਿੰਮ ਵਿੱਚ ਅਭਿਆਸ ਕਰ ਰਹੀ ਸੀ ਕਿ 270 ਕਿੱਲੋ ਭਾਰ ਚੁੱਕਣ ਵੇਲੇ ਸੰਤੁਲਨ ਗੁਆ ਬੈਠੀ ਤੇ ਉਸ ਦੀ ਗਰਦਨ ਟੁੱਟ ਗਈ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਯਸ਼ਤਿਕਾ ਦੇ ਟਰੇਨਰ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ। ਪਰਵਾਰ ਨੇ ਇਸ ਸੰਬੰਧ ਵਿੱਚ ਕੋਈ ਮਾਮਲਾ ਦਰਜ ਨਹੀਂ ਕਰਵਾਇਆ। ਪੋਸਟਮਾਰਟਮ ਤੋਂ ਬਾਅਦ ਲਾਸ਼ ਬੁੱਧਵਾਰ ਪਰਵਾਰ ਨੂੰ ਸੌਂਪ ਦਿੱਤੀ ਗਈ।

## ਬਿੱਟੂ ਦੇ ਮਾਨ ਦੀ ਕੋਠੀ ਪਿੱਛੇ ਪਹੁੰਚਣ 'ਤੇ ਹੰਗਾਮਾ



**ਚੰਡੀਗੜ੍ਹ** : ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਆਪਣੇ ਸਾਥੀਆਂ ਖਿਲਾਫ ਦਰਜ 'ਝੂਠੇ' ਕੇਸਾਂ ਦਾ ਵਿਰੋਧ ਕਰਨ ਲਈ ਬੁੱਧਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਲਈ ਉਨ੍ਹਾ ਦੀ ਰਿਹਾਇਸ਼ ਉਤੇ ਪੁੱਜੇ। ਹਾਲਾਂਕਿ ਉਨ੍ਹਾ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਨਹੀਂ ਹੋ ਸਕੀ। ਬਿੱਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਕਥਿਤ ਸ਼ਹਿ 'ਤੇ ਪੁਲਸ ਵੱਲੋਂ ਉਨ੍ਹਾਂ ਦੇ ਸਾਥੀਆਂ ਖਿਲਾਫ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ। ਉਹ ਇਸ ਮਸਲੇ 'ਤੇ ਗੱਲਬਾਤ ਕਰਨ ਲਈ ਆਏ ਹਨ। ਬਿੱਟੂ ਅਚਾਨਕ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਉਨ੍ਹਾ ਦੀ ਰਿਹਾਇਸ਼ ਦੇ ਪਿਛਲੇ ਪਾਸੇ ਪਹੁੰਚੇ। ਇਸ ਦੌਰਾਨ ਚੰਡੀਗੜ੍ਹ ਪੁਲਸ ਨੇ ਉਨ੍ਹਾ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਬਿੱਟੂ ਨੇ ਜਦੋਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾ ਦੇ ਸੁਰੱਖਿਆ ਕਰਮੀ ਅਤੇ ਚੰਡੀਗੜ੍ਹ ਪੁਲਸ ਦੇ ਮੁਲਾਜ਼ਮਾਂ ਵਿਚਕਾਰ ਮਾਮੂਲੀ ਖਿੱਚਧੂਹ ਵੀ ਹੋਈ। ਬਿੱਟੂ ਨੇ ਦਾਅਵਾ ਕੀਤਾ ਕਿ ਦਿੱਲੀ 'ਚ ਆਮ ਆਦਮੀ ਪਾਰਟੀ ਦੀ ਹਾਰ ਦਾ ਬਦਲਾ ਲੈਣ ਲਈ ਉਨ੍ਹਾ ਦੇ ਨੇੜਲਿਆਂ ਖਿਲਾਫ ਝੂਠੇ ਪਰਚੇ ਦਰਜ ਕੀਤੇ ਗਏ ਹਨ।

## ਬੇੜੀਆਂ ਤੇ ਜ਼ੰਜੀਰਾਂ 'ਚ ਜਕੜ ਕੇ ਟਰੰਪ ਨੂੰ ਮਜ਼ਾ ਆ ਰਿਹਾ!



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਦੇ ਦਫਤਰ ਵ੍ਹਾਈਟ ਹਾਊਸ ਨੇ ਮੰਗਲਵਾਰ 41 ਸਕਿੰਟ ਦੀ ਇੱਕ ਵੀਡੀਓ ਪੋਸਟ ਕਰਕੇ ਦਿਖਾਇਆ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਿਵੇਂ ਜ਼ੰਜੀਰਾਂ ਤੇ ਬੇੜੀਆਂ ਵਿੱਚ ਜਕੜ ਕੇ ਜਹਾਜ਼ 'ਚ ਚੜ੍ਹਾਇਆ ਜਾਂਦਾ ਹੈ। ਵੀਡੀਓ ਵਿੱਚ ਸੁਰੱਖਿਆ ਕਰਮੀ ਇੱਕ-ਇੱਕ ਕਰਕੇ ਜ਼ਮੀਨ 'ਤੇ ਹੱਥਕੜੀਆਂ ਤੇ ਬੇੜੀਆਂ ਰੱਖ ਰਹੇ ਹਨ। ਫਿਰ ਲੋਕ ਆਉਂਦੇ ਹਨ ਤੇ ਉਨ੍ਹਾਂ ਨੂੰ ਜ਼ੰਜੀਰਾਂ ਤੇ ਬੇੜੀਆਂ ਵਿੱਚ ਜਕੜਿਆ ਜਾਂਦਾ ਹੈ। ਵੀਡੀਓ ਦੇ ਅਖੀਰ ਵਿੱਚ ਲੋਕਾਂ ਨੂੰ ਜਹਾਜ਼ ਵਿੱਚ ਚੜ੍ਹਾਉਂਦੇ ਦਿਖਾਇਆ ਗਿਆ ਹੈ। ਇਸ ਵੀਡੀਓ ਦੀ ਕੈਪਸ਼ਨ ਹੈ—ਏ ਐੱਸ ਐੱਮ ਆਰ-ਇੱਲੀਗਲ ਏਲੀਅਨ ਡਿਪੋਰਟੇਸ਼ਨ ਫਲਾਈਟ। ਇਹ ਕੈਪਸ਼ਨ ਇੱਕ ਤਰ੍ਹਾਂ ਨਾਲ ਅਮਰੀਕਾ ਤੋਂ ਕੱਢੇ ਗਏ ਲੋਕਾਂ ਦਾ ਮਜ਼ਾਕ ਉਡਾਉਣ ਵਰਗੀ ਹੈ ਕਿਉਂਕਿ ਏ ਐੱਸ ਐੱਮ ਆਰ ਉਹ ਆਵਾਜ਼ਾਂ ਹਨ, ਜਿਹੜੀਆਂ ਤਨਾਅ ਘੱਟ ਕਰਦੀਆਂ ਹਨ, ਸਕੂਨ ਦਿੰਦੀਆਂ ਹਨ ਤੇ ਦਿਮਾਗ ਨੂੰ ਰਿਲੈਕਸ ਕਰਦੀਆਂ ਹਨ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਐਲਨ ਮਸਕ ਨੇ ਲਿਖਿਆ—ਹਾਹਾ ਵਾਹ। ਇਸ ਤੋਂ ਪਹਿਲਾਂ ਉਸ ਨੇ ਵ੍ਹਾਈਟ ਹਾਊਸ ਦੀ ਵੀਡੀਓ ਦੇ ਹੇਠਾਂ ਕੁਮੈਂਟ ਲਿਖਿਆ ਸੀ—ਸੋ ਬੇਸਡ, ਯਾਨੀ ਮੈਂ ਇਸ ਦੀ ਹਮਾਇਤ ਕਰਦਾ ਹਾਂ।

## ਗੁਰਪਤਵੰਤ ਪਨੂੰ ਹੁਣ ਕਿੱਥੇ ਵੜ ਗਿਆ : ਜੀ ਕੇ



**ਨਵੀਂ ਦਿੱਲੀ** : ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਅਕਾਲੀ ਦਲ (ਬਾਦਲ) ਦੇ ਰਾਜਧਾਨੀ 'ਚ ਸੀਨੀਅਰ ਆਗੂ ਮਨਜੀਤ ਸਿੰਘ ਜੇ ਕੇ ਨੇ ਕੈਨੇਡਾ, ਯੂ ਕੇ ਤੇ ਅਮਰੀਕਾ ਰਹਿੰਦੇ ਸਿੱਖਾਂ ਦੇ ਆਗੂ ਕਹਾਉਣ ਵਾਲਿਆਂ ਨੂੰ ਕਿਹਾ ਹੈ ਕਿ ਉਹ ਅਮਰੀਕਾ ਵੱਲੋਂ ਭਾਰਤ ਘੱਲੇ ਜਾ ਰਹੇ ਪ੍ਰਵਾਸੀਆਂ ਦੀਆਂ ਦਸਤਾਰਾਂ ਲਾਹ ਕੇ ਜ਼ਲੀਲ ਕਰਨ ਦੇ ਮੁੱਦੇ 'ਤੇ ਆਪਣੀ ਜ਼ੁਬਾਨ ਖੋਲ੍ਹਣ। ਉਨ੍ਹਾ ਬਾਹਰ ਰਹਿੰਦੇ ਅਜਿਹੇ ਆਗੂਆਂ ਦੀ ਚੋਣਵੀਂ ਸਰਗਰਮੀ 'ਤੇ ਕਿੰਤੂ ਕਰਦਿਆਂ ਕਿਹਾ ਕਿ ਸਿੱਖਾਂ ਦੇ ਹੱਕ ਸਿਰਫ ਭਾਰਤ ਤੱਕ ਹੀ ਸੀਮਤ ਨਹੀਂ। ਉਨ੍ਹਾ ਪੁੱਛਿਆ ਹੈ—ਭਾਰਤ ਵਿੱਚ ਸਿੱਖ ਮੁੱਦਿਆਂ 'ਤੇ ਬੋਲਣ ਦਾ ਮੌਕਾ ਨਾ ਗੁਆਉਣ ਵਾਲੇ ਬਾਹਰ ਰਹਿੰਦੇ ਸਿੱਖ ਸਾਂਸਦ, ਮੰਤਰੀ ਤੇ ਕਾਰਕੁਨ ਕਿੱਥੇ ਹਨ? ਕੀ ਅਮਰੀਕਾ ਵਿੱਚ ਸਿੱਖ ਪਛਾਣ ਨੂੰ ਮਿੱਧਣ ਵੇਲੇ ਉਨ੍ਹਾਂ ਦੀ ਜ਼ੁਬਾਨ ਲੜਖੜਾਉਂਦੀ ਹੈ? ਕਿੱਥੇ ਹੈ ਗੁਰਪਤਵੰਤ ਪਨੂੰ? ਉਹ ਇਸ ਕਰਕੇ ਗੁੱਛੀ ਮਾਰ ਗਿਆ ਕਿ ਇਹ ਹੱਤਕ ਟਰੰਪ ਪ੍ਰਸ਼ਾਸਨ ਨੇ ਕੀਤੀ ਹੈ, ਉਸੇ ਟਰੰਪ ਨੇ, ਜਿਸ ਦੀ ਤਾਜਪੋਸ਼ੀ ਦੇ ਸਮਾਗਮ ਵਿੱਚ ਉਹ ਪੁੱਜਾ ਸੀ। ਫਰਾਂਸ ਵਿੱਚ ਦਸਤਾਰ 'ਤੇ ਪਾਬੰਦੀ ਵੇਲੇ ਜਾਗੇ ਸਿੱਖ ਰੋਹ ਦਾ ਚੇਤਾ ਕਰਾਉਂਦਿਆਂ ਜੀ ਕੇ ਨੇ ਸਿੱਖ ਭਾਈਚਾਰੇ ਨੂੰ ਕਿਹਾ ਕਿ ਦਸਤਾਰ ਸਜਾਉਣੀ ਹਮੇਸ਼ਾ ਸੰਸਾਰ ਲੜਾਈ ਰਹੀ ਹੈ। ਜਦੋਂ ਫਰਾਂਸ ਸਰਕਾਰ ਨੇ ਸਕੂਲਾਂ ਤੇ ਸਰਕਾਰੀ ਦਸਤਾਵੇਜ਼ਾਂ ਵਿੱਚ ਦਸਤਾਰ 'ਤੇ ਰੋਕ ਲਾਈ ਤਾਂ ਵੀਜ਼ਿਆਂ ਦੀ ਪ੍ਰਵਾਹ ਕੀਤੇ ਬਿਨਾਂ ਸੰਸਾਰ ਭਰ ਦੇ ਸਿੱਖਾਂ ਨੇ ਉਸ ਵਿਰੁੱਧ ਆਵਾਜ਼ ਬੁਲੰਦ ਕੀਤੀ। ਹੁਣ ਕੀ ਹਿਚਕਚਾਹਟ ਹੈ? ਅਮਰੀਕੀ ਧਰਤੀ ਤੋਂ ਜ਼ਲੀਲ ਕਰਕੇ ਕੱਢੇ ਜਾ ਰਹੇ ਸਿੱਖਾਂ ਦੇ ਮਾਮਲੇ ਵਿੱਚ ਹੁਣ ਖਾਮੋਸ਼ੀ ਕਿਉਂ ਹੈ? ਜੀ ਕੇ ਭਾਰਤ ਸਰਕਾਰ ਦੀ ਵੀ ਨੁਕਤਾਚੀਨੀ ਕੀਤੀ ਹੈ ਕਿ ਉਸ ਨੇ ਡਿਪੋਰਟੀਆਂ ਨੂੰ ਵਾਪਸ ਲਿਆਉਣ ਲਈ ਜਹਾਜ਼ ਨਹੀਂ ਘੱਲਿਆ। ਜੋ ਹੋਇਆ ਹੈ ਉਹ ਰਾਸ਼ਟਰ ਦੀ ਬੇਇੱਜ਼ਤੀ ਹੈ, ਪਰ ਜੀ ਕੇ ਨੇ ਇਸ ਗੱਲ 'ਤੇ ਜ਼ਿਆਦਾ ਅਫਸੋਸ ਜਤਾਇਆ ਹੈ ਕਿ ਕੈਨੇਡਾ ਦੇ ਦਰਜਨ ਤੋਂ ਵੱਧ ਸਿੱਖ ਸਾਂਸਦਾਂ ਤੇ ਯੂ ਕੇ 11 ਸਾਂਸਦਾਂ ਵਿੱਚੋਂ ਕਿਸੇ ਨੇ ਇਸ ਬੇਇਨਸਾਫੀ ਖਿਲਾਫ ਮੂੰਹ ਨਹੀਂ ਖੋਲ੍ਹਿਆ। ਉਨ੍ਹਾ ਕਿਹਾ—ਪੱਛਮ ਦੇ ਸਿੱਖ ਆਗੂਆਂ ਨੇ ਚੁੱਪ ਰਹਿ ਕੇ ਖਤਰਨਾਕ ਮਿਸਾਲ ਕਾਇਮ ਕੀਤੀ ਹੈ। ਇਸ ਤਰ੍ਹਾਂ ਸਿੱਖਾਂ ਦੀ ਕਿਤੇ ਵੀ ਬੇਇੱਜ਼ਤੀ ਕੀਤੀ ਜਾ ਸਕਦੀ ਹੈ। ਦਸਤਾਰ ਸਿਰਫ ਕੱਪੜਾ ਨਹੀਂ, ਇਹ ਸਾਡੀ ਪਛਾਣ ਹੈ ਅਤੇ ਜੇ ਅਸੀਂ ਹੁਣ ਇਸ ਦੀ ਰਾਖੀ ਨਾ ਕੀਤੀ ਤਾਂ ਅਸੀਂ ਆਪਣੇ ਅਸੂਲਾਂ ਨਾਲ ਦਗਾ ਕਰ ਰਹੇ ਹੋਵਾਂਗੇ।

### 10 ਕਿੱਲੋ ਹੈਰੋਇਨ ਸਣੇ ਕਾਬੂ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)** : ਪੁਲਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਇਕ ਕਥਿਤ ਨਸ਼ਾ ਤਸਕਰ ਹਰਮਨਦੀਪ ਸਿੰਘ ਵਾਸੀ ਪਿੰਡ ਘੁੰਮਣਪੁਰਾ ਨੂੰ ਕਾਬੂ ਕਰਕੇ 10 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਡੀ ਜੀ ਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਐਕਸ' 'ਤੇ ਦੱਸਿਆ ਕਿ ਹਰਮਨਦੀਪ ਪਾਕਿਸਤਾਨੀ ਤਸਕਰ ਚਾਚਾ ਬਾਵਾ ਦੇ ਸੰਪਰਕ ਵਿੱਚ ਸੀ। ਇਹ ਹੈਰੋਇਨ ਅਟਾਰੀ ਸਰਹੱਦ ਰਸਤੇ ਡਰੋਨ ਰਾਹੀਂ ਆਈ ਸੀ। ਸੂਚਨਾ ਮਿਲੀ ਸੀ ਕਿ ਉਹ ਮੋਟਰਸਾਈਕਲ 'ਤੇ ਰਾਮ ਤੀਰਥ ਰੋਡ 'ਤੇ ਪਿੰਡ ਕਾਲੇ ਨੇੜੇ ਡੇਰਾ ਰਾਧਾ ਸਵਾਮੀ ਵੱਲ ਕਿਸੇ ਨੂੰ ਹੈਰੋਇਨ ਦੇਣ ਜਾ ਰਿਹਾ ਹੈ। ਕਾਊਂਟਰ ਇੰਟੈਲੀਜੈਂਸ ਦੇ ਅਧਿਕਾਰੀਆਂ ਨੇ ਰਾਮ ਤੀਰਥ ਰੋਡ 'ਤੇ ਲਾਏ ਨਾਕੇ 'ਤੇ ਉਸ ਨੂੰ ਨੱਪ ਲਿਆ।

### ਪਾਈਆ ਹੈਰੋਇਨ ਫੜੀ

**ਜਲੰਧਰ** : ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਕਮਿਸ਼ਨਰੇਟ ਪੁਲਸ ਨੇ ਕਾਕੀ ਪਿੰਡ ਨੇੜੇ ਰਾਜਪਾਲ ਉਰਫ ਪਾਲੀ ਵਾਸੀ ਰਵਿਦਾਸ ਕਾਲੋਨੀ ਜਲੰਧਰ ਦੀ ਤਲਾਸ਼ੀ ਦੌਰਾਨ 52 ਗ੍ਰਾਮ ਹੈਰੋਇਨ ਬਰਾਮਦ ਕੀਤੀ। ਜਾਂਚ ਤੋਂ ਪਤਾ ਲੱਗਾ ਕਿ ਪਾਲੀ ਨਸ਼ਾ ਤਸਕਰੀ ਦੇ ਵੱਡੇ ਆਪ੍ਰੇਸ਼ਨ ਵਿੱਚ ਸ਼ਾਮਲ ਸੀ। ਉਸ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਪੁਲਸ ਟੀਮ ਨੇ ਪਿੰਡ ਢਿੱਲਵਾਂ ਜਲੰਧਰ ਦੇ ਨੇੜੇ ਇੱਕ ਟਿਕਾਣੇ ਤੋਂ ਹੋਰ 206 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

### ਮਹਿਲਾ ਕਾਂਸਟੇਬਲ ਨੇ ਫਾਹਾ ਲਿਆ

**ਲੁਧਿਆਣਾ** : ਲਾਡੋਵਾਲ ਸਥਿਤ ਐੱਨ ਡੀ ਆਰ ਐੱਫ ਹੈੱਡਕੁਆਰਟਰ ਵਿੱਚ ਤਾਇਨਾਤ ਮਹਿਲਾ ਕਾਂਸਟੇਬਲ ਸਿਮਰਨਜੀਤ ਕੌਰ ਨੇ ਚੁੰਨੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਥੇ ਮੌਜੂਦ ਲੋਕਾਂ ਨੇ ਦੱਸਿਆ ਕਿ ਸਿਮਰਨਜੀਤ ਕੌਰ ਡਿਊਟੀ 'ਤੇ ਨਹੀਂ ਆਈ, ਜਿਸ ਕਰਕੇ ਉਹ ਉਸ ਨੂੰ ਮਿਲਣ ਲਈ ਕਮਰੇ ਵਿਚ ਪੁੱਜੇ, ਪਰ ਕਾਫ਼ੀ ਦੇਰ ਤੱਕ ਦਰਵਾਜ਼ਾ ਖੜਕਾਉਣ ਤੋਂ ਬਾਅਦ ਵੀ ਕਿਸੇ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਅਧਿਕਾਰੀਆਂ ਨੇ ਦਰਵਾਜ਼ੇ ਨੂੰ ਧੱਕਾ ਮਾਰ ਕੇ ਤੋੜਿਆ ਅਤੇ ਦੇਖਿਆ ਕਿ ਮਹਿਲਾ ਕਾਂਸਟੇਬਲ ਦੀ ਲਾਸ਼ ਚੁੰਨੀ ਨਾਲ ਲਟਕ ਰਹੀ ਸੀ। ਏ ਐੱਸ ਆਈ ਮੇਜਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਮਾਨਸਾ ਦੀ ਰਹਿਣ ਵਾਲੀ ਸੀ ਅਤੇ ਉਸ ਨੇ 7 ਸਤੰਬਰ 2024 ਨੂੰ ਇੱਥੇ ਡਿਊਟੀ ਜੁਆਇਨ ਕੀਤੀ ਸੀ। ਜਾਂਚ ਅਧਿਕਾਰੀ ਦੇ ਅਨੁਸਾਰ ਕਮਰੇ ਜਾਂ ਲਾਸ਼ ਦੇ ਆਲੇ-ਦੁਆਲੇ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ ਹੈ।

## ਪਾਕਿਸਤਾਨ ਲਈ ਜਾਸੂਸੀ ਕਰਦੇ ਤਿੰਨ ਹੋਰ ਗ੍ਰਿਫਤਾਰ

**ਨਵੀਂ ਦਿੱਲੀ** : ਦਹਿਸ਼ਤਗਰਦੀ ਵਿਰੋਧੀ ਜਾਂਚ ਕਰਨ ਵਾਲੀ ਸੰਘੀ ਏਜੰਸੀ ਐੱਨ ਆਈ ਏ ਨੇ ਬੁੱਧਵਾਰ ਦੱਸਿਆ ਕਿ ਇਸ ਨੇ ਪਾਕਿਸਤਾਨ ਸਥਿਤ ਖੁਫੀਆ ਏਜੰਟਾਂ ਨੂੰ ਦੇਸ਼ ਦੀ ਰੱਖਿਆ ਸੰਬੰਧੀ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਦੇ ਦੋਸ਼ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਕਾਰਵਾਰ ਨੇਵਲ ਬੇਸ ਅਤੇ ਕੋਚੀ ਨੇਵਲ ਬੇਸ 'ਤੇ ਦੇਸ਼ ਧਰੋਹ ਕਰਦੇ ਹੋਏ ਭਾਰਤੀ ਰੱਖਿਆ ਟਿਕਾਣਿਆਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਦੁਸ਼ਮਣ ਨੂੰ ਦੇ ਰਹੇ ਸਨ। ਮੁਲਜ਼ਮਾਂ ਦੀ ਪਛਾਣ ਵੇਤਾਨ ਲਕਸ਼ਮਣ ਟੰਡੇਲ, ਅਕਸ਼ੈ ਰਵੀ ਨਾਇਕ ਅਤੇ ਅਭਿਲਾਸ਼ ਪੀ ਏ ਵਜੋਂ ਹੋਈ ਹੈ। ਏਜੰਸੀ ਨੇ ਕਿਹਾ ਕਿ ਟੰਡੇਲ ਅਤੇ ਨਾਇਕ ਨੂੰ ਕਰਨਾਟਕ ਦੇ ਉੱਤਰ ਕੰਨੜ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਗਿਆ, ਜਦੋਂਕਿ ਅਭਿਲਾਸ਼ ਪੀ ਏ ਨੂੰ ਕੇਰਲਾ ਦੇ ਕੋਚੀ ਤੋਂ ਫੜਿਆ ਗਿਆ ਹੈ। ਤਿੰਨੋ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਇੰਟੈਲੀਜੈਂਸ ਆਪਰੇਟਿਵ ਦੇ ਸੰਪਰਕ ਵਿੱਚ ਪਾਏ ਗਏ ਹਨ। ਉਹ ਕਾਰਵਾਰ ਨੇਵਲ ਬੇਸ ਅਤੇ ਕੋਚੀ ਨੇਵਲ ਬੇਸ 'ਤੇ ਭਾਰਤੀ ਰੱਖਿਆ ਸਥਾਪਨਾਵਾਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਰਹੇ ਸਨ ਅਤੇ ਜਾਣਕਾਰੀ ਦੇ ਬਦਲੇ ਪੈਸੇ ਲੈ ਰਹੇ ਸਨ। ਇਸ ਮਾਮਲੇ ਵਿੱਚ ਹੁਣ ਤੱਕ ਇਨ੍ਹਾਂ ਤਿੰਨਾਂ ਸਣੇ ਕੁੱਲ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਮੋਦੀ ਨੂੰ ਦੱਸ ਚੁੱਕਾਂ, ਕੋਈ ਕਿੰਤੂ-ਪ੍ਰੰਤੂ ਨਹੀਂ ਸੁਣਨਾ : ਟਰੰਪ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਉਸ ਦੀਆਂ ਚੀਜ਼ਾਂ 'ਤੇ ਅਮਰੀਕਾ ਵੱਲੋਂ ਬਰਾਬਰ ਟੈਰਿਫ ਲਾਏ ਜਾਣ ਤੋਂ ਬਚ ਨਹੀਂ ਸਕਦਾ। 'ਟੈਰਿਫ ਢਾਂਚੇ 'ਤੇ ਕੋਈ ਮੇਰੇ ਨਾਲ ਸਵਾਲ-ਜਵਾਬ ਨਹੀਂ ਕਰ ਸਕਦਾ।'

ਟਰੰਪ ਨੇ ਇਹ ਟਿੱਪਣੀ ਹਾਲ ਹੀ ਵਿੱਚ ਫੌਕਸ ਨਿਊਜ਼ ਦੇ ਸੀਨ ਹੈਨਿਟੀ ਨੂੰ ਦਿੱਤੀ ਇੰਟਰਵਿਊ ਵਿੱਚ ਕਹੀ। ਫੌਕਸ ਨਿਊਜ਼ ਨੇ ਟਰੰਪ ਦੀ ਖਰਬਾਂਪਤੀ ਐਲਨ ਮਸਕ ਦੀ ਸਾਂਝੀ ਇੰਟਰਵਿਊ ਮੰਗਲਵਾਰ ਰਾਤ ਦਿਖਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 13 ਫਰਵਰੀ ਦੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ ਹੀ ਟਰੰਪ ਨੇ ਐਲਾਨਿਆ ਸੀ ਕਿ ਜੇ ਕੋਈ ਦੇਸ਼ ਅਮਰੀਕੀ ਚੀਜ਼ਾਂ 'ਤੇ ਵੱਧ ਟੈਰਿਫ ਲਾਏਗਾ ਤਾਂ ਅਮਰੀਕਾ ਵੀ ਉਸ ਦੀਆਂ ਚੀਜ਼ਾਂ 'ਤੇ ਵੱਧ ਟੈਰਿਫ ਠੋਕੇਗਾ।

ਇਸੇ ਦੌਰਾਨ ਐਲਨ ਮਸਕ ਦੀ ਅਗਵਾਈ ਹੇਠਲੇ ਯੂਐੱਸ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੀਐਂਸੀ ਵੱਲੋਂ ਭਾਰਤ ਵਿੱਚ ਵੋਟਰ ਟਰਨਆਊਟ ਲਈ ਅਲਾਟ ਕੀਤੇ ਗਏ 210 ਲੱਖ ਡਾਲਰ ਸਮੇਤ ਵੱਖ-ਵੱਖ ਖਰਚਿਆਂ ਵਿੱਚ ਕਟੌਤੀ ਦਾ ਐਲਾਨ ਕਰਨ ਤੋਂ ਕੁਝ ਦਿਨ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਨੂੰ ਆਪਣੀ ਵਧਦੀ ਆਰਥਿਕਤਾ ਅਤੇ ਉੱਚ ਟੈਕਸ ਦਰਾਂ ਦੇ ਨਾਲ ਅਜਿਹੀ ਵਿੱਤੀ ਸਹਾਇਤਾ ਦੀ ਲੋੜ ਨਹੀਂ ਹੈ। ਟਰੰਪ ਨੇ ਕਿਹਾ—ਅਸੀਂ ਭਾਰਤ ਨੂੰ 210 ਲੱਖ ਡਾਲਰ ਕਿਉਂ ਦੇ ਰਹੇ ਹਾਂ? ਉਨ੍ਹਾਂ ਕੋਲ ਬਥੇਰਾ ਪੈਸਾ ਹੈ। ਸਾਡੇ ਪੱਖੋਂ ਉਹ ਦੁਨੀਆ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਹਨ, ਅਸੀਂ ਮੁਸ਼ਕਲ ਨਾਲ ਉੱਥੇ ਜਾ ਸਕਦੇ ਹਾਂ ਕਿਉਂਕਿ ਉਨ੍ਹਾਂ ਦੇ ਟੈਰਿਫ ਬਹੁਤ ਜ਼ਿਆਦਾ ਹਨ। ਮੈਂ ਭਾਰਤ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਦਾ ਹਾਂ, ਪਰ ਵੋਟਰ ਟਰਨਆਊਟ ਲਈ ਅਸੀਂ 210 ਲੱਖ ਡਾਲਰ ਕਿਉਂ ਦੇ ਰਹੇ ਹਾਂ?

ਟਰੰਪ ਨੇ ਪਿਛਲੇ ਮਹੀਨੇ ਮਸਕ ਨੂੰ ਨਵੇਂ ਪ੍ਰਸ਼ਾਸਕੀ ਕੁਸ਼ਲਤਾ ਬਾਰੇ ਵਿਭਾਗ ਦਾ ਮੁਖੀ ਲਾਇਆ ਸੀ। ਸ਼ਾਸਨ ਵਿੱਚ ਸੁਧਾਰ ਕਰਨ ਅਤੇ ਵਾਧੂ ਖਰਚਿਆਂ ਨੂੰ ਰੋਕਣ ਦੇ ਕੰਮ ਵਿੱਚ ਲੱਗੇ ਮਸਕ ਨੇ ਟੈਕਸਦਾਤਾਵਾਂ ਦੇ ਕਰੋੜਾਂ ਡਾਲਰਾਂ ਦੀ ਲਾਗਤ ਵਾਲੇ ਕਈ ਪ੍ਰੋਗਰਾਮਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ।

ਵਿਭਾਗ ਵੱਲੋਂ ਰੱਦ ਕੀਤੇ ਗਏ ਵਾਧੂ ਖਰਚੇ ਦੀ ਸੂਚੀ ਵਿੱਚ 'ਚੋਣਾਂ ਅਤੇ ਰਾਜਨੀਤਕ ਪ੍ਰਕਿਰਿਆ ਦੀ ਮਜ਼ਬੂਤੀ ਲਈ ਕੰਸੋਰਸ਼ੀਅਮ' ਦੀ 48.60 ਕਰੋੜ ਡਾਲਰ ਦੀ ਗ੍ਰਾਂਟ ਸ਼ਾਮਲ ਹੈ, ਜਿਸ ਵਿੱਚ ਭਾਰਤ ਵਿੱਚ ਵੋਟਰ ਟਰਨਆਊਟ ਲਈ 210 ਲੱਖ ਡਾਲਰ ਦੀ ਗਰਾਂਟ ਸ਼ਾਮਲ ਸੀ।

## ਅਡਾਨੀਆਂ ਨੂੰ ਸੰਮਨ ਪਹੁੰਚਾਉਣ ਲਈ ਭਾਰਤੀ ਅਧਿਕਾਰੀਆਂ ਦੀ ਮਦਦ ਮੰਗੀ



**ਨਿਊ ਯਾਰਕ** : ਅਮਰੀਕਾ ਦੇ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨੇ ਕਥਿਤ ਅਡਾਨੀ ਰਿਸ਼ਵਤ ਕੇਸ ਵਿੱਚ ਮੰਗਲਵਾਰ ਸੰਘੀ ਅਦਾਲਤ ਵਿੱਚ ਦਾਅਵਾ ਕੀਤਾ ਕਿ ਇਸ ਮਾਮਲੇ 'ਚ ਗੌਤਮ ਅਡਾਨੀ ਤੇ ਸਾਗਰ ਅਡਾਨੀ ਤੱਕ ਸ਼ਿਕਾਇਤ ਦੀ ਕਾਪੀ/ਸੰਮਨ ਪੁੱਜਦੇ ਕਰਨ ਲਈ ਯਤਨ ਜਾਰੀ ਹਨ। ਕਮਿਸ਼ਨ ਨੇ ਜੱਜ ਨੂੰ ਦੱਸਿਆ ਕਿ ਇਸ ਮਾਮਲੇ ਵਿੱਚ ਭਾਰਤੀ ਅਥਾਰਿਟੀਜ਼ ਨੂੰ ਵੀ ਮਦਦ ਦੀ ਅਪੀਲ ਕੀਤੀ ਗਈ ਹੈ। ਕਮਿਸ਼ਨ ਨੇ ਨਿਊ ਯਾਰਕ ਦੇ ਪੂਰਬੀ ਜ਼ਿਲ੍ਹੇ ਦੀ ਜ਼ਿਲ੍ਹਾ ਕੋਰਟ ਦੇ ਜੱਜ ਨਿਕੋਲਸ ਕੋਲ ਇਸ ਕੇਸ ਦੀ ਪ੍ਰਗਤੀ ਰਿਪੋਰਟ ਦਾਖ਼ਲ ਕਰਕੇ ਕਿਹਾ ਕਿ ਗੌਤਮ ਅਡਾਨੀ ਤੇ ਸਾਗਰ ਅਡਾਨੀ ਦੋਵੇਂ ਭਾਰਤ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਤੱਕ ਸ਼ਿਕਾਇਤ ਦੀ ਕਾਪੀ ਪੁੱਜਦੀ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ। ਕਮਿਸ਼ਨ ਨੇ ਪਿਛਲੇ ਸਾਲ 20 ਨਵੰਬਰ ਦੀ ਆਪਣੀ ਸ਼ਿਕਾਇਤ ਵਿੱਚ ਦਾਅਵਾ ਕੀਤਾ ਸੀ ਕਿ ਗੌਤਮ ਅਡਾਨੀ ਤੇ ਸਾਗਰ ਅਡਾਨੀ ਨੇ ਗਿਣਮਿੱਥ ਕੇ ਸੰਘੀ ਸੁਰੱਖਿਆ ਕਾਨੂੰਨਾਂ ਵਿਚਲੀਆਂ ਧੋਖਾਧੜੀ ਵਿਰੋਧੀ ਵਿਵਸਥਾਵਾਂ ਦੀ ਉਲੰਘਣਾ ਕੀਤੀ ਤੇ ਅਡਾਨੀ ਗਰੀਨ ਐਨਰਜੀ ਲਿਮਟਿਡ ਨੂੰ ਲੈ ਕੇ ਗੁੰਮਰਾਹਕੁੰਨ ਜਾਣਕਾਰੀ ਤੇ ਝੂਠੇ ਦਾਅਵੇ ਕੀਤੇ। ਕੋਰਟ ਵਿਚ ਦਾਇਰ ਹਲਫ਼ਨਾਮੇ ਵਿਚ ਕਮਿਸ਼ਨ ਨੇ ਕਿਹਾ ਕਿ ਕਿਉਂ ਜੋ ਮੁਦਾਇਲਾ ਬਾਹਰਲੇ ਮੁਲਕ ਵਿਚ ਰਹਿੰਦੇ ਹਨ, ਲਿਹਾਜ਼ਾ ਉਨ੍ਹਾਂ ਨੂੰ ਸਿਵਲ ਪ੍ਰੋਸੀਜ਼ਰ ਦੇ ਸੰਘੀ ਨੇਮਾਂ ਦੇ ਨੇਮ 4 (ਐੱਫ) ਤਹਿਤ ਸੰਮਨ ਕੀਤਾ ਗਿਆ ਹੈ।

### ਅੱਜ-ਨਾਮਾ

ਗਿਆ ਸੀ ਮਾਨ ਭਗਵੰਤ ਵੱਲ ਜਦੋਂ ਬਿੱਟੂ,
ਮੂਹਰਿਉਂ ਦਿੱਤਾ ਬੱਸ ਫੋਰਸਾਂ ਰੋਕ ਮੀਆਂ।
ਉਹਦੀ ਕੇਂਦਰੀ ਫੋਰਸ ਵੀ ਜ਼ੋਰ ਲਾਇਆ,
ਸਥਾਨਕ ਫੋਰਸ ਨੇ ਦਿੱਤਾ ਸੀ ਟੋਕ ਮੀਆਂ।
ਕਿਹਾ ਬਿੱਟੂ ਨੇ ਬਹਿਸ ਹਾਂ ਕਰਨ ਪਹੁੰਚਾ,
ਚਾਹੁੰਦੇ ਆ ਵੇਖਣੀ ਰਾਜ ਦੇ ਲੋਕ ਮੀਆਂ।
ਬਾਤ ਬਣੀ ਨਾ, ਚਲੇ ਗਿਆ ਉਲਟ ਪੈਰੀਂ,
ਖਾਲੀ ਦਾਅਵਾ ਹੀ ਗਿਆ ਹੈ ਠੋਕ ਮੀਆਂ।
ਮਜਮੇਬਾਜ਼ੀ ਸਿਆਸਤ ਦਾ ਰੰਗ ਹੋ ਗਈ,
ਲਾਉਂਦੇ ਜ਼ੋਰ ਬਣਾਉਣ ਨੂੰ ਖਬਰ ਮੀਆਂ।
ਸਿੱਕਾ ਚੱਲਿਆ ਬਹੁਤ ਦਲਬਦਲੀਆਂ ਦਾ,
ਆਉਂਦਾ ਫੇਰ ਨਾ ਅਜੇ ਵੀ ਸਬਰ ਮੀਆਂ।

-ਤੀਸ ਮਾਰ ਖਾਂ

## ਮੁੱਖ ਮੰਤਰੀ ਨੇ 497 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਚੰਡੀਗੜ੍ਹ. (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮਿਸ਼ਨ ਰੋਜ਼ਗਾਰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ 497 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਸੌਂਪੇ। ਮੁੱਖ ਮੰਤਰੀ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਸਕੂਲ ਸਿੱਖਿਆ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾਵਾਂ, ਪੇਂਡੂ ਵਿਕਾਸ ਅਤੇ ਸਾਇੰਸ, ਤਕਨਾਲੋਜੀ ਅਤੇ ਵਾਤਾਵਰਨ ਵਿਭਾਗ ਵਿੱਚ ਭਰਤੀ ਹੋਏ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਇੱਥੇ ਮਿਊਂਸਪਲ ਭਵਨ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਦਗਾਰੀ ਮੌਕਾ ਹੈ, ਜਦੋਂ ਇਹ ਨੌਜਵਾਨ ਪੰਜਾਬ ਸਰਕਾਰ ਦੇ ਪਰਵਾਰ ਦਾ ਹਿੱਸਾ ਬਣ ਰਹੇ ਹਨ। ਮਾਨ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਵੀ ਸਰਕਾਰ ਨੇ ਸੱਤਾ ਵਿੱਚ ਆਉਣ ਦੇ 35 ਮਹੀਨਿਆਂ ਵਿੱਚ ਨੌਜਵਾਨਾਂ ਨੂੰ ਰਿਕਾਰਡ 50,892 ਨੌਕਰੀਆਂ ਦਿੱਤੀਆਂ ਹਨ।

ਉਨ੍ਹਾ ਕਿਹਾ ਕਿ ਵਿਰੋਧੀ ਪਾਰਟੀਆਂ ਨੌਕਰੀਆਂ ਬਾਰੇ ਸਿਰਫ਼ ਇਸ ਲਈ ਰੌਲਾ ਪਾਉਂਦੀਆਂ ਹਨ, ਕਿਉਂਕਿ ਉਹ ਕਾਣੀ ਵੰਡ ਦੀਆਂ ਆਦੀ ਸਨ ਅਤੇ ਉਨ੍ਹਾਂ ਦੀ ਨਜ਼ਰ ਇਨ੍ਹਾਂ ਯੋਗ ਨੌਜਵਾਨਾਂ ਉਤੇ ਕਦੇ ਨਹੀਂ ਪਈ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਕਦੇ ਵੀ ਯੋਗ ਨੌਜਵਾਨਾਂ ਨੂੰ ਇਕ ਵੀ ਨੌਕਰੀ ਨਹੀਂ ਦਿੱਤੀ। ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਜਿਹੜੀਆਂ ਟਾਂਵੀਆਂ-ਟਾਂਵੀਆਂ ਨੌਕਰੀਆਂ ਦਿੱਤੀਆਂ ਗਈਆਂ, ਉਹ ਸਿਰਫ਼ ਨਜ਼ਦੀਕੀਆਂ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਲਈ ਰਾਖਵੀਆਂ ਸਨ, ਜਦੋਂ ਕਿ ਆਮ ਆਦਮੀ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਸੀ।




ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸੇ ਵੀ ਵਿਭਾਗ ਵਿੱਚ ਖਾਲੀ ਹੁੰਦੇ ਹੀ ਸਾਰੀਆਂ ਅਸਾਮੀਆਂ ਭਰ ਦਿੰਦੀ ਹੈ। ਉਨ੍ਹਾ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇਕ ਪੁਖਤਾ ਵਿਧੀ ਅਪਣਾਈ ਗਈ ਹੈ, ਜਿਸ ਕਾਰਨ ਇਨ੍ਹਾਂ ਲੱਗਭੱਗ 50,000 ਨੌਕਰੀਆਂ ਵਿੱਚੋਂ ਇਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਅਮਰੀਕਾ ਤੋਂ ਨੌਜਵਾਨਾਂ ਨੂੰ ਡਿਪੋਰਟ ਕਰਨ ਦੀ ਘਟਨਾ ਸਾਡੇ ਸਾਰਿਆਂ ਲਈ ਵੱਡਾ ਸਬਕ ਹੈ ਅਤੇ ਸੂਬੇ ਦੇ ਨੌਜਵਾਨਾਂ ਨੂੰ ਬਿਹਤਰ ਭਵਿੱਖ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਬਜਾਏ ਇੱਥੇ ਹੀ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਸਫਲਤਾ ਪ੍ਰਾਪਤ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਮਿਸਾਲਾਂ ਵੀ ਹਨ, ਜਿੱਥੇ ਪਿਛਲੇ ਇੱਕ ਸਾਲ ਦੌਰਾਨ ਸੂਬੇ ਵਿੱਚ ਨੌਜਵਾਨਾਂ ਨੂੰ ਦੋ ਤੋਂ ਤਿੰਨ ਨੌਕਰੀਆਂ ਮਿਲੀਆਂ ਹਨ। ਉਨ੍ਹਾ ਕਿਹਾ ਕਿ ਇਸ ਕਾਰਨ ਪਰਵਾਸ ਦੇ ਰੁਝਾਨ ਨੂੰ ਪੁੱਠਾ ਗੇੜ ਆਇਆ ਹੈ, ਕਿਉਂਕਿ ਜੋ ਨੌਜਵਾਨ ਪਹਿਲਾਂ ਵਿਦੇਸ਼ਾਂ ਵਿੱਚ ਵਸ ਗਏ ਸਨ, ਹੁਣ ਸਰਕਾਰੀ ਨੌਕਰੀਆਂ ਹਾਸਲ ਕਰਨ ਲਈ ਪਰਤ ਰਹੇ ਹਨ। ਉਨ੍ਹਾ ਕਿਹਾ ਕਿ ਅੱਜ ਦੇ ਸਮਾਗਮ ਵਿੱਚ ਵੀ ਇੱਕ ਜੋੜਾ ਕੈਨੇਡਾ ਤੋਂ ਸਰਕਾਰੀ ਸੇਵਾ ਵਿੱਚ ਸ਼ਾਮਲ ਹੋਣ ਲਈ ਵਾਪਸ ਆਇਆ ਹੈ ਅਤੇ ਇਸੇ ਤਰ੍ਹਾਂ ਇੱਕ ਨੌਜਵਾਨ ਨੇ ਵਿਦੇਸ਼ ਜਾਣ ਦਾ ਵਿਚਾਰ ਛੱਡ ਦਿੱਤਾ, ਕਿਉਂਕਿ ਉਸ ਨੂੰ ਇੱਥੇ ਨੌਕਰੀ ਮਿਲ ਗਈ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਨੌਜਵਾਨਾਂ ਅਤੇ ਪਤਵੰਤਿਆਂ ਦਾ ਸਵਾਗਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਤਰੁਨਪ੍ਰੀਤ ਸਿੰਘ ਸੌਂਦ, ਸਕੱਤਰ ਸਿੱਖਿਆ ਵਿਭਾਗ ਕੇ.ਕੇ. ਯਾਦਵ, ਸਕੱਤਰ ਵਾਤਾਵਰਣ ਵਿਭਾਗ ਪ੍ਰਿਯਾਂਕ ਭਾਰਤੀ ਅਤੇ ਹੋਰ ਵੀ ਮੌਜੂਦ ਸਨ।

# ਇੰਡੀਆ ਸੁਪਰ ਫਾਸਟ ਟਰੈਵਲਜ਼ ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ ਰੱਦ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ ਫ਼ਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਮੈਸ. ਇੰਡੀਆ ਸੁਪਰ ਫਾਸਟ ਟਰੈਵਲਜ਼, ਵੀਜ਼ਾ ਕੰਸਲਟੈਂਸੀ, ਸ਼ਾਪ-ਕਮ-ਆਫਿਸ ਨੰਬਰ 55, ਸੈਕਟਰ 4-ਏ, ਗੁਰੂ ਨਾਨਕ ਕਲੋਨੀ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਪਵਨ ਜੋਸ਼ੀ ਵਾਸੀ ਸ਼ਾਪ-ਕਮ-ਆਫਿਸ ਨੰਬਰ 55, ਸੈਕਟਰ 4-ਏ, ਗੁਰੂ ਨਾਨਕ ਕਲੋਨੀ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੂੰ ਇੰਡੀਆ ਸੁਪਰਫਾਸਟ ਟਰੈਵਲਜ਼, ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ ਨੰਬਰ 47/ਐਮ.ਸੀ.-1, ਮਿਤੀ 22-10-2019 ਨੂੰ ਜਾਰੀ ਕੀਤਾ ਗਿਆ ਸੀ ਜੋ ਕਿ ਮਿਤੀ 21 ਅਕਤੂਬਰ 2024 ਤੱਕ ਵੈਲਿਡ ਸੀ, ਜਿਸ ਦੀ ਮਿਆਦ ਖਤਮ ਹੋ ਚੁੱਕੀ ਹੈ।ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ ਤਹਿਤ ਲਾਇਸੈਂਸ ਦੀ ਮਿਆਦ ਖਤਮ ਹੋਣ ਤੋਂ ਦੋ (2) ਮਹੀਨੇ ਪਹਿਲਾਂ ਲਾਇਸੈਂਸ ਰੀਨਿਊ ਕਰਵਾਉਣ ਲਈ ਅਪਲਾਈ ਕਰਨਾ ਹੁੰਦਾ ਹੈ।ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ ਤਹਿਤ ਹੀ ਲਾਇਸੈਂਸ ਕੈਂਸਲ ਕਰਨ ਤੋਂ ਪਹਿਲਾਂ ਪਵਨ ਜੋਸ਼ੀ, ਵਾਸੀ ਸ਼ਾਪ-ਕਮ-ਆਫਿਸ ਨੰਬਰ 55, ਸੈਕਟਰ 4-ਏ, ਗੁਰੂ ਨਾਨਕ ਕਲੋਨੀ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਜਿਸ ਦੇ ਨਾਂਅ ’ਤੇ ਲਾਇਸੈਂਸ ਜਾਰੀ ਕੀਤਾ ਗਿਆ ਸੀ, ਨੂੰ ਪੱਤਰ ਨੰ: 15285/ਫ.ਕ.1, ਮਿਤੀ 26.9.2024 ਰਾਹੀਂ ਇੱਕ ਹਫਤੇ ਦੇ ਅੰਦਰ-ਅੰਦਰ ਲਾਇਸੈਂਸ ਰੀਨਿਊ ਕਰਨ ਲਈ ਅਪਲਾਈ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ। ਪ੍ਰੰਤੂ ਲਗਭਗ ਚਾਰ ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਪਵਨ ਜੋਸ਼ੀ ਨੇ ਲਾਇਸੈਂਸ ਰੀਨਿਊ ਕਰਨ ਲਈ ਦਰਖਾਸਤ ਪੇਸ਼ ਨਹੀਂ ਕੀਤੀ। ਇਸ ਲਈ ਡਾ. ਸੋਨਾ ਥਿੰਦ, ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ, ਫਤਹਿਗੜ੍ਹ ਸਾਹਿਬ ਵੱਲੋਂ ਮੈਸ. ਇੰਡੀਆ ਸੁਪਰਫਾਸਟ ਟਰੈਵਲਜ਼ ਵੀਜਾ ਕੰਸਲਟੈਂਸੀ ਦਾ ਲਾਇਸੈਂਸ ਨੰਬਰ 47/ਐਮ.ਸੀ.-1, ਮਿਤੀ 22.10.2019 ਰੱਦ ਕਰ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਿਕ ਕਿਸੇ ਵੀ ਕਿਸਮ ਦੀ, ਲਾਇਸੈਂਸੀ ਦੇ ਜਾਂ ਇਸ ਦੀ ਫਰਮ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਦਾ ਉਕਤ ਲਾਇਸੈਂਸੀ ਹਰ ਪੱਖੋਂ ਜ਼ਿੰਮੇਵਾਰ ਹੋਵੇਗਾ ਅਤੇ ਇਸ ਦੀ ਭਰਪਾਈ ਕਰਨ ਦਾ ਵੀ ਜ਼ਿੰਮੇਵਾਰ ਹੋਵੇਗਾ।



# ਇੰਸਪੈਕਟਰ ਜਸਵੀਰ ਸਿੰਘ ਨੇ ਸੰਭਾਲਿਆ ਅਹੁਦਾ

ਬਰੇਟਾ (ਰੀਤਵਾਲ) ਇੰਸਪੈਕਟਰ ਜਸਵੀਰ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਸਮੇਂ ਉਨ੍ਹਾਂ ਕਿਹਾ ਕਿ ਇਨਸਾਫ਼ ਪਸੰਦ ਲੋਕਾਂ ਦੀ ਇੱਜ਼ਤ ਕੀਤੀ ਜਾਵੇਗੀ ਤੇ ਪੁਲਸ ਥਾਣੇ ਆਉਣ ’ਤੇ ਸਵਾਗਤ ਹੋਵੇਗਾ, ਪਰ ਮਾੜੇ ਅਨਸਰਾਂ ਦੇ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਕਿਸੇ ਵੀ ਮਾੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਨਸ਼ੇ ਕਰਨ ਵਾਲੇ ਜਾਂ ਨਸ਼ਾ ਵੇਚਣ ਵਾਲੇ ਬਾਜ਼ ਆ ਜਾਣ, ਗੱਡੀਆਂ ਦੇ ਨੰਬਰ ਪਲੇਟਾਂ ਸਹੀ ਲੱਗੀਆਂ ਹੋਣ ਅਤੇ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਵਜਾਉਣ ਵਾਲਿਆਂ ਨੂੰ ਬਿਲਕੁਲ ਨਹੀਂ ਬਖਸ਼ਿਆ ਜਾਵੇਗਾ।ਇਹ ਹੁਕਮ ਐਸਐਸਪੀ ਮਾਨਸਾ ਤੇ ਡੀਐਸਪੀ ਬੁਢਲਾਡਾ ਵੱਲੋਂ ਦਿੱਤੇ ਗਏ ਹਨ।



# ਮਾਤਾ ਗੁਜਰੀ ਕਾਲਜ ਦੇ ਕਾਮਰਸ ਵਿਭਾਗ ਨੇ ਕਰਵਾਈ ਸੇਬੀ ਇਨਵੈਸਟਰ ਸਰਟੀਫ਼ਿਕੇਸ਼ਨ ਪ੍ਰੀਖਿਆ



ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)- ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਕਮਰਸ ਵਿਭਾਗ ਦੇ ਕਰੀਅਰ ਕਾਊਂਸਲਿੰਗ ਅਤੇ ਗਾਈਡੈਂਸ ਸੈੱਲ ਵੱਲੋਂ ਸੇਬੀ (ਸਿਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ) ਦੁਆਰਾ ਅਧਿਕਾਰਤ ਕ੍ਰਿਸ਼ਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਸੇਬੀ ਇਨਵੈਸਟਰ ਇਨੀਸ਼ੀਏਟਿਵ ਦੀ ਲੈਵਲ-ਪਹਿਲਾ ਦੀ ਆਨਲਾਈਨ ਪ੍ਰੀਖਿਆ ਸਫ਼ਲਤਾਪੂਰਵਕ ਕਰਵਾਈ ਗਈ, ਜਿਸ ਵਿੱਚ ਵਿਭਾਗ ਦੇ ਬੀ.ਕਾਮ. ਆਨਰਜ਼, ਬੀ.ਕਾਮ. ਏ.ਐਂਡ.ਐਫ਼ ਅਤੇ ਐਮ.ਕਾਮ. ਦੇ 87 ਵਿਦਿਆਰਥੀਆਂ ਨੇ ਹਿੱਸਾ ਲਿਆ।ਪ੍ਰੀਖਿਆ ਦੇ ਕੋਆਰਡੀਨੇਟਰ ਡਾ. ਕਿਰਨ ਸੂਦ ਨੇ ਕਾਲਜ ਦੇ ਕਮਰਸ ਵਿਭਾਗ ਦੇ ਕਰੀਅਰ ਕਾਊਂਸਲਿੰਗ ਅਤੇ ਗਾਈਡੈਂਸ ਸੈੱਲ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਦੀ ਇਸ ਪ੍ਰੀਖਿਆ ਵਿੱਚ ਵੱਡੀ ਭਾਗੀਦਾਰੀ ਦੀ ਪ੍ਰਸ਼ੰਸਾ ਕੀਤੀ।ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਪਾਸ ਹੋਣ ਵਾਲੇ ਵਿਦਿਆਰਥੀ ਲੈਵਲ-ਦੂਸਰਾ ਦੀ ਪ੍ਰੀਖਿਆ ਲਈ ਯੋਗ ਹੋਣਗੇ ਜੋ ਵਿਦਿਆਰਥੀਆਂ ਨੂੰ ਸੇਬੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਇਸੈਂਸਸ਼ੁਦਾ ਮਿਊਚੁਅਲ ਫ਼ੰਡ ਵਿਕਰੇਤਾ ਬਣਨ ਦੇ ਯੋਗ ਬਣਾਏਗੀ।ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਮਰਸ ਵਿਭਾਗ ਅਤੇ ਕ੍ਰਿਸ਼ਾ ਫ਼ਾਊਂਡੇਸ਼ਨ ਦੇ ਉਸਾਰੂ ਯਤਨਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਆਰਥਿਕ ਤੌਰ ’ਤੇ ਸੁਤੰਤਰ ਬਣਾਉਣ ਅਤੇ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ। ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਮੁਹੰਮਦ ਅਨਵਰ ਨੇ ਪ੍ਰੀਖਿਆ ’ਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕ੍ਰਿਸ਼ਾ ਫ਼ਾਊਂਡੇਸ਼ਨ ਅਤੇ ਸੇਬੀ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।

# 28ਵੀਂ ਤਾਈਕਵਾਂਡੋ ਸਟੇਟ ਚੈਂਪੀਅਨਸ਼ਿਪ ’ਚ ਜਿੱਤੇ ਮੈਡਲ




ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪੰਜਾਬ ਤਾਈਕਵਾਂਡੋ ਐਸੋਸੀਏਸ਼ਨ ਵੱਲੋਂ ਮੋਹਾਲੀ ਵਿਖੇ ਕਾਰਵਾਈ ਗਈ 28ਵੀਂ ਸਟੇਟ ਚੈਂਪੀਅਨਸ਼ਿਪ ਵਿੱਚ ਫ਼ਿਰੋਜ਼ਪੁਰ ਦੇ ਗੁਰੂ ਗੋਬਿੰਦ ਸਿੰਘ ਮਾਰਸ਼ਲ ਆਰਟਸ ਕਲਾਸ ਦੇ ਬੱਚਿਆਂ ਨੇ ਭਾਗ ਲਿਆ ਤੇ 14 ਬੱਚਿਆਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਸੋਨੇ ਦੇ ਮੈਡਲ ਜਿੱਤੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਚ ਰੁਸਤਮਪ੍ਰੀਤ ਸਿੰਘ ਨੇ ਦੱਸਿਆ ਇਨ੍ਹਾਂ 14 ਬੱਚਿਆਂ ਵਿੱਚ ਸੀਨੀਅਰ ਕੈਟਾਗਰੀ ਵਿੱਚ ਨਵਦੀਪ ਸਿੰਘ, ਸੁਖਬੀਰ ਸਿੰਘ, ਰਾਹੁਲ ਧਵਨ, ਦਿਲਪ੍ਰੀਤ ਸਿੰਘ, ਕਿਰਨ, ਦਿਲਨਾਜਪ੍ਰੀਤ ਕੌਰ, ਸੇਜਲਪ੍ਰੀਤ ਕੌਰ, ਜੂਨੀਅਰ ਕੈਟਾਗਰੀ ਵਿੱਚ ਸਾਹਿਬਜੀਤ ਸਿੰਘ, ਅਰਮਾਨ ਸਿੰਘ, ਜੋਤੀ ਕੁਮਾਰੀ, ਕੈਡਿਟ ਪ੍ਰਤੀਕ ਸਿੰਘ, ਅਵਨੀਤ ਕੌਰ, ਸਬ ਜੂਨੀਅਰ ਕੈਟਾਗਰੀ ਭਗਤਵੀਰ ਸਿੰਘ ਨੇ ਬਿਹਤਰੀਨ ਪ੍ਰਦਰਸ਼ਨ ਕੀਤਾ ਤੇ 14 ਸੋਨੇ ਦੇ ਮੈਡਲ ਜਿੱਤੇ। ਖਿਡਾਰੀਆਂ ਨੇ ਆਪਣੀ ਕਾਮਯਾਬੀ ਲਈ ਹੈੱਡ ਕੋਚ ਵਿਕਾਸ ਕੰਬੋਜ ਦਾ ਧੰਨਵਾਦ ਕੀਤਾ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ

ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਦੀ ਅਗਵਾਈ ਹੇਠ ਬਾਬਾ ਬੈਰਸੀਆਣਾ ਦੇ ਹਸਪਤਾਲ ਦੇ ਪਾਰਕ ’ਚ ਦਿੜ੍ਹਬਾ ਵਿਖੇ ਹੋਈ। ਇਸ ਮੀਟਿੰਗ ਵਿੱਚ ਬਹੁ ਸੰਮਤੀ ਪਿੰਡ ਇਕਾਈਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੀਟਿੰਗ ਵਿੱਚ ਇਹਨਾ ਏਜੰਡਿਆਂ ’ਤੇ ਵਿਚਾਰ ਕੀਤਾ ਗਿਆ।20 ਫਰਵਰੀ ਨੂੰ ਸ਼ਹੀਦ ਸਾਧੂ ਸਿੰਘ ਤਖ਼ਤੂਪੁਰਾ ਜੀ ਦੀ ਬਰਸੀ ਸਬੰਧੀ। ਪਿੰਡਾਂ ਵਿੱਚ ਬਿਨਾਂ ਮੁਰੱਬੇਬੰਦੀ/ਪੰਚਾਇਤੀ/ਮਜ਼ਦੂਰਾਂ ਦੀ ਤੀਜੇ ਹਿੱਸੇ ਦੀ ਜ਼ਮੀਨ ਸਬੰਧੀ ਜਾਣਕਾਰੀ। ਪਿੰਡ ਇਕਾਈਆਂ ਵੱਲ ਰਹਿੰਦੇ ਫੰਡਾਂ ਸਬੰਧੀ ਜਾਣਕਾਰੀ। ਇਸ ਮੀਟਿੰਗ ਵਿੱਚ ਚਰਨਜੀਤ ਸਿੰਘ ਘਨੌੜ ਸੰਤਪੁਰਾ, ਹਰਬੰਸ ਸਿੰਘ ਦਿੜ੍ਹਬਾ, ਜੋਗਿੰਦਰ ਸਿੰਘ ਖੇੜੀ ਨਾਗਾ, ਜਸਵੰਤ ਸਿੰਘ ਸਮੂਰਾਂ, ਰਘਵੀਰ ਸਿੰਘ ਕੌਹਰੀਆਂ, ਮਾਸਟਰ ਰੂਪ ਸਿੰਘ ਮੌੜਾਂ, ਰਾਜ ਸਿੰਘ ਦਿੜ੍ਹਬਾ, ਆਤਮਾ ਸਿੰਘ ਜਨਾਲ, ਮੇਜਰ ਸਿੰਘ ਦਿੜ੍ਹਬਾ, ਕਰਮ ਸਿੰਘ ਤੂਰਬੰਜਾਰਾ, ਮਲਕੀਤ ਸਿੰਘ ਘਨੌੜ ਰਾਜਪੂਤਾਂ, ਲੇਖ ਸਿੰਘ ਸੰਤਪੁਰਾ ਅਤੇ ਹਰਵਿੰਦਰ ਸਿੰਘ ਖਨਾਲ ਖ਼ੁਰਦ ਆਦਿ ਹਾਜ਼ਰ ਸਨ।

# ਭਾਕਿਯੂ ਉਗਰਾਹਾਂ ਦੀ ਮੀਟਿੰਗ ’ਚ ਸੰਘਰਸ਼ ਦੀ ਲਾਮਬੰਦੀ ਲਈ ਚਰਚਾ



ਪਟਿਆਲਾ (ਰਾਜਿੰਦਰ ਸਿੰਘ ਥਿੰਦ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਗਤਾਰ ਸਿੰਘ ਕਾਲਾਝਾੜ ਸੂਬਾ ਆਗੂ ਪਹੁੰਚੇ।ਆਗੂਆਂ ਵੱਲੋਂ ਜਥੇਬੰਦੀ ਢਾਂਚੇ ਨੂੰ ਮਜ਼ਬੂਤ ਕਰਨ, ਜਥੇਬੰਦੀ ਵੱਲੋਂ ਲੜੇ ਜਾ ਰਹੇ ਘੋਲ ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਕੀਤੀਆਂ ਸਰਗਰਮੀਆਂ ਦੀ ਸਮੀਖਿਆ ਕੀਤੀ ਗਈ।ਆਗੂਆਂ ਵੱਲੋਂ ਜਿਉਂਦ ਪਿੰਡ ਦੇ ਜ਼ਮੀਨੀ ਵਿਵਾਦ ਦੀ ਚਰਚਾ ਕਰਦਿਆਂ, ਸੂਬੇ ਭਰ ਵਿੱਚ ਅਬਾਦਕਾਰਾਂ ਤੇ ਹਲ਼ ਵਾਹਕਾਂ ਨੂੰ ਜ਼ਮੀਨਾਂ ਤੇ ਖੇਤੀਬਾੜੀ ਕਿੱਤੇ ਤੋਂ ਲਾਂਭੇ ਕਰਨ ਦਾ ਮਾਮਲਾ ਦੱਸਿਆ।ਇਸ ਤੋਂ ਇਲਾਵਾ ਨਵੀਂ ਖੇਤੀਬਾੜੀ ਨੀਤੀ ਦੇ ਮਾਰੂ ਤੇ ਦੋਸ਼ ਪੂਰਨ ਬਿੰਦੂਆਂ ਬਾਰੇ, ਜ਼ਿਲ੍ਹਾ ਆਗੂਆਂ ਨੂੰ ਸਮਝਾਇਆ ਗਿਆ।ਆਗੂਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ 5 ਮਾਰਚ ਤੋਂ ਚੰਡੀਗੜ੍ਹ ਵਿਖੇ ਲੱਗਣ ਵਾਲੇ ਮੋਰਚੇ ਦੀ ਤਿਆਰੀ ਵੱਜੋਂ ਬਲਾਕਾਂ ਤੇ ਪਿੰਡਾਂ ਵਿੱਚ ਵੱਡੀਆਂ ਮੀਟਿੰਗਾਂ ਕਰਕੇ, ਮੋਰਚੇ ਦੀ ਵੱਡੀ ਤਿਆਰੀ ਕਰਨ ਲਈ ਲਾਮਬੰਦੀ ਕਰਨ ਦਾ ਫ਼ੈਸਲਾ ਕੀਤਾ।

# ਬੀਐੱਫਯੂਐੱਚਐੱਸ ਦੇ ਵਾਈਸ ਚਾਂਸਲਰ ਨੂੰ ਚਾਂਸਲਰ ਡਿਸਟਿੰਗੂਇਸ਼ਡ ਲੀਡਰਸ਼ਿਪ ਐਵਾਰਡ

ਫਰੀਦਕੋਟ (ਐਲਿਗਜੈਂਡਰ ਡਿਸੂਜਾ)- ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀਐੱਫਯੂਐੱਚਐੱਸ) ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੂੰ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵੱਲੋਂ ਵੱਕਾਰੀ ਚਾਂਸਲਰ ਡਿਸਟਿੰਗੂਇਸ਼ਡ ਲੀਡਰਸ਼ਿਪ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ।ਇਹ ਪੁਰਸਕਾਰ 14 ਫਰਵਰੀ 2025 ਨੂੰ ਯੂਨੀਵਰਸਿਟੀ ਦੇ 12ਵੇਂ ਕਨਵੋਕੇਸ਼ਨ ਵਿੱਚ ਮੈਡੀਕਲ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਨੂੰ ਮਾਨਤਾ ਦੇਣ ਲਈ ਪੇਸ਼ ਕੀਤਾ ਗਿਆ। ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਪੰਜਾਬ) ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਇੱਕ ਚਲਾਕ ਪ੍ਰਸ਼ਾਸਕ ਤੇ ਇੱਕ ਜੋਸ਼ੀਲੇ ਖੋਜਕਰਤਾ ਦਾ ਸੁਮੇਲ ਹਨ।ਇਸ ਤੋਂ ਇਲਾਵਾ ਡਾ. ਸੂਦ ਨੂੰ ਐੱਸ. ਲਾਲ ਸਿੰਘ ਓਰੇਸ਼ਨ ਐਵਾਰਡ ਦਿੱਤਾ ਗਿਆ ਹੈ।ਇਸ ਕਨਵੋਕੇਸ਼ਨ ਵਿੱਚ 1,500 ਤੋਂ ਵੱਧ ਗ੍ਰੈਜੂਏਟਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਲਈ ਡਿਗਰੀਆਂ ਤੇ ਮੈਡਲ ਪ੍ਰਦਾਨ ਕੀਤੇ ਗਏ।ਇਸ ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਦੇ ਉੱਘੇ ਪਤਵੰਤੇ, ਸਿੱਖਿਆ ਸ਼ਾਸਤਰੀ ਤੇ ਚਿੰਤਕ ਸ਼ਾਮਲ ਹੋਏ।ਮਾਣਯੋਗ ਚਾਂਸਲਰ, ਡਾ. ਜ਼ੋਰਾ ਸਿੰਘ ਨੇ ਰਸਮੀ ਤੌਰ ’ਤੇ ਡਾ. ਸੂਦ ਨੂੰ ਉਨ੍ਹਾਂ ਦੀ ਪਰਿਵਰਤਨਸ਼ੀਲ ਅਗਵਾਈ, ਅਕਾਦਮਿਕ ਉੱਤਮਤਾ ਪ੍ਰਤੀ ਵਚਨਬੱਧਤਾ ਤੇ ਸਿਹਤ ਸਿੱਖਿਆ ਨੂੰ ਅੱਗੇ ਵਧਾਉਣ ਵਿੱਚ ਸ਼ਾਨਦਾਰ ਪਹਿਲਕਦਮੀਆਂ ਨੂੰ ਸਵੀਕਾਰ ਕਰਦੇ ਹੋਏ ਪੁਰਸਕਾਰ ਪ੍ਰਦਾਨ ਕੀਤਾ।ਡਾ. ਸੂਦ ਨੂੰ ਇਹ ਪੁਰਸਕਾਰ ਦੇਸ਼ ਭਗਤ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੀ ਸਿਫ਼ਾਰਸ਼ ’ਤੇ ਮੈਡੀਕਲ ਵਿਗਿਆਨ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਲਈ ਦਿੱਤਾ ਗਿਆ।ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ, ਪ੍ਰੋ. (ਡਾ.) ਰਾਜੀਵ ਸੂਦ ਨੇ ਇਹ ਸਨਮਾਨ ਪੂਰੇ ਬੀਐੱਫਯੂਐੱਚਐੱਸ ਭਾਈਚਾਰੇ ਨੂੰ ਸਮਰਪਤ ਕੀਤਾ। ਉਨ੍ਹਾਂ ਨੇ ਸਿਹਤ ਸੰਭਾਲ ਖੇਤਰ ਵਿੱਚ ਨਵੀਨਤਾ, ਹੁਨਰ ਵਿਕਾਸ ਤੇ ਸੰਪੂਰਨ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।ਇਹ ਮਾਨਤਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ’ਤੇ ਡਾਕਟਰੀ ਸਿੱਖਿਆ, ਖੋਜ ਤੇ ਸਿਹਤ ਸੰਭਾਲ ਤਰੱਕੀ ਵਿੱਚ ਇੱਕ ਮੋਹਰੀ ਸੰਸਥਾ ਵਜੋਂ ਬੀਐੱਫਯੂਐੱਚਐੱਸ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਦੀ ਹੈ।



# ਲਾਇਨਜ਼ ਕਲੱਬ ਇੰਟਰਨੈਸ਼ਨਲ ਫਾਰਚਿਊਨ ਵੱਲੋਂ ਵਿਆਹ ਸਮਾਰੋਹ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)- ਲਾਇਨਜ਼ ਕਲੱਬ ਇੰਟਰਨੈਸ਼ਨਲ ਨਿਹਾਲ ਸਿੰਘ ਵਾਲਾ ਫਾਰਚਿਊਨ ਨੇ ਪ੍ਰਧਾਨ ਲਾਇਨ ਜਤਿਨ ਸਿੰਗਲਾ ਦੀ ਅਗਵਾਈ ਵਿੱਚ ਮਾਸ ਮੈਰਿਜ ਵਿਆਹ ਸਮਾਰੋਹ ਮਨਾਇਆ।ਲਾਇਨਜ਼ ਕਲੱਬ ਦੇ ਮੈਂਬਰਾਂ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਪਹਿਲਾ ਵੱਡਾ ਪ੍ਰੋਜੈਕਟ ਹੈ।ਇਸ ਤੋਂ ਪਹਿਲਾਂ ਵੀ ਕਲੱਬ ਨੇ ਕਈ ਪ੍ਰੋਜੈਕਟ ਕੀਤੇ ਹਨ, ਜਿਵੇਂ ਕਿ ਹੰਗਰ ਪ੍ਰੋਜੈਕਟ, ਬਲੱਡ ਡੋਨੇਸ਼ਨ ਕੈਂਪ ਆਦਿ।ਕਲੱਬ ਦੇ ਮੈਂਬਰਾ ਨੇ ਦੱਸਿਆ ਕਿ ਮਹੀਨਾਵਾਰ ਮੀਟਿੰਗ ਦੇ ਵਿੱਚ ਇਹ ਪ੍ਰੋਜੈਕਟ ਉੱਪਰ ਚਰਚਾ ਹੋਈ ਸੀ ਤੇ ਫੇਰ ਜਤਿਨ ਸਿੰਗਲਾ ਨੇ ਇਸ ਪ੍ਰੋਜੈਕਟ ਉੱਪਰ ਮੋਹਰ ਲਗਾਈ ਸੀ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਇਨਜ਼ ਕਲੱਬ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਵਿੰਦਰ ਸੱਘੜ, ਲਾਇਨ ਦਵਿੰਦਰ ਸਿੰਘ ਟੂਰ ਵਿਸ਼ੇਸ਼ ਤੌਰ ’ਤੇ ਪਹੁੰਚੇ।ਇੱਸ ਮੌਕੇ ਲਾਇਨ ਹਮੀਸ਼ ਮਿੱਤਲ, ਲਾਇਨ ਕਰਨ ਜੌੜਾ, ਲਾਇਨ ਅਮਨ ਬਾਂਸਲ, ਲਾਇਨ ਸੰਜੀਵ ਗਰਗ, ਲਾਇਨ ਐਡਵੋਕੇਟ ਬਬਨ ਗੋਇਲ, ਲਾਇਨ ਮੁਨੀਸ਼ ਗਰਗ, ਲਾਇਨ ਪ੍ਰਿੰਸ ਗਰਗ, ਲਾਇਨ ਸਵੀਨ ਗਰਗ, ਲਾਇਨ ਗੌਤਮ ਗਰਗ, ਲਾਇਨ ਅਰੁਣ ਮਿੱਤਲ, ਲਾਇਨ ਹਨਿਸ਼ ਬਾਂਸਲ, ਲਾਇਨ ਮੋਹਿਤ ਸਿੰਗਲਾ, ਲਾਇਨ ਰਾਹੁਲ ਜਿੰਦਲ, ਲਾਇਨ ਸਨੀ ਸਿੱਧੂ, ਲਾਇਨ ਸ਼ੁਭਮ ਸਿੰਗਲਾ, ਲਾਇਨ ਪੀਯੂਸ਼ ਗਰਗ, ਲਾਇਨ ਜਸਪ੍ਰੀਤ ਸਿੰਘ, ਲਾਇਨ ਕਰਨਵੀਰ ਧਾਲੀਵਾਲ, ਲਾਇਨ ਹੈਪੀ ਬਾਂਸਲ, ਲਾਇਨ ਵਿਵੇਕ ਗਰਗ ਆਦਿ ਹਾਜ਼ਰ ਸਨ। ਇਸ ਮੌਕੇ ਸਾਬਕਾ ਪ੍ਰਧਾਨ ਇੰਦਰਜੀਤ ਗਰਗ, ਖਣਮੁਖ ਭਾਰਤੀ, ਬਰਿੰਦਰ ਸ਼ਰਮਾ, ਹਰੀ ਖਾਈ, ਪਰਮਿੰਦਰ ਡਿੰਪਲ, ਰਮੇਸ਼ ਗਰਗ ਕਾਲੂ ਵੀ ਹਾਜ਼ਰ ਰਹੇ।ਇਸ ਮੌਕੇ ਮੁੱਖ ਮਹਿਮਾਨ ਰਵਿੰਦਰ ਸੱਘੜ ਨੇ ਦੱਸਿਆ ਕਿ ਉਹ ਹਰ ਸਮੇਂ ਕਲੱਬ ਨਾਲ ਖੜ੍ਹੇ ਹਨ ਤੇ ਲੋੜ ਪੈਣ ’ਤੇ ਕਲੱਬ ਮੈਂਬਰ ਬੇਝਿਜਕ ਹੋ ਕੇ ਫ਼ੋਨ ਕਰਨ।ਉਨ੍ਹਾ ਦੱਸਿਆ ਕਿ ਇਹ ਸਮਾਗਮ ਮੰਡੀ ਨਿਵਾਸੀਆਂ ਦੇ ਸਹਿਜੋਗ ਨਾਲ ਹੀ ਸਫਲ ਹੋਇਆ ਹੈ।



# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਏਡਜ਼ ਬਾਰੇ ਕੀਤਾ ਜਾਗਰੂਕ



ਦੋਰਾਹਾ (ਹਰਮਿੰਦਰ ਸੇਠ) : ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਰੈੱਡ ਰਿਬਨ ਕਲੱਬ ਤੇ ਐੱਨ ਐੱਸ ਐੱਸ ਵੱਲੋਂ ਸੀ. ਐੱਚ. ਸੀ. ਪਾਇਲ ਦੇ ਸਹਿਯੋਗ ਨਾਲ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੁਆਰਾ ਏਡਜ਼ ਤੇ ਐੱਚ ਆਈ ਵੀ ਬਾਰੇ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਇੱਕ ਨੁੱਕੜ ਨਾਟਕ ਕੀਤਾ ਗਿਆ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਡੀਨ ਪਾਸਾਰ ਗਤੀਵਿਧੀਆਂ ਡਾ. ਲਵਲੀਨ ਬੈਂਸ ਦੀ ਅਗਵਾਈ ਵਿੱਚ ਕਰਵਾਈ ਗਈ ਇਸ ਜਾਗਰੂਕਤਾ ਗਤੀਵਿਧੀ ਦੌਰਾਨ ਸੀ ਐੱਚ ਸੀ ਪਾਇਲ ਤੋਂ ਸਿਵਲ ਸਰਜਨ ਡਾ. ਪ੍ਰਦੀਪ ਮੋਹਿੰਦਰਾ ਤੇ ਐੱਸ ਐੱਮ ਓ ਪਾਇਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਪਹੁੰਚੀ ਟੀਮ ਦੁਆਰਾ ਕਾਲਜ ਵਿਦਿਆਰਥੀਆਂ ਨੂੰ ਏਡਜ਼ ਪ੍ਰਤੀ ਜਾਗਰੂਕਤਾ ਪੈਦਾ ਕਰਦਾ ਇੱਕ ਨੁੱਕੜ ਨਾਟਕ ਦਿਖਾਇਆ ਗਿਆ। ਇਸ ਨਾਟਕ ਉਪਰੰਤ ਟੀਮ ਨਾਲ ਪਹੁੰਚੇ ਹੋਮਿਓਪੈਥੀ ਡਿਸਪੈਂਸਰ ਸ੍ਰੀ ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਏਡਜ਼ ਦੇ ਕਾਰਨਾਂ, ਲੱਛਣਾਂ ਤੇ ਐੱਚ ਆਈ ਵੀ ਤੋਂ ਬਚਣ ਲਈ ਸਾਵਧਾਨੀਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ।ਇਸ ਮੌਕੇ ਕਾਲਜ ਵੱਲੋਂ ਨੁੱਕੜ ਨਾਟਕ ਟੀਮ ਤੇ ਸਿਹਤ ਵਿਭਾਗ ਤੋਂ ਪਹੁੰਚੀ ਸਮੁੱਚੀ ਟੀਮ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਮੰਚ ਸੰਚਾਲਨ ਦੀ ਭੂਮਿਕਾ ਡਾ. ਲਵਲੀਨ ਬੈਂਸ ਦੁਆਰਾ ਨਿਭਾਈ ਗਈ।ਇਸ ਮੌਕੇ ਕਾਊਂਸਲਰ ਸ੍ਰੀਮਤੀ ਅਮਨਪ੍ਰੀਤ ਕੌਰ, ਲਿੰਕ ਵਰਕਰ ਸ੍ਰੀਮਤੀ ਸੁਖਵਿੰਦਰ ਕੌਰ, ਐੱਮ ਐੱਲ ਟੀ ਸ਼ੇਖਰ, ਪ੍ਰੋ. ਰਣਜਤੀ ਕੌਰ, ਪ੍ਰੋ. ਅਮਨਦੀਪ ਚੀਮਾ, ਪ੍ਰੋ. ਨਿਧੀ ਸਰੂਪ, ਪ੍ਰੋ. ਦੀਪਾਲੀ, ਪ੍ਰੋ. ਦੀਪਿਕਾ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸਨਦੀਪ ਸਿੰਘ ਹੁੰਦਲ, ਕੁਲਵੰਤ ਸਿੰਘ, ਜਰਨੈਲ ਸਿੰਘ ਤੇ ਗੁਰਪ੍ਰੀਤ ਸਿੰਘ (ਲੈਬ) ਹਾਜ਼ਰ ਸਨ।

# ਐੱਮ ਐੱਲ ਬੀ ਫਾਊਂਡੇਸ਼ਨ ਵੱਲੋਂ ‘ਉਮੀਦ’ ਪਲੇਟਫਾਰਮ ਦੀ ਸ਼ੁਰੂਆਤ

**ਮੁਫ਼ਤ ਕੋਚਿੰਗ ਰਾਹੀਂ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੀ ਤਿਆਰੀ ਦਾ ਸੁਨਹਿਰਾ ਮੌਕਾ ਮਿਲੇਗਾ**

ਫਿਰੋਜ਼ਪੁਰ (ਅਸ਼ੋਕ ਸ਼ਰਮਾ)- ਐੱਮ.ਐੱਲ.ਬੀ. ਫਾਊਂਡੇਸ਼ਨ ਨੇ ਸਰਕਾਰੀ ਨੌਕਰੀ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਆਪਣੇ ਨਵੇਂ ਪਲੇਟਫਾਰਮ ‘ਉਮੀਦ’ ਦੀ ਸ਼ੁਰੂਆਤ ਕੀਤੀ ਹੈ।ਇਸ ਪਹਿਲ ਦੇ ਤਹਿਤ ਵੱਖ-ਵੱਖ ਮੁਕਾਬਲੇਕਾਰੀ ਇਮਤਿਹਾਨਾਂ ਦੀ ਮੁਫ਼ਤ ਕੋਚਿੰਗ ਪ੍ਰਦਾਨ ਕੀਤੀ ਜਾਵੇਗੀ। ਫਾਊਂਡੇਸ਼ਨ ਦੇ ਉਪ ਪ੍ਰਧਾਨ ਡਾ. ਐੱਸ. ਐੱਨ. ਰੁੱਦਰਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ‘ਉਮੀਦ’ ਦਾ ਉਦੇਸ਼ ਯੋਗ ਵਿਦਿਆਰਥੀਆਂ ਨੂੰ ਸ਼ਕਤੀਸ਼ਾਲੀ ਬਣਾਉਣਾ ਤੇ ਉਨ੍ਹਾਂ ਨੂੰ ਐੱਸ ਐੱਸ ਸੀ, ਬੈਂਕਿੰਗ, ਡਾਕ ਵਿਭਾਗ, ਐੱਨਡੀਏ, ਐੱਫਸੀਆਈ, ਰੇਲਵੇ ਬੋਰਡ ਤੇ ਫੌਜ ਵਰਗੀਆਂ ਪ੍ਰਤਿਸ਼ਠਿਤ ਪ੍ਰੀਖਿਆਵਾਂ ਵਿੱਚ ਕਾਮਯਾਬ ਹੋਣ ਵਿੱਚ ਸਹਾਇਤਾ ਕਰਨੀ ਹੈ।ਇਹ ਕੋਚਿੰਗ ਵਿਵੇਕਾਨੰਦ ਜੂਨੀਅਰ ਸਕੂਲ (ਇੱਕ ਪ੍ਰਾਇਮਰੀ ਵਿਦਿਆਲਯ) ਵਿੱਚ ਚਲਾਈ ਜਾਵੇਗੀ। ਦਾਖ਼ਲਾ ਸੀਮਤ ਸੀਟਾਂ ਦੇ ਆਧਾਰ ’ਤੇ ਹੋਵੇਗਾ, ਜਿਸ ਲਈ ਚੋਣ ਪ੍ਰੀਖਿਆ ਲਗਾਈ ਜਾਵੇਗੀ।ਇਸ ਪਹਿਲ ਦੀ ਸ਼ੁਰੂਆਤ 17 ਫ਼ਰਵਰੀ 2025 (ਸੋਮਵਾਰ) ਦੇਰ ਸ਼ਾਮ ਵਿਵੇਕਾਨੰਦ ਜੂਨੀਅਰ ਸਕੂਲ ਫਿਰੋਜ਼ਪੁਰ ਵਿੱਚ ਹੋਈ, ਜਿਸ ਵਿੱਚ ਮੁੱਖ ਮਹਿਮਾਨ ਸ੍ਰੀਮਤੀ ਦਿਵਿਆ ਪੀ, ਸਬ-ਡਵੀਜ਼ਨ ਮੈਜਿਸਟ੍ਰੇਟ ਫਿਰੋਜ਼ਪੁਰ ਨੇ ਸ਼ੋਭਾ ਵਧਾਈ।ਪਰਿਯੋਜਨਾ ਇੰਚਾਰਜ ਵਜੋਂ ਦਵਿੰਦਰ ਸ਼ਰਮਾ ਦੀ ਨਿਯੁਕਤੀ ਕੀਤੀ ਗਈ ਹੈ, ਜਦਕਿ ਸਰਬਜੀਤ ਸਿੰਘ ਭਾਵੜਾ ਤੇ ਮਲਕੀਤ ਸਿੰਘ ਸਹਿ-ਇੰਚਾਰਜ ਵਜੋਂ ਆਪਣਾ ਯੋਗਦਾਨ ਦੇਣਗੇ।ਇਸ ਮੌਕੇ ਮੋਹਨ ਲਾਲ ਭਾਸਕਰ ਐਜੂਕੇਸ਼ਨਲ ਸੋਸਾਇਟੀ ਤੇ ਫਾਊਂਡੇਸ਼ਨ ਦੇ ਸਰਪ੍ਰਸਤ ਪ੍ਰਭਾ ਭਾਸਕਰ, ਜੈਨਿਸਸ ਡੈਂਟਲ ਕਾਲਜ ਦੇ ਸਹਿ-ਚੇਅਰਮੈਨ ਗਗਨਦੀਪ ਸਿੰਘਲ (ਸੀ.ਏ.), ਜਨਰਲ ਸੈਕਟਰੀ ਡਾ. ਗੌਰਵ ਸਾਗਰ ਭਾਸਕਰ, ਝਲਕੇਸ਼ਵਰ ਭਾਸਕਰ, ਪਰਮਵੀਰ ਸ਼ਰਮਾ, ਵਿਪਨ ਸ਼ਰਮਾ, ਮਹੀਮਾ ਕਪੂਰ, ਸ਼ਿਪਰਾ ਨਰੂਲਾ, ਅਮਰਜੀਤ ਸਿੰਘ ਭੋਗਲ, ਪ੍ਰੋ. ਗੁਰਤੇਜ ਕੁਹਾਰਵਾਲਾ, ਅਮਨ ਦਿਉੜਾ, ਅਮਿਤ ਧਵਨ, ਹਰਸ਼ ਭੋਲਾ, ਹਰਸ਼ ਅਰੋੜਾ, ਕਮਲ ਦ੍ਰਵਿਡ, ਸੰਤੋਖ ਸਿੰਘ ਤੇ ਸ਼ਲੇਂਦਰ ਭੱਲਾ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।




# ਸ੍ਰੀ ਦੁਰਗਾ ਸੇਵਾ ਦਲ ਵੱਲੋਂ ਮਾਂ ਭਗਵਤੀ ਦੀ ਚੌਕੀ

ਸੰਗਰੂਰ (ਪ੍ਰਵੀਨ ਸਿੰਘ)- ਪ੍ਰਧਾਨ ਅਰੂਪ ਸਿੰਗਲਾ ਦੀ ਅਗਵਾਈ ਹੇਠ ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵਿਖੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਲਈ ਚਲਾਏ ਜਾ ਰਹੇ ਲੰਗਰ ਦੇ 21 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਸ਼ਕਤੀ ਭਵਨ ਮੰਦਰ ਸ੍ਰੀ ਮਹਾਂਕਾਲੀ ਦੇਵੀ ਜੀ ਵਿਖੇ ਮਾਂ ਭਗਵਤੀ ਜੀ ਦੀ ਵਿਸ਼ਾਲ ਚੌਕੀ ਕਰਵਾਈ ਗਈ, ਜਿਸ ਵਿੱਚ ਪੰਡਿਤ ਵਿਸ਼ਵਾਮਿੱਤਰ ਐਂਡ ਪਾਰਟੀ ਨੇ ਨਿਸ਼ਕਾਮ ਸੇਵਾ ਦੇ ਨਾਲ ਮਾਂ ਭਗਵਤੀ ਜੀ ਦਾ ਗੁਣਗਾਨ ਕੀਤਾ।ਇਸ ਮੌਕੇ ਸੰਸਥਾ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਦੱਸਿਆ ਕਿ ਇਸ ਮੌਕੇ ਮਹੰਤ ਰਵੀ ਗਿਰ ਜੀ ਖੇੜੀ ਵਾਲੇ ਨੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ। ਜੋੜਿਆਂ ਤੇ ਲੰਗਰ ਦੀ ਸੇਵਾ ਹਨੂੰਮਾਨ ਮੰਦਰ ਕਮੇਟੀ ਵੱਲੋਂ ਕੀਤੀ ਗਈ। ਇਸ ਮੌਕੇ ਸੰਸਥਾ ਵੱਲੋਂ ਮਹਾਂਕਾਲੀ ਮੰਦਰ ਕਮੇਟੀ, ਸ਼੍ਰੀ ਸ਼ਿਵ ਭੋਲੇ ਪੈਦਲ ਯਾਤਰਾ ਮੰਡਲੀ ਸੰਗਰੂਰ, ਜੈ ਬਾਬਾ ਬਰਫਾਨੀ ਅਮਰਨਾਥ ਲੰਗਰ ਕਮੇਟੀ ਦਾ ਵੀ ਧੰਨਵਾਦ ਕੀਤਾ ਗਿਆ। ਇਸ ਮੌਕੇ ਸ੍ਰੀ ਦੇਵੀ ਸਿੰਗਲਾ, ਡਾ. ਪੰਕਜ ਗੁਪਤਾ, ਸੰਜੇ ਗੁਪਤਾ, ਸੁਰਿੰਦਰ ਗੁਪਤਾ, ਮਨੋਜ ਬਾਂਸਲ, ਅਨਿਲ ਗੋਇਲ, ਗੋਪਾਲ ਦਾਸ ਗੋਇਲ, ਉਦੇਸ਼ ਕੁਮਾਰ, ਕੈਲਾਸ਼ ਬਾਂਸਲ, ਰੌਸ਼ਨ ਅਗਰਵਾਲ, ਵੇਦ ਪ੍ਰਕਾਸ਼ ਸਿੰਗਲਾ, ਸਤਪਾਲ ਸਿੰਗਲਾ, ਡਿੰਪੀ ਜਿੰਦਲ, ਸੁਮਿਤ ਗੋਇਲ, ਪਵਨ ਕੁਮਾਰ, ਗੋਬਿੰਦ ਲਾਲ, ਵਿਜੇ ਸਿੰਗਲਾ, ਪਵਨ ਬਾਂਸਲ, ਗੁਰਮੀਤ ਸਿੰਘ, ਗੋਬਿੰਦਰ ਸ਼ਰਮਾ, ਬਿੰਨੂ ਸਿੰਗਲਾ, ਰਵੀ ਜਿੰਦਲ, ਵਿਨੋਦ ਗੋਇਲ, ਰੋਸ਼ਨ ਕੁਮਾਰ, ਪ੍ਰੇਮ ਗਰਗ, ਵਿਕਰਮ ਗੋਇਲ, ਸੰਜੀਵ ਕੁਮਾਰ, ਮਹੰਤ ਪੰਕਜ, ਚਮਕੌਰ ਸਿੰਘ, ਵਿਜੇ ਕਾਂਤ ਹਾਜ਼ਰ ਸਨ।



# ਪੁਲੀਆਂ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਉਣ ਲਈ ਬਰਸਟ ਦਾ ਕੀਤਾ ਧੰਨਵਾਦ



ਸਮਾਣਾ, (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਪੰਜਾਬ ਦੀਆਂ ਮੰਡੀਆਂ ਤੇ ਪੇਂਡੂ ਖੇਤਰਾਂ ਦਾ ਵਿਕਾਸ ਜ਼ੋਰਾਂ ਨਾਲ ਹੋ ਰਿਹਾ ਹੈ।ਇਸੇ ਲੜੀ ਤਹਿਤ ਫ਼ਤਿਹਗੜ੍ਹ ਛੰਨਾਂ ਤੋਂ ਤਲਵੰਡੀ ਮਲਿਕ ਲਿੰਕ ਰੋਡ ’ਤੇ 2 ਪੁਲੀਆਂ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਇਆ ਗਿਆ ਹੈ।ਇਨ੍ਹਾਂ ਪੁਲੀਆਂ ਦੇ ਨਿਰਮਾਣ ਦਾ ਕਾਰਜ ਸ਼ੁਰੂ ਹੋਣ ਨਾਲ ਪਿੰਡ ਵਾਸੀ ਬਹੁਤ ਖੁਸ਼ ਹਨ।ਇਸਦੇ ਚੱਲਦਿਆਂ ਪਿੰਡ ਵਾਸੀਆਂ ਵੱਲੋਂ ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕਰਨ ਲਈ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵੱਜੋਂ ਪਹੁੰਚੇ ਬਰਸਟ ਦਾ ਪਿੰਡ ਵਾਸੀਆਂ ਵੱਲੋਂ ਸਨਮਾਨ ਕੀਤਾ ਗਿਆ ਅਤੇ 43 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਨ੍ਹਾਂ 3 ਮੀਟਰ ਸਪੈਨ ਸਕਿਊ ਟਾਈਪ ਪੁਲੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰਾਉਣ ਲਈ ਧੰਨਵਾਦ ਕੀਤਾ ਗਿਆ। ਪਿਛਲੇ ਲੰਬੇ ਸਮੇਂ ਤੋਂ ਇੱਥੇ ਪੁਲੀ ਨਾ ਹੋਣ ਕਰਕੇ ਪਿੰਡ ਵਾਸੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ, ਜਿਸ ਕਾਰਨ ਪਿੰਡ ਵਾਸੀਆਂ ਵੱਲੋਂ ਪੁਲੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ।ਬਰਸਟ ਵੱਲੋਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਪੁਲੀਆਂ ਨੂੰ ਬਣਵਾਉਣ ਦਾ ਕਾਰਜ ਸ਼ੁਰੂ ਕਰਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪੁਲੀਆਂ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਆਸਾਨੀ ਹੋ ਜਾਵੇਗੀ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਬਿਹਤਰੀ ਤੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਅਤੇ ਪਿੰਡਾਂ ਦੇ ਵਿਕਾਸ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਉਨ੍ਹਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

# ਕਿਸਾਨ ਦੇ ਖੇਤ ’ਚੋਂ ਮਿਲਿਆ ਪੀ ਆਈ ਏ ਲਿਖਿਆ ਪਾਕਿਸਤਾਨੀ ਗੁਬਾਰਾ

ਸਿਰਸਾ (ਸੁਰਿੰਦਰਪਾਲ ਸਿੰਘ) ਪਿੰਡ ਬਿੱਜੂਵਾਲੀ ਵਿੱਚ ਇੱਕ ਕਿਸਾਨ ਦੇ ਖੇਤ ਵਿੱਚੋਂ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀਆਈਏ) ਲਿਖਿਆ ਇੱਕ ਗੁਬਾਰਾ ਮਿਲਣ ਨਾਲ ਇਲਾਕੇ ਵਿੱਚ ਹਲਚਲ ਮਚ ਗਈ। ਪਿੰਡ ਬਿੱਜੂਵਾਲੀ ਦਾ ਕਿਸਾਨ ਬੰਟੀ ਮਹਿੰਦੀਰੱਤਾ ਜਦੋ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਸੀ ਤਾਂ ਇਸ ਦੌਰਾਨ ਉਸ ਨੇ ਆਪਣੀ ਫ਼ਸਲ ਵਿਚ ਇੱਕ ਗੁਬਾਰਾ ਦੇਖਿਆ, ਜਿਸ ਉਤੇ ਪੀ ਆਈ ਏ ਲਿਖਿਆ ਹੋਇਆ ਸੀ, ਜਿਵੇਂ ਹੀ ਉਸਨੇ ਗੁਬਾਰਾ ਦੇਖਿਆ ਤਾਂ ਉਸ ਨੇ ਤੁਰੰਤ ਪਿੰਡ ਦੇ ਸਰਪੰਚ ਨੂੰ ਸੂਚਿਤ ਕੀਤਾ।ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਸਰਪੰਚ ਨੇ ਪੁਲਸ ਨੂੰ ਸੂਚਿਤ ਕੀਤਾ।ਪੁਲਸ ਟੀਮ ਮੌਕੇ ਤੇ ਪਹੁੰਚੀ ਤੇ ਗੁਬਾਰੇ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ।ਜਿਵੇਂ ਹੀ ਘਟਨਾ ਦੀ ਜਾਣਕਾਰੀ ਫੈਲੀ, ਨੇੜਲੇ ਇਲਾਕਿਆਂ ਦੇ ਲੋਕ ਗੁਬਾਰੇ ਨੂੰ ਦੇਖਣ ਲਈ ਇਕੱਠੇ ਹੋ ਗਏ।ਪੁਲਸ ਹੁਣ ਗੁਬਾਰੇ ਦੀ ਜਾਂਚ ਕਰ ਰਹੀ ਹੈ।ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਗੁਬਾਰਾ ਕਿੱਥੋਂ ਆਇਆ ਤੇ ਇਸਦਾ ਕੀ ਮਕਸਦ ਸੀ ?

# ਗੁਰਦੁਆਰਾ ਕਾਲਾਮਾਲਾ ਸਾਹਿਬ ਛਾਪਾ ’ਚ ਸਾਲਾਨਾ ਜੋੜ ਮੇਲਾ ਮਨਾਇਆ

ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ) ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ (ਬਰਨਾਲਾ) ਵਿਖੇ ਸਾਲਾਨਾ ਧਾਰਮਿਕ ਜੋੜ ਮੇਲਾ ਗੁਰਦੁਆਰਾ ਕਾਲਾਮਾਲਾ ਸਾਹਿਬ ਕਮੇਟੀ ਦੀ ਅਗਵਾਈ ਹੇਠ ਸਮੂਹ ਸਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਅਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਜੱਸਾ ਸਿੰਘ ਆਹਲੂਵਾਲੀਆ ਗੁਰਮਿਤ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਦੇ ਰਾਗੀ ਜਥੇ, ਭਾਈ ਹਰਭਜਨ ਸਿੰਘ ਪੰਜਗਰਾਈਆਂ, ਭਾਈ ਜਸਵਿੰਦਰ ਸਿੰਘ ਮਿੱਠੇਵਾਲ, ਭਾਈ ਰਾਜਿੰਦਰ ਸਿੰਘ ਕਾਤਰੋਂ, ਭਾਈ ਪੰਥਪ੍ਰੀਤ ਸਿੰਘ ਕਾਤਰੋਂ ਦੇ ਰਾਗੀ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਮਾਣਕੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਗੁਰਦੁਆਰਾ ਕਾਲਾਮਾਲਾ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਸੱਚਖੰਡ ਵਾਸੀ ਬਾਬਾ ਮੱਲ ਸਿੰਘ ਕਾਲਾਮਾਲਾ ਸਾਹਿਬ ਤੇ ਸੰਤ ਜਸਵੀਰ ਸਿੰਘ ਖ਼ਾਲਸਾ ਕਾਲਾਮਾਲਾ ਸਾਹਿਬ ਵਲੋਂ ਲੰਬੇ ਸਮੇਂ ਤੋਂ ਚਲਾਈ ਗਈ ਪ੍ਰੰਪਰਾ ਅਨੁਸਾਰ ਇਸ ਅਸਥਾਨ ਉਪਰ ਧਾਰਮਿਕ ਸਮਾਗਮ ਕਰਾ ਕੇ ਸੰਗਤਾਂ ਨੂੰ ਗੁਰਸਿੱਖੀ ਨਾਲ ਜੋੜਣ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ। ਪ੍ਰਬੰਧਕਾਂ ਵੱਲੋਂ ਰਾਗੀ ਜਥਿਆਂ, ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਬਾਬਾ ਵਰਿਆਮ ਸਿੰਘ, ਬਾਬਾ ਗੁਰਦੇਵ ਸਿੰਘ ਕਾਰ ਸੇਵਾ ਵਾਲਿਆਂ ਨੇ ਇਸ ਅਸਥਾਨ ਉਪਰ ਲੰਗਰ ਹਾਲ, ਦੀਵਾਨ ਹਾਲ ਦੀ ਚੱਲ ਰਹੀ ਕਾਰ ਸੇਵਾ ਵਿਚ ਸਮੂਹ ਸੰਗਤਾਂ ਨੂੰ ਤਨ, ਮਨ, ਧਨ, ਨਾਲ ਸਹਿਯੋਗ ਦੇਣ ਦੀ ਅਪੀਲ ਕੀਤੀ।



# ‘ਮੇਲਾ ਗੀਤਕਾਰਾਂ ਦਾ’ ਲਈ ਗੀਤਕਾਰਾਂ ’ਚ ਭਾਰੀ ਉਤਸ਼ਾਹ : ਗਾਮਾ ਸਿੱਧੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਆਉਂਦੀ 22 ਫਰਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਗੀਤਕਾਰਾਂ ਦਾ ਮੇਲਾ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਸੰਸਾਰ ’ਚ ਪਹਿਲੀ ਵਾਰ ਗੀਤਾਂ ਦੇ ਰਚੇਤਾ ਇਕੱਠੇ ਹੋ ਕੇ ਜਿੱਥੇ ਰਿਸ਼ਤੇ ਮਜ਼ਬੂਤ ਕਰਨਗੇ, ਉਥੇ ਗੀਤਕਾਰਾਂ ਦੀਆਂ ਮੁਸ਼ਕਲਾਂ ਤੇ ਰੌਇਲਟੀ ਦੀ ਵੀ ਗੱਲ ਹੋਵੇਗੀ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੀਤਕਾਰ, ਐਕਟਰ, ਡਾਇਰੈਕਟਰ ਤੇ ਐਂਕਰ ਗਾਮਾ ਸਿੱਧੂ ਨੇ ਕੀਤਾ।ਜਾਣਕਾਰੀ ਸਾਂਝੀ ਕਰਦੇ ਹੋਏ ਗਾਮਾ ਸਿੱਧੂ ਨੇ ਕਿਹਾ ਕਿ ਪ੍ਰਸਿੱਧ ਗੀਤਕਾਰ ਦੇਵ ਥਰੀਕੇ ਵਾਲਾ ਨੂੰ ਸਮਰਪਤ ਇਹ ਪਹਿਲਾ ‘ਮੇਲਾ ਗੀਤਕਾਰਾਂ ਦਾ’ ਨੂੰ ਮਨਾਉਣ ਦਾ ਸਿਹਰਾ ਗੀਤਕਾਰ ਭੱਟੀ ਭੜੀ ਵਾਲਾ ਨੂੰ ਜਾਂਦਾ ਹੈ, ਜਿਨ੍ਹਾਂ ਦੀ ਮੇਹਨਤ ਸਦਕਾ ਪੰਜਾਬ ਦੇ ਗੀਤਕਾਰ ਇੱਕ ਮੰਚ ’ਤੇ ਇਕੱਠੇ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਜਰਨੈਲ ਘੁੰਮਾਣ, ਗੁਰਭਜਨ ਗਿੱਲ, ਨਿਰਮਲ ਜੌੜਾ, ਕਰਨੈਲ ਸਿਵੀਆ ਵਰਗੇ ਲੋਕ ਮੇਲੇ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰ ਰਹੇ ਹਨ।ਗਾਮਾ ਸਿੱਧੂ ਨੇ ਇਹ ਵੀ ਆਖਿਆ ਕਿ ਮੇਲੇ ਵਿੱਚ ਪੰਜਾਬ ਭਰ ਤੋਂ ਇੱਕ ਹਜ਼ਾਰ ਦੇ ਕਰੀਬ ਗੀਤਕਾਰਾਂ ਦੇ ਆਉਣ ਦੀ ਸੰਭਾਵਨਾ ਹੈ।ਉਨ੍ਹਾ ਕਿਹਾ ਕਿ ਗੀਤਕਾਰਾਂ ਨੂੰ ਆਉਂਦੀਆਂ ਮੁਸ਼ਕਲਾਂ ਦੇ ਹੱਲ ਦੀ ਚਰਚਾ ਹੋਵੇਗੀ ਨਾਲ ਹੀ ਗੀਤਾਂ ਦੀ ਰੌਇਲਟੀ ਵਾਸਤੇ ਵੱਧ ਤੋਂ ਵੱਧ ਗੀਤਕਾਰਾਂ ਨੂੰ ਆਈ ਪੀ ਆਰ ਐੱਸ ਸੰਸਥਾ ਨਾਲ ਜੁੜਨ ਲਈ ਪ੍ਰੇਰਿਆ ਜਾਵੇਗਾ।ਮੇਲੇ ਵਿੱਚ ਸੀਨੀਅਰ ਤੇ ਜੂਨੀਅਰ ਗੀਤਕਾਰ ਇਕੱਠੇ ਹੋਣਗੇ, ਜਿਸ ਨਾਲ ਨਵੇਂ ਗੀਤਕਾਰਾਂ ਨੂੰ ਪ੍ਰੇਰਣਾ ਮਿਲਣਾ ਸੁਭਾਵਿਕ ਹੈ। ਇਸ ਮੌਕੇ ਗੀਤਕਾਰ ਗਿੱਲ ਗੁਲਾਮੀ ਵਾਲਾ, ਗੁਰਜੰਟ ਭੁੱਲਰ, ਕਮਲ ਦ੍ਰਾਵਿੜ, ਪ੍ਰੀਤ ਮਾਣੇਵਾਲੀਆ, ਪ੍ਰੋ. ਕੁਲਬੀਰ ਮਲਿਕ, ਮਹਾਂਵੀਰ ਝੋਕ, ਸੰਧੂ ਸੁੱਧੇ ਵਾਲਾ ਆਦਿ ਗੀਤਕਾਰ ਹਾਜ਼ਰ ਸਨ।



# ਰਾਜੀਵ ਹਸਪਤਾਲ ’ਚ ਐੱਮ ਡੀ ਮੈਡੀਸਨ ਵਜੋਂ ਡਾ. ਅਨਿਰੁਧ ਗੁਪਤਾ ਨੇ ਸੰਭਾਲਿਆ ਅਹੁਦਾ

ਮੋਗਾ, ਬਾਘਾਪੁਰਾਣਾ (ਇਕਬਾਲ ਖਹਿਰਾ, ਮਨੀ ਸਿਗਲਾ)

ਫਿਰੋਜ਼ਪੁਰ ਰੋਡ ’ਤੇ ਰਾਜੀਵ ਹਸਪਤਾਲ ਵਿੱਚ ਐਮ.ਬੀ.ਬੀ.ਐਸ ਡਾ. ਅਨਿਰੁਧ ਗੁਪਤਾ ਵੱਲੋਂ ਐਮ.ਡੀ.ਮੈਡੀਸ਼ਨ ਦੇ ਤੌਰ ’ਤੇ ਅਹੁਦਾ ਸੰਭਾਲਿਆ ਗਿਆ।ਡਾ. ਅਨਿਰੁਧ ਗੁਪਤਾ ਵੱਲੋਂ ਆਹੁਦਾ ਸੰਭਾਲਣ ’ਤੇ ਡਾ. ਰਾਜੀਵ ਗੁਪਤਾ ਤੇ ਸਮੂਹ ਹਸਪਤਾਲ ਦੇ ਸਟਾਫ਼ ਵੱਲੋਂ ਉਨ੍ਹਾਂ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ।ਹਸਪਤਾਲ ਦੇ ਮਾਲਕ ਡਾ. ਰਾਜੀਵ ਗੁਪਤਾ ਨੇ ਕਿਹਾ ਕਿ ਡਾ. ਅਨਿਰੁਧ ਗੁਪਤਾ ਜੋ ਐਮ.ਬੀ.ਬੀ.ਐਸ ਡਾਕਟਰ ਹਨ ਤੇ ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰ ਹਨ, ਇਨ੍ਹਾਂ ਵੱਲੋਂ ਜੁਆਇੰਨ ਕਰਨ ਨਾਲ ਜਿੱਥੇ ਮੋਗਾ ਜ਼ਿਲ੍ਹੇ ਦੇ ਲੋਕਾਂ ਦੇ ਇਲਾਵਾ ਆਸ-ਪਾਸ ਦੇ ਇਲਾਕਿਆਂ ਦੇ ਪਿੰਡ ਦੇ ਲੋਕਾਂ ਨੂੰ ਹੁਣ ਲੁਧਿਆਣਾ ਜਾਂ ਚੰਡੀਗੜ੍ਹ ਵਿਖੇ ਜਾਣ ਦੀ ਲੋੜ ਨਹੀਂ। ਡਾ. ਅਨਿਰੁਧ ਗੁਪਤਾ ਨੇ ਡਾ. ਰਾਜੀਵ ਗੁਪਤਾ ਸਮੇਤ ਸਮੂਹ ਸਟਾਫ਼ ਦਾ ਉਨ੍ਹਾਂ ਨੂੰ ਦਿੱਤੇ ਗਏ ਮਾਨ ਸਨਮਾਨ ਦੇ ਲਈ ਧੰਨਵਾਦ ਕੀਤਾ।ਡਾ. ਰਾਜੀਵ ਗੁਪਤਾ ਨੇ ਦੱਸਿਆ ਕਿ ਡਾ. ਅਨਿਰੁਧ ਗੁਪਤਾ ਸ਼ੂਗਰ, ਬੀ.ਪੀ ਦਾ ਆਧੁਨਿਕ ਇਲਾਜ, ਥਾਇਰਡ ਅਤੇ ਮੋਟਾਪੇ ਦਾ ਇਲਾਜ, ਗੈਸ ਅਤੇ ਤੇਜ਼ਾਬ ਬਣਨਾ, ਜੋੜਾਂ ਦਾ ਦਰਦ ਅਤੇ ਅਰਥਰਾਇਟਿਸ, ਪੇਟ ਵਿਚ ਪਾਣੀ ਭਰਨਾ, ਕਾਲੇ ਪੀਲੀਆ ਦਾ ਬਿਨਾਂ ਟੀਕੇ ਤੋਂ ਪੱਕਾ ਇਲਾਜ, ਉਲਟੀ ਜਾਂ ਲੈਟਰੀਨ ਵਿਚ ਖੂਨ ਆਉਣਾ, ਡੇਂਗੂ/ਚਿਕਨਗੁਨੀਆ ਬੁਖਾਰ ਦਾ ਇਲਾਜ, ਦਿਲ ਦਾ ਦੌਰਾ ਅਤੇ ਧੜਕਨ ਦਾ ਵੱਧਣਾ, ਫੈਟੀ ਲਿਵਰ, ਪੈਰਾਂ ਦੀ ਸੋਜਿਸ਼, ਪਿਸ਼ਾਬ ਘੱਟ ਆਉਣਾ, ਗੁਰਦੇ ਦਾ ਘੱਟ ਕੰਮ ਕਰਨਾ, ਮਿਰਗੀ ਦਾ ਦੌਰਾ ਅਤੇ ਅਧਰੰਗ, ਦਿਮਾਗ ਦੀ ਨਾੜੀ ਫੱਟ ਜਾਣਾ, ਨਸ਼ਾ ਦਾ ਕਮਜ਼ੋਰੀ, ਅਸਥਮਾ, ਸਾਹ ਦੀ ਬਿਮਾਰੀ, ਟੀਬੀ, ਨਿਮੋਨਿਆ, ਦਵਾਈ ਖਾਦੀ, ਪੀਤੀ ਜਾਂ ਚਮੜੀ ਦਾ ਇਲਾਜ ਸੱਪ ਦੇ ਕੱਟਣ ਦੇ ਇਲਾਜ ਦੇ ਇਲਾਵਾ ਹੋਰ ਵੱਖ ਵੱਖ ਬਿਮਾਰੀਆਂ ਦੇ ਇਲਾਜ ਅਤੇ ਚੈਕਅਪ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ 5 ਲੱਖ ਵਾਲਾ ਆਯੁਸ਼ਮਾਨ ਵਾਲੇ ਕਾਰਡ ’ਤੇ ਵੀ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ।



# ਸਰਸ ਮੇਲੇ ’ਚ ਗਾਇਕੀ ਦਾ ਜਲਵਾ ਪੇਸ਼ ਕਰਨਗੇ ਰਣਜੀਤ ਬਾਵਾ

ਪਟਿਆਲਾ, (ਰਜਿੰਦਰ ਸਿੰਘ ਥਿੰਦ)- ਪਟਿਆਲਾ ਹੈਰੀਟੇਜ ਮੇਲੇ ਤਹਿਤ ਸ਼ੀਸ਼ ਮਹਿਲ ਵਿਖੇ ਲਾਏ ਜਾ ਰਹੇ ਸਰਸ ਮੇਲੇ ਲੋਕ ਗਾਇਕ ਰਣਜੀਤ ਬਾਵਾ ਵੱਲੋਂ 19 ਫਰਵਰੀ ਨੂੰ ਆਪਣੀ ਗਾਇਕੀ ਦੀ ਪੇਸ਼ਕਾਰੀ ਦਿੱਤੀ ਜਾਵੇਗੀ।ਇਸ ਦਿਨ ਬਾਅਦ ਦੁਪਹਿਰ 3 ਵਜੇ ਤੋਂ ਬਾਅਦ ਟਿਕਟ 100 ਰੁਪਏ ਦੀ ਹੋਵੇਗੀ।ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਸਰਸ ਮੇਲੇ ਨੂੰ ਪਟਿਆਲਾ ਜ਼ਿਲ੍ਹਾ ਨਿਵਾਸੀਆਂ ਸਮੇਤ ਪੰਜਾਬ ਤੇ ਹਰਿਆਣਾ ਦੇ ਵਸਨੀਕ ਭਰਵਾਂ ਹੁੰਗਾਰਾ ਦੇ ਰਹੇ ਹਨ। ਮੇਲੇ ਦੇ ਨੋਡਲ ਅਫ਼ਸਰ ਅਨੁਪ੍ਰਿਤਾ ਜੌਹਲ ਨੇ ਹੋਰ ਕਿਹਾ ਕਿ 14 ਫਰਵਰੀ ਤੋਂ ਸ਼ੀਸ਼ ਮਹਿਲ ਵਿਖੇ ਚੱਲ ਰਹੇ ਸਰਸ ਮੇਲੇ ’ਚ ਰੋਜ਼ਾਨਾ ਸਵੇਰੇ ਤੋਂ ਹੀ ਵੱਖ-ਵੱਖ ਰਾਜਾਂ ਦੇ ਲੋਕ ਨਾਚਾਂ ਤੇ ਲੋਕ ਕਲਾਵਾਂ ਦੇ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਪ੍ਰਸਿੱਧ ਕਵਾਲ ਤੇ ਪਟਿਆਲਾ ਘਰਾਣੇ ਦੇ ਗਾਇਕ ਸਰਦਾਰ ਅਲੀ ਨੇ ਆਪਣੀ ਗਾਇਕੀ ਦੀ ਵਿਲੱਖਣ ਪੇਸ਼ਕਾਰੀ ਦਿੱਤੀ।ਏ.ਡੀ.ਸੀ. ਜੌਹਲ ਨੇ ਦੱਸਿਆ ਕਿ 21 ਫਰਵਰੀ ਨੂੰ ਸ਼ਾਮ 3 ਵਜੇ ਤੋਂ ਬਾਅਦ ਗਾਇਕ ਰਣਜੀਤ ਬਾਵਾ ਦੀ ਪੇਸ਼ਕਾਰੀ ਤੱਕ ਸਰਸ ਮੇਲੇ ਦੀ ਟਿਕਟ 100 ਰੁਪਏ ਦੀ ਹੋਵੇਗੀ, ਜਦਕਿ ਜਦੋਂਕਿ ਇਸ ਤੋਂ ਪਹਿਲਾਂ ਟਿਕਟ ਕੇਵਲ 20 ਰੁਪਏ ਦੀ ਰਹੇਗੀ।ਉਨ੍ਹਾਂ ਪਟਿਆਲਾ ਵਾਸੀਆਂ ਨੂੰ ਸਰਸ ਮੇਲੇ ਦਾ ਵੱਧ ਤੋਂ ਵੱਧ ਆਨੰਦ ਮਾਨਣ ਦਾ ਸੱਦਾ ਦਿੰਦਿਆਂ ਕਿਹਾ ਕਿ ਮੇਲੇ ’ਚ ਆਏ ਦੇਸ਼-ਵਿਦੇਸ਼ ਦੇ ਸ਼ਿਲਪਕਾਰਾਂ ਤੇ ਕਲਾਕਾਰਾਂ ਦੀ ਮੇਲੇ ’ਚ ਸ਼ਾਮਲ ਹੋਕੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ

# ਨਵ-ਨਿਯੁਕਤ ਨੌਜਵਾਨਾਂ ਵੱਲੋਂ ਭਵਿੱਖ ਰੁਸ਼ਨਾਉਣ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ

ਚੰਡੀਗੜ੍ਹ, (ਗੁਰਜੀਤ ਬਿੱਲਾ)

ਸੂਬੇ ਦੇ ਨਵ-ਨਿਯੁਕਤ ਨੌਜਵਾਨਾਂ, ਜਿਨ੍ਹਾਂ ਨੂੰ ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਯੁਕਤੀ ਪੱਤਰ ਦਿੱਤੇ ਗਏ ਹਨ, ਨੇ ਸੂਬਾ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।ਨਵ-ਨਿਯੁਕਤ ਨੌਜਵਾਨਾਂ ਨੇ ਦੱਸਿਆ ਕਿ ਇਹ ਨੌਕਰੀਆਂ ਉਨ੍ਹਾਂ ਨੂੰ ਨਿਰੋਲ ਮੈਰਿਟ ਦੇ ਆਧਾਰ ’ਤੇ ਦਿੱਤੀਆਂ ਗਈਆਂ ਹਨ, ਜਿਸ ਨਾਲ ਉਨ੍ਹਾਂ ਦਾ ਭਵਿੱਖ ਉਜਵਲ ਹੋ ਗਿਆ ਹੈ।ਸੁਖਪ੍ਰੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਸਹਾਇਕ ਪ੍ਰੋਫੈਸਰ ਵਜੋਂ ਨੌਕਰੀ ਮਿਲਣ ਉਪਰੰਤ ਵਿਦੇਸ਼ ਤੋਂ ਵਾਪਸ ਆਏ ਹਨ। ਉਸ ਨੇ ਸੂਬੇ ਦੇ ਨੌਜਵਾਨਾਂ ਨੂੰ ਸਲਾਹ ਦਿੱਤੀ ਕਿ ਹੁਣ ਨੌਕਰੀ ਲੈਣ ਲਈ ਵਿਦੇਸ਼ ਜਾਣ ਦੀ ਲੋੜ ਨਹੀਂ ਹੈ, ਸਗੋਂ ਸਖ਼ਤ ਮਿਹਨਤ ਕਰਕੇ ਆਪਣੇ ਦੇਸ਼ ਵਿੱਚ ਹੀ ਨੌਕਰੀ ਲਈ ਜਾ ਸਕਦੀ ਹੈ ਕਿਉਂਕਿ ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਅਨੇਕਾਂ ਮੌਕੇ ਪ੍ਰਦਾਨ ਕਰ ਰਹੀ ਹੈ।ਇਸੇ ਤਰ੍ਹਾਂ ਡਾ. ਅਲਕਾ ਕਲਿਆਨ ਨੇ ਕਿਹਾ ਕਿ ਉਸ ਲਈ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਉਸ ਨੂੰ ਇਹ ਨੌਕਰੀ ਨਿਰੋਲ ਯੋਗਤਾ ਦੇ ਆਧਾਰ ’ਤੇ ਮਿਲੀ ਹੈ। ਉਸ ਨੇ ਕਿਹਾ ਕਿ 1158 ਸਹਾਇਕ ਪ੍ਰੋਫੈਸਰਾਂ ਨੂੰ ਸੂਬਾ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ ਹੈ। ਉਸ ਨੇ ਦੱਸਿਆ ਕਿ 30 ਸਾਲਾਂ ਬਾਅਦ ਸੂਬੇ ਦੇ ਕਾਲਜਾਂ ਵਿੱਚ ਪ੍ਰੋਫ਼ੈਸਰ ਤਾਇਨਾਤ ਕੀਤੇ ਗਏ ਹਨ ਅਤੇ ਚੋਣ ਨਿਰੋਲ ਯੋਗਤਾ ਦੇ ਆਧਾਰ ’ਤੇ ਕੀਤੀ ਗਈ ਹੈ। ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਦੇ ਰੰਗਲਾ ਪੰਜਾਬ ਮਿਸ਼ਨ ਨੂੰ ਸਾਕਾਰ ਕਰਨ ਵਿੱਚ ਆਪਣਾ ਯੋਗਦਾਨ ਦੇਵੇਗੀ।ਫ਼ਤਿਹਜੀਤ ਸਿੰਘ ਨੇ ਕਿਹਾ ਕਿ ਉਸ ਨੂੰ ਪੇਂਡੂ ਵਿਕਾਸ ਵਿਭਾਗ ਵਿੱਚ ਜੇ.ਈ. ਵਜੋਂ ਚੁਣਿਆ ਗਿਆ ਹੈ, ਜਿਸ ਲਈ ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਸੀ ਪਰ ਵਿਭਾਗ ਵੱਲੋਂ ਨੌਕਰੀ ਮਿਲਣ ਉਪਰੰਤ ਉਸ ਨੇ ਇਹ ਵਿਚਾਰ ਟਾਲ ਦਿੱਤਾ।ਜੇ.ਈ. ਵਜੋਂ ਚੁਣੇ ਗਏ ਕੁਲਜਿੰਦਰ ਧੀਮਾਨ ਨੇ ਕਿਹਾ ਕਿ ਉਹ ਇਹ ਮੌਕਾ ਦੇਣ ਲਈ ਮੁੱਖ ਮੰਤਰੀ ਦਾ ਰਿਣੀ ਹੈ। ਉਸ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਉਸ ਨੂੰ ਸੂਬੇ ਦੀ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਨ ਦਾ ਮੌਕਾ ਦਿੱਤਾ ਗਿਆ ਹੈ।




ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

20-Feb-PAGE-3.qxd 2/19/2025 10:35 PM Page 1



# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਵਫਦ ਨੇ ਅਰੁਣਾ ਚੌਧਰੀ ਨੂੰ ਦਿੱਤਾ ਮੰਗ ਪੱਤਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਦੇ ਸਾਂਝੇ ਫਰੰਟ ਦੇ ਸੂਬਾ ਪੱਧਰੀ ਸੱਦੇ ਤੇ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਤੇ ਪੰਜਾਬ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਦੀ ਅਗਵਾਈ ਹੇਠ ਇੱਕ ਵਫਦ ਵੱਲੋਂ ਦੀਨਾਨਗਰ ਹਲਕੇ ਦੇ ਵਿਧਾਇਕਾ ਅਰੁਣਾ ਚੌਧਰੀ ਨੂੰ ਉਨ੍ਹਾਂ ਦੀ ਰਿਹਾਇਸ਼ ਤੇ ਮੁਲਾਜ਼ਮ ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ।ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸਾਥੀ ਉਦੀਪੁਰ ਨੇ ਦੱਸਿਆ ਕਿ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜਿਆ ਗਿਆ ਹੈ ਜਿਸ ਵਿੱਚ ਮੰਗ ਕੀਤੀ ਗਈ ਕਿ ਸਰਕਾਰ ਚੋਣਾਂ ਸਮੇਂ ਕੀਤੇ ਵਾਅਦੇ ਮੁਤਾਬਕ 2004 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਤੇ ਪੁਰਾਣੀ ਪੈਨਸ਼ਨ ਸਕੀਮ ਬਿਨਾਂ ਸ਼ਰਤ ਲਾਗੂ ਕੀਤੀ ਜਾਵੇ, ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਹਰ ਤਰ੍ਹਾਂ ਦੇ ਕੱਚੇ ਅਤੇ ਆਊਟ ਸੋਰਸਿੰਗ ਰਾਹੀਂ ਕੰਮ ਕਰਦੇ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ, ਆਸ਼ਾ ਵਰਕਰ ਅਤੇ ਆਂਗਨਵਾੜੀ ਵਰਕਰਾਂ ਦੀਆਂ ਤਨਖ਼ਾਹਾਂ ਵਿਚ ਵਾਧਾ ਕੀਤਾ ਜਾਵੇ, ਬੰਦ ਕੀਤੇ ਭੱਤੇ ਜਿਵੇਂ ਕਿ ਬਾਰਡਰ ਭੱਤਾ ਪੇਂਡੂ ਭੱਤਾ ਬਹਾਲ ਕੀਤਾ ਜਾਵੇ, ਸਰਕਾਰੀ ਅਦਾਰਿਆਂ ਦਾਂ ਨਿੱਜੀਕਰਨ ਬੰਦ ਕਰਕੇ ਪੱਕੀ ਭਰਤੀ ਪੂਰੀਆਂ ਤਨਖਾਹਾਂ ਤੇ ਕੀਤੀ ਜਾਵੇ, ਮਹਿੰਗਾਈ ਭੱਤਾ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਬਰਾਬਰ ਕੀਤਾ ਜਾਵੇ, ਤਨਖਾਹਾਂ ਸਕੇਲਾਂ ਦਾ ਬਕਾਇਆ ਰਕਮ ਕਿਸ਼ਤਾਂ ਵਿੱਚ ਦੇਣ ਦੀ ਬਜਾਏ ਇੱਕ ਹੀ ਕਿਸ਼ਤ ਵਿਚ ਭੁਗਤਾਨ ਕੀਤਾ ਜਾਵੇ, ਪੈਨਸ਼ਨਰਜ਼ ਸਾਥੀਆਂ ਦੀ ਪੈਨਸ਼ਨ 2,59 ਗੁਣਾਕ ਮੁਤਾਬਿਕ ਸੋਧੀ ਜਾਵੇ, ਮੁਲਾਜ਼ਮ ਵਿਰੋਧੀ ਪੱਤਰ ਵਾਪਸ ਲਏ ਜਾਣ ਆਦਿ ਮੰਗਾਂ ਨੂੰ ਲਾਗੂ ਕੀਤਾ ਜਾਵੇ।ਏਟਕ ਵਲੋਂ ਵਿਧਾਇਕ ਅਰੁਣਾ ਚੌਧਰੀ ਨੂੰ ਬੇਨਤੀ ਕੀਤੀ ਗਈ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਵਿਧਾਨ ਸਭਾ ਸੈਸ਼ਨ ਦੌਰਾਨ ਉਠਾਇਆ ਜਾਵੇ।ਵਿਧਾਇਕਾਂ ਵਲੋਂ ਵਫ਼ਦ ਦੀਆਂ ਮੰਗਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਵਿਸ਼ਵਾਸ ਦਿਵਾਇਆ ਕਿ ਮੁਲਾਜ਼ਮ ਮੰਗਾਂ ਸਬੰਧੀ ਵਿਧਾਨ ਸਭਾ ਸੈਸ਼ਨ ਵਿੱਚ ਗੱਲਬਾਤ ਕੀਤੀ ਜਾਵੇਗੀ।ਮੁਲਾਜ਼ਮ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਗਿਆ ਤਾਂ ਵਿਧਾਨ ਸਭਾ ਸੈਸ਼ਨ ਦੌਰਾਨ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਚੰਡੀਗੜ੍ਹ ਵਿਖੇ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਵਫਦ ਵਿੱਚ ਲਖਵਿੰਦਰ ਸਿੰਘ ਟਾਂਡਾ, ਬਲਵਿੰਦਰ ਪਾਲ, ਅਸ਼ਵਨੀ ਕੁਮਾਰ ਸੈਨੀ, ਬਲਵਿੰਦਰ ਸਿੰਘ ਮਾਨ, ਜਸਪਾਲ ਸਿੰਘ, ਸੁਰਜੀਤ ਕੁਮਾਰ ਆਦਿ ਸਾਥੀ ਸ਼ਾਮਲ ਸਨ।

## ਮਾਂ ਬੋਲੀ ਦਿਵਸ ਨੂੰ ਸਮਰਪਿਤ ਸੈਮੀਨਾਰ ਤੇ ਕਵੀ ਦਰਬਾਰ ਭਲਕੇ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਅਤੇ ਸਰੂਪ ਰਾਣੀ ਸਰਕਾਰੀ ਮਹਿਲਾ ਕਾਲਜ ਦੇ ਸਹਿਯੋਗ ਨਾਲ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਅਤੇ ਸੈਮੀਨਾਰ 21 ਫ਼ਰਵਰੀ, ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸਰੂਪ ਰਾਣੀ ਸਰਕਾਰੀ ਕਾਲਜ (ਮਹਿਲਾ) ਵਿਖੇ ਕਰਵਾਇਆ ਜਾ ਰਿਹਾ ਹੈ।ਸਵੇਰੇ 10 ਵਜੇ ਡਾ. ਅਨੂਪ ਸਿੰਘ 'ਮਾਤ ਭਾਸ਼ਾ ਦਾ ਕੋਈ ਬਦਲ ਨਹੀਂ ਹੁੰਦਾ' ਵਿਸ਼ੇ 'ਤੇ ਪਰਚਾ ਪੇਸ਼ ਕਰਨਗੇ। ਉਪਰੰਤ ਪੰਜ ਅਧਿਆਪਕਾਂ ਡਾ. ਸਰਘੀ, ਸੁਖਜੀਤ ਸਿੰਘ ਸੋਹੀ, ਪ੍ਰਿ. ਰਾਜੀਵ ਕੱਕੜ, ਪ੍ਰਿ. ਮਨਮੀਤ ਕੌਰ ਅਤੇ ਸ੍ਰੀਮਤੀ ਰਮਨ ਕਾਲੀਆ ਨੂੰ ਸਨਮਾਨਿਤ ਕੀਤਾ ਜਾਵੇਗਾ।ਇਹ ਸਮਾਰੋਹ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ, ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਦੀ ਅਗਵਾਈ ਹੇਠ ਹੋ ਰਿਹਾ ਹੈ। ਦੂਸਰੇ ਸੈਸ਼ਨ ਵਿੱਚ ਕਵੀ ਦਰਬਾਰ ਹੋਵੇਗਾ।ਇਸਦੀਆਂ ਤਿਆਰੀਆਂ ਸਬੰਧੀ ਵਿਰਸਾ ਵਿਹਾਰ ਵਿਖੇ ਰਮੇਸ਼ ਯਾਦਵ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਕਮਲ ਗਿੱਲ, ਕਰਮਜੀਤ ਕੌਰ ਜੱਸਲ, ਧਰਵਿੰਦਰ ਸਿੰਘ ਔਲਖ, ਹਰੀਸ਼ ਸਾਬਰੀ, ਦੁੱਖ ਭੰਜਨ ਸਿੰਘ ਰੰਧਾਵਾ, ਹਰਜੀਤ ਸਿੰਘ ਸਰਕਾਰੀਆ, ਮਨਜੀਤ ਸਿੰਘ ਧਾਲੀਵਾਲ, ਡਾ. ਹਰਜਿੰਦਰਪਾਲ ਕੌਰ ਕੰਗ ਆਦਿ ਸ਼ਾਮਲ ਸਨ।

## ਭੱਦੀ ਸ਼ਬਦਾਵਲੀ ਬੋਲਣ ਵਾਲੇ ਪਾਠੀ ਸਿੰਘਾਂ ਵਿਰੁੱਧ ਪਰਚਾ ਦਰਜ

**ਫਿਲੌਰ,(ਨਿਰਮਲ)**- ਨਜ਼ਦੀਕੀ ਪਿੰਡ ਕੰਗ ਅਰਾਈਆਂ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸੰਗਤਾਂ ਵੱਲੋਂ ਪ੍ਰਭਾਤ ਫੇਰੀਆਂ ਸਜਾਈਆਂ ਗਈਆਂ ਸਨ।ਜਦੋਂ ਇਹ ਪ੍ਰਭਾਤ ਫੇਰੀ ਪਿੰਡ ਦੇ ਰਾਮਗੜ੍ਹੀਆ ਗੁਰੂ ਘਰ ਵਿਖੇ ਪੁੱਜੀ ਤਾਂ ਗੁਰੂ ਘਰ ਦੇ ਪਾਠੀ ਸਿੰਘਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਅਤੇ ਬਾਬਾ ਸਹਿਬ ਭੀਮ ਰਾਓ ਅੰਬੇਡਕਰ ਸਹਿਬ ਦੇ ਖਿਲਾਫ ਭੱਦੀ ਸ਼ਬਦਾਵਲੀ ਬੋਲੀ, ਜਿਸ 'ਤੇ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੇ ਇੱਕਠੀਆਂ ਹੋ ਕੇ ਪਾਠੀ ਸਿੰਘਾਂ ਦੇ ਖਿਲਾਫ ਰੋਸ ਪ੍ਰਗਟ ਕੀਤਾ। ਦੋਵਾਂ ਗੁਰੂ ਘਰਾਂ ਦੀਆਂ ਕਮੇਟੀਆਂ ਨੇ ਇਹ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਲੇਕਿਨ ਮਾਮਲਾ ਉਸ ਵੇਲੇ ਫਿਰ ਗਰਮਾ ਗਿਆ ਜਦੋਂ ਪ੍ਰਭਾਤ ਫੇਰੀ 'ਚ ਸ਼ਾਮਲ ਔਰਤ ਨੂੰ ਪਾਠੀ ਸਿੰਘ ਦੀ ਮਾਤਾ ਨੇ ਅਪਸ਼ਬਦ ਬੋਲ ਦਿੱਤੇ।ਮਾਮਲਾ ਨਾ ਹੱਲ ਹੁੰਦਾ ਦੇਖ ਕੇ, ਮੌਕੇ 'ਤੇ ਥਾਣਾ ਫਿਲੌਰ ਦੇ ਐਸ.ਐਚ.ਓ ਸੰਜੀਵ ਕਪੂਰ ਭਾਰੀ ਪੁਲਸ ਫੋਰਸ ਨਾਲ ਪਿੰਡ ਕੰਗ ਅਰਾਈਆਂ ਵਿਖੇ ਪੁੱਜੇ ਅਤੇ ਮਾਮਲੇ ਦੀ ਬਰੀਕੀ ਨਾਲ ਜਾਂਚ ਪੜਤਾਲ ਕਰਨ ਉਪਰੰਤ ਦੋਵਾਂ ਪਾਠੀਆਂ ਨੂੰ ਗ੍ਰਿਫਤਾਰ ਕਰ ਲਿਆ। ਇਸ ਸਬੰਧੀ ਐਸ ਐਚ ਓ ਥਾਣਾ ਫਿਲੌਰ ਸੰਜੀਵ ਕਪੂਰ ਨੇ ਦੱਸਿਆ ਕਿ ਪਾਠੀ ਸਿੰਘਾਂ ਨੇ ਗਲਤੀ ਕੀਤੀ ਹੈ ਅਤੇ ਅਸੀਂ ਇਨ੍ਹਾਂ ਖਿਲਾਫ ਧਾਰਾ 299 ਡੀ ਐਨ ਐਸ ਅਧੀਨ ਮੁਕੱਦਮਾ ਦਰਜ ਕਰ ਦਿੱਤਾ ਹੈ।

# ਪਸਨਾਵਾਲ ਦੀ ਕਮੇਟੀ ਨੂੰ ਸੋਧ ਕੇ ਜਥੇਬੰਦੀ ਵੱਲੋਂ ਨਵੀਂ ਕਮੇਟੀ ਦਾ ਗਠਨ

**ਅੱਜ ਵੱਡੇ ਪੱਧਰ 'ਤੇ ਸ਼ੰਭੂ ਬਾਰਡਰ ਲਈ ਕਿਸਾਨਾਂ ਦਾ ਜੱਥਾ ਹੋਵੇਗਾ ਰਵਾਨਾ**

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜਥੇਬੰਦੀ ਜ਼ੋਨ ਬੁਰਜ ਸਾਹਿਬ ਦੇ ਕਿਸਾਨਾਂ ਵੱਲੋਂ ਚੱਲ ਰਹੇ ਸੰਘਰਸ਼ਾਂ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਹੱਕੀ ਮੰਗਾਂ ਲੈਣ ਲਈ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਅੱਜ ਪਿੰਡ ਪਸਨਾਵਾਲ ਦੀ ਪਹਿਲੀ ਕਮੇਟੀ ਦੀ ਸੋਧ ਕਰਕੇ ਨਵੀ ਕਮੇਟੀ ਦਾ ਗੰਠਣ ਹੋਇਆ ਜਿਸ ਵਿਚ ਸਰਬਸੰਮਤੀ ਨਾਲ ਕਾਰਜਕਾਰੀ ਪ੍ਰਧਾਨ ਗੁਰਪਿੰਦਰ ਸਿੰਘ, ਸਕੱਤਰ ਸੁੱਖਜਿੰਦਰ ਸਿੰਘ ਨੂੰ ਬਣਾਇਆ ਗਿਆ । ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਬੁਰਜ ਸਾਹਿਬ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਸਕੱਤਰ ਸਤਨਾਮ ਸਿੰਘ ਖਾਨਮਲੱਕ ਤੇ ਕੋਰ ਕਮੇਟੀ ਦੀ ਅਗਵਾਈ ਵਿੱਚ ਜਾਗਰੂਕ ਮੀਟਿੰਗ ਗੁਰਦੁਆਰਾ ਸਾਹਿਬ 'ਚ ਪਿੰਡ ਪਸਨਾਵਾਲ ਵਿੱਚ ਕਰਕੇ ਸਰਬਸੰਮਤੀ ਨਾਲ ਪਿੰਡ ਇਕਾਈ ਦੀ ਸੋਧ ਕਰਕੇ ਨਵੀਂ ਕਮੇਟੀ ਦਾ ਗਠਨ ਕਰਕੇ ਪ੍ਰਧਾਨ ਨਵਜੋਤ ਸਿੰਘ ਦੀ ਜਗ੍ਹਾ ਤੇ ਕਾਰਜਕਾਰੀ ਪ੍ਰਧਾਨ ਗੁਰਪਿੰਦਰ ਸਿੰਘ, ਸਕੱਤਰ ਸੁਖਜਿੰਦਰ ਸਿੰਘ, ਖਜਾਨਚੀ ਪਲਵਿੰਦਰ ਸਿੰਘ, ਪ੍ਰੈੱਸ ਸਕੱਤਰ ਜਗੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੀਤ ਪ੍ਰਧਾਨ ਗੁਰਭੇਜ ਸਿੰਘ, ਸਲਾਹਕਾਰ ਬਲਵਿੰਦਰ ਸਿੰਘ, ਜੱਥੇਬੰਦਕ ਸਕੱਤਰ ਬਲਜੀਤ ਸਿੰਘ, ਪ੍ਰਚਾਰ ਸਕੱਤਰ ਸਨਦੀਪ ਅਤੇ ਪਿੰਡ ਵਾਸੀ ਮੈਂਬਰ ਆਦਿ ਨੇ ਆਪੋ ਆਪਣੀ ਡਿਊਟੀ ਸੰਭਾਲੀ ਅਤੇ ਸਾਰੀ ਕਮੇਟੀ ਨੇ ਵਿਸਵਾਸ਼ ਦਿੱਤਾ ਕਿ ਵੱਡੀ ਗਿਣਤੀ ਵਿਚ 20 ਫਰਵਰੀ ਨੂੰ ਸੰਭੂ ਬਾਡਰ ਤੇ ਜਾਣਗੇ ।ਇਸ ਮੌਕੇ ਹਰਭਾਲ ਸਿੰਘ, ਗੁਰਵਿੰਦਰ ਸਿੰਘ, ਸਤਨਾਮ ਸਿੰਘ, ਹਰਚਰਨ ਸਿੰਘ ਖਜ਼ਾਨਚੀ,ਅਮਰੀਕ ਸਿੰਘ, ਵਲੰਟੀਅਰ ਹੇਮ ਸਿੰਘ ਅਤੇ ਪਿੰਡ ਵਾਸੀ ਹਾਜ਼ਰ ਸਨ।



# ਡਿਪੋਰਟ ਹੋਏ ਨੌਜਵਾਨਾਂ ਦੇ ਪੁਨਰਵਾਸ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ : ਸੇਖਵਾਂ

**ਕਾਦੀਆਂ( ਯਾਦਵਿੰਦਰ ਸਿੰਘ ਮਲਹੋਤਰਾ)**-ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਰਾਜੂ ਬੇਲਾ ਅਤੇ ਭੈਣੀ ਮੀਆਂ ਖਾਂ ਦੇ ਦੋ ਨੌਜਵਾਨ ਜੋ ਬੀਤੇ ਦਿਨੀਂ ਅਮਰੀਕਾ ਤੋਂ ਡੀਪੋਰਟ ਕੀਤੇ ਗਏ ਸਨ, ਉਨ੍ਹਾਂ ਨਾਲ ਅੱਜ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ ਵੱਲੋਂ ਮੁਲਾਕਾਤ ਕੀਤੀ ਗਈ।ਡਿਪੋਰਟ ਹੋਏ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਤ ਦੌਰਾਨ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਨੌਜਵਾਨਾਂ ਦੇ ਨਾਲ ਖੜ੍ਹੀ ਹੈ ਅਤੇ ਸਰਕਾਰ ਵੱਲੋਂ ਡੀਪੋਰਟ ਹੋਏ ਨੌਜਵਾਨਾਂ ਦੇ ਪੁਨਰਵਾਸ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ।ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਜੇਕਰ ਕੋਈ ਨੌਜਵਾਨ ਵਿਦੇਸ਼ ਵੀ ਜਾਣਾ ਚਾਹੁੰਦਾ ਹੈ ਤਾਂ ਉਸਨੂੰ ਹਮੇਸ਼ਾ ਹੀ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣਾ ਚਾਹੀਦਾ ਹੈ ਅਤੇ ਟਰੈਵਲ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਕਦੀ ਵੀ ਡੰਕੀ ਲਗਾ ਕੇ ਜਾਂ ਕਿਸੇ ਹੋਰ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਨਹੀਂ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਰੁਜ਼ਗਾਰ ਦੇ ਬਹੁਤ ਮੌਕੇ ਹਨ ਬੱਸ ਉਨ੍ਹਾਂ ਮੌਕਿਆਂ ਨੂੰ ਪਛਾਨਣ ਅਤੇ ਮਿਹਨਤ ਕਰਨ ਦੀ ਲੋੜ ਹੈ।ਸੇਖਵਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਧੋਖਾਧੜੀ ਕਰਨ ਵਾਲੇ ਟਰੈਵਲ ਏਜੰਟਾਂ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਉਹ ਆਪਣੇ ਹਲਕੇ ਦੇ ਇਨ੍ਹਾਂ ਪਰਿਵਾਰਾਂ ਦੇ ਨਾਲ ਖੜ੍ਹੇ ਹਨ ਅਤੇ ਸਰਕਾਰ ਤੱਕ ਪਹੁੰਚ ਕਰਕੇ ਇਨ੍ਹਾਂ ਨੌਜਵਾਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

# ਸਲੋਪੁਰ ਦੀ ਚਾਰ ਕਿਲੋਮੀਟਰ ਸੜਕ ਬਣਾਉਣ ਦੀ ਮਿਲੀ ਮਨਜ਼ੂਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਸਲੋਪੁਰ ਦੇ ਵਿੱਚ ਚਾਰ ਕਿਲੋਮੀਟਰ ਸੜਕ ਨੂੰ ਬਣਾਉਣ ਦੀ ਰਾਜ ਸਭਾ ਮੈਂਬਰ ਵਿਕਰਮ ਸਾਹਨੀ ਦੇ ਵੱਲੋਂ ਮਨਜ਼ੂਰੀ ਦੇਣ ਤੇ ਪਿੰਡ ਦੇ ਸਰਪੰਚ ਕੌਸ਼ਲ ਸਿੰਘ ਅਤੇ ਸਮੁੱਚੀ ਪੰਚਾਇਤ ਸਮੇਤ ਪਿੰਡ ਵਾਸੀਆਂ ਨੇ ਧੰਨਵਾਦ ਕੀਤਾ ।ਦੱਸਣ ਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਦੇ ਲੋਕਾਂ ਦੀ ਇਹ ਮੰਗ ਸੀ ਅਤੇ ਇਸ ਮੰਗ ਨੂੰ ਹੁਣ ਪਿੰਡ ਦੇ ਸਰਪੰਚ ਕੌਸ਼ਲ ਸਿੰਘ ਦੇ ਯਤਨਾਂ ਸਦਕਾ ਬੂਰ ਪੈ ਗਿਆ। ਅਤੇ ਰਾਜਸਭਾ ਮੈਂਬਰ ਵਿਕਰਮ ਸਾਹਨੀ ਦੇ ਵੱਲੋਂ ਇਸ ਸੜਕ ਦੀ ਮਨਜ਼ੂਰੀ ਦੇ ਦਿੱਤੀ ਗਈ ।ਇਸ ਮੌਕੇ ਸਰਪੰਚ ਕੌਸ਼ਲ ਸਿੰਘ ਦੇ ਵੱਲੋਂ ਰਾਜ ਸਭਾ ਮੈਂਬਰ ਵਿਕਰਮ ਸਾਹਨੀ, ਇੰਡਸਟਰੀ ਮਨਿਸਟਰ ਤਰਨਪ੍ਰੀਤ ਸਿੰਘ ਅਤੇ ਕੈਬਨਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਲ ਮੁਲਾਕਾਤ ਕਰਕੇ ਹੋਰਨਾ ਵੱਖ-ਵੱਖ ਮੁੱਦਿਆਂ ਤੇ ਵਿਚਾਰਾਂ ਕੀਤੀਆਂ ।ਸਰਪੰਚ ਕੌਸ਼ਲ ਸਿੰਘ ਨੇ ਕਿਹਾ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਲੋਕਾਂ ਦੀਆਂ ਹਰੇਕ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ।ਇਸ ਮੌਕੇ ਸਰਪੰਚ ਕੌਸ਼ਲ ਸਿੰਘ ਦੇ ਵੱਲੋਂ ਅਤੇ ਸਮੁੱਚੀ ਪੰਚਾਇਤ ਸਮੇਤ ਪਿੰਡ ਵਾਸੀਆਂ ਦੇ ਵੱਲੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਸਮੇਤ ਰਾਜ ਸਭਾ ਮੈਂਬਰ ਅਤੇ ਕੈਬਨਿਟ ਮੰਤਰੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਸਰਪੰਚ ਕੌਸ਼ਲ ਸਿੰਘ ਨੇ ਅਖੀਰ ਵਿੱਚ ਦੱਸਿਆ ਕਿ ਉਨਾਂ ਦੇ ਵੱਲੋਂ ਹੋਰਨਾਂ ਫੰਡਾਂ ਬਾਰੇ ਵੀ ਸਰਕਾਰ ਦੇ ਨਾਲ ਬੜੀ ਹੀ ਬੇਬਾਕੀ ਨਾਲ ਚਰਚਾ ਕੀਤੀ ਗਈ।ਆਉਣ ਵਾਲੇ ਸਮਿਆਂ ਵਿੱਚ ਪਿੰਡ ਸੱਲੋਪੁਰ ਦੇ ਵਿੱਚ ਸਰਕਾਰ ਵੱਲੋਂ ਮਿਲਣ ਵਾਲੀਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਲੋਕਾਂ ਦੇ ਘਰਾਂ ਤੱਕ ਪਹੁੰਚਾਈਆਂ ਜਾਣਗੀਆਂ ।ਪਿੰਡ ਨੂੰ ਇੱਕ ਪੰਜਾਬ ਦਾ ਨੰਬਰ ਵਨ ਪਿੰਡ ਬਣਾਇਆ ਜਾਵੇਗਾ। ਵੱਖ-ਵੱਖ ਮੰਤਰੀਆਂ ਦੇ ਨਾਲ ਮੀਟਿੰਗ ਕਰਨ ਉਪਰੰਤ ਸਰਪੰਚ ਕੌਸ਼ਲ ਸਿੰਘ ਦੇ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ।

# ਮਲਟੀਪਰਪਜ਼ ਕੇਡਰ ਦੀਆਂ ਮੰਗਾਂ ਮੰਨਵਾਉਣ ਲਈ ਸਰਕਾਰ ਨੂੰ ਭੇਜੇ ਜਾਣਗੇ ਯਾਦ ਪੱਤਰ : ਮੰਗਵਾਲ/ਢਿੱਲੋਂ/ਉੱਪਲ/ਮਨਜੀਤ

**ਵੇਰਕਾ (ਰਾਣਾ)**

ਸਿਹਤ ਵਿਭਾਗ ਦੇ ਮਲਟੀਪਰਪਜ਼ ਕੇਡਰ ਦੀਆ ਮੰਨੀਆਂ ਸਹਿਮਤੀ ਵਾਲੀਆਂ ਮੰਗਾਂ ਪਿਛਲੇ 3 ਸਾਲ ਤੋਂ ਸਰਕਾਰ ਅਤੇ ਮਹਿਕਮੇ ਨੇ ਲਟਕਾ ਰੱਖੀਆਂ ਹਨ।ਇਨ੍ਹਾਂ ਮੰਗਾਂ ਸਬੰਧੀ ਸਰਕਾਰ ਨੂੰ ਜਗਾਉਣ ਲਈ ਇੰਨਾ ਮੁਲਾਜ਼ਮਾਂ ਦੀ ਜਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਤੇ ਫੀਮੇਲ ਯੂਨੀਅਨ ਪੰਜਾਬ ਵੱਲੋਂ 19 ਤੋਂ 24 ਫਰਵਰੀ ਤੱਕ ਪੰਜਾਬ ਦੇ ਸਮੂਹ ਸਿਵਲ ਸਰਜਨਾਂ ਰਾਹੀਂ ਯਾਦ ਪੱਤਰ ਭੇਜੇ ਜਾਣਗੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਤੇ ਫੀਮੇਲ ਯੂਨੀਅਨ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ, ਗੁਰਦੇਵ ਸਿੰਘ ਢਿਲੋਂ, ਮਨਜੀਤ ਕੌਰ ਫਰੀਦਕੋਟ, ਸੀਨੀਅਰ ਮੀਤ ਪ੍ਰਧਾਨ ਪ੍ਰਭਜੀਤ ਸਿੰਘ ਉਪਲ, ਸੂਬਾਈ ਆਗੂ ਮਨਜੀਤ ਕੌਰ ਗੁਰਦਾਸਪੁਰ, ਸੁਖਜੀਤ ਸੇਖੋਂ, ਸੁਖਜਿੰਦਰ ਸਿੰਘ ਫਾਜਿਦਲਕਾ, ਪਰਮਜੀਤ ਕੌਰ ਬਟਾਲਾ, ਹਰਜੀਤ ਸਿੰਘ ਪੋਹਵਿੰਡ, ਨਰਿੰਦਰ ਸ਼ਰਮਾ, ਅਮਨਦੀਪ ਸਿੰਘ ਧਾਰੜ, ਅਵਤਾਰ ਸਿੰਘ ਗੰਢੂਆ, ਜਸਵਿੰਦਰ ਸਿੰਘ ਪੰਧੇਰ, ਚੰਦ ਸਿੰਘ ਬਠਿੰਡਾ, ਸਤਨਾਮ ਸਿੰਘ ਗੁਰਦਾਸਪੁਰ, ਬਲਜਿੰਦਰ ਸਿੰਘ ਬਰਨਾਲਾ, ਨਿਗਾਹੀ ਰਾਮ ਮਲੇਰਕੋਟਲਾ, ਅੰਮਿਤਪਾਲ ਸਿੰਘ ਮਲੇਰਕੋਟਲਾ, ਗਗਨਦੀਪ ਸਿੰਘ ਖਾਲਸਾ, ਰਾਜਦੀਪ ਸਿੰਘ ਹੁਸ਼ਿਆਰਪੁਰ, ਨਿਸ਼ਾਨ ਸਿੰਘ ਗੁਰਦਾਸਪੁਰ, ਗੁਰਮੀਤ ਸਿੰਘ ਗੁਰਦਾਸਪੁਰ,ਕੰਟਰੇਕਟ ਮਲਟੀਪਰਪਜ਼ ਹੈਲਥ ਇੰਪਲਾਈਜ਼ ਸੂਬਾਈ ਪ੍ਰਧਾਨ ਸਰਬਜੀਤ ਕੋਰ ਸਮੇਤ ਹੋਰ ਆਗੂਆਂ ਨੇ ਕੀਤਾ।ਆਗੂਆਂ ਨੇ ਦੱਸਿਆ ਕਿ ਮੁੱਖ ਮੰਗਾਂ ਮਲਟੀਪਰਪਜ਼ ਕੇਡਰ ਨਾਮ ਬਦਲੀ ਲਈ ਕੇਸ ਸਰਕਾਰ ਕੋਲ ਜੋ ਭੇਜਿਆ ਹੋਇਆ ਹੈ ਉਸ ਦੀ ਮੰਨਜ਼ੂਰੀ ਦੇਣ ਤੋਂ ਇਲਾਵਾ 10 ਸੂਤਰੀ ਮੰਗ ਪੱਤਰ ਅਨੁਸਾਰ ਮਾਨਯੋਗ ਹਾਈਕੋਰਟ ਦੇ ਫੈਸਲੇ ਬਰਾਬਰ ਕੰਮ ਬਰਾਬਰ ਤਨਖਾਹ ਨੂੰ ਸਮੂਹ ਪਟੀਸ਼ਨਰਾਂ ਤੇ ਲਾਗੂ ਕਰਨ, ਮੈਡੀਕਲ ਅਫਸਰਾਂ ਦੀ ਤਰਜ ਤੇ ਏ ਸੀ ਪੀ ਸਕੀਮ ਬਹਾਲ ਕਰਨ, ਕੱਟੇ ਭੱਤੇ ਸਫਰੀ, ਵਰਦੀ ਭੱਤਾ ਮੁੜ ਬਹਾਲ ਕਰਨ ਸਬੰਧੀ, ਸਰਕਾਰੀ ਟ੍ਰੇਨਿੰਗ ਸੈਟਰ ਚਾਲੂ ਕਰਨ ਸਮੇਤ ਨਵੀ ਭਰਤੀ ਦੇ ਜਲਦੀ ਇਸ਼ਤਿਹਾਰ ਜਾਰੀ ਕਰਨ ਸਮੇਤ ਕੇਦਰੀ ਸਕੇਲ ਵਾਪਸੀ, ਪਦਉਨਤੀਆਂ ਸਮਾਬੱਧ ਕਰਨ ਸਮੇਤ ਹੋਰ ਮੰਗਾਂ ਸਾਮਲ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਅਤੇ ਮਹਿਕਮਾ ਮੰਗਾਂ ਦੇ ਹੱਲ ਵੱਲ ਨਹੀਂ ਤੁਰਦਾ ਤਾਂ ਆਉਣ ਵਾਲੇ ਬਜਟ ਸੈਸਨ ਦੌਰਾਨ ਅਤੇ ਉਸ ਤੋ ਬਾਦ ਜ਼ਿਲਾ ਪਰੀਸ਼ਦ, ਬਲਾਕ ਸੰਮਤੀ, ਜਿਮਨੀ ਚੋਣ ਲੁਧਿਆਨਾ ਸਮੇਤ ਹੋਰ ਤਿੱਖੇ ਸੰਘਰਸ ਸਰਕਾਰ ਖਿਲਾਫ ਕੀਤੇ ਜਾਣਗੇ।ਇਸ ਮੌਕੇ ਹੋਰ ਆਗੂ ਵੀ ਗੁਰਦੇਵ ਸਿੰਘ ਬੱਲ,ਗੁਰਵੇਲ ਸਿੰਘ ਸੋਹੀ ਰਾਜਬੀਰ ਸਿੰਘ ਸੰਦੀਪ ਸਿੰਘ ਰਮਦਾਸ,ਕੁਲਬੀਰ ਸਿੰਘ ਲੋਪਕੇ ਅਮਰਪ੍ਰੀਤ ਸਿੰਘ ਵੇਰਕਾ ਮਨਦੀਪ ਸਿੰਘ ,ਮੁਕੇਸ ਕੁਮਾਰ, ਰਣਜੋਧ ਸਿੰਘ ਸੰਘਾ, ਅਨੰਦ ਕੁਮਾਰ, ਸਤਨਾਲ ਸਿੰਘ ਬਾਰੀਆ, ਨਿਰਮਲ ਸਿੰਘ ਅਤੇ ਪਵਨ ਕੁਮਾਰ ਹਾਜ਼ਰ ਸਨ।



# 'ਕਾਂਗਰਸ ਤੇ ਅਕਾਲੀ ਦਲ ਦੀ ਹਾਲਤ ਪਤਲੀ; ਆਪ ਨੂੰ ਵੀ ਪਿੰਡਾਂ 'ਚ ਬਣਾਉਣਾ ਪਵੇਗਾ ਆਪਣਾ ਆਧਾਰ'



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਜੇ ਗੱਲ ਕਰੀਏ ਕਿ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਬਹੁਤ ਮਾੜੀ ਹੈ ਤਾਂ ਇਸ ਗੱਲ ਤੋਂ ਵੀ ਪਾਸਾ ਨਹੀਂ ਵੱਟਿਆ ਜਾ ਸਕਦਾ ਕਿ 2027 ਵਿੱਚ ਸਰਕਾਰ ਬਣਾਉਣ ਦੇ ਦਾਅਵੇ ਕਰਨ ਵਾਲੀ ਕਾਂਗਰਸ ਪਾਰਟੀ ਦੀ ਹਾਲਤ ਵੀ ਇਸ ਹਲਕੇ ਵਿੱਚ ਹਾਲ ਦੀ ਘੜੀ ਕਮਜ਼ੋਰ ਨਜ਼ਰ ਆ ਰਹੀ ਹੈ ਕਿਉਂਕਿ ਕਾਂਗਰਸ ਵੱਲੋਂ ਮੌਜੂਦਾ ਹਲਕਾ ਇੰਚਾਰਜ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਵੀ ਹਲਕੇ ਵਿੱਚ ਬਹੁਤ ਘੱਟ ਵਿਚਰ ਰਿਹਾ ਹੈ ਜਿਸ ਕਾਰਨ ਕਾਂਗਰਸ ਵੀ ਇਸ ਹਲਕੇ ਵਿੱਚ ਅੱਜ ਤੱਕ ਪਛੜੀ ਹੋਈ ਨਜ਼ਰ ਆ ਰਹੀ ਹੈ। ਮੌਜੂਦਾ ਆਪ ਸਰਕਾਰ ਵਿੱਚ ਜੰਡਿਆਲਾ ਹਲਕੇ ਨੂੰ ਜਗ੍ਹਾ ਮਿਲੀ ਹੋਈ ਹੈ ਕਿਉਂਕਿ ਹਲਕਾ ਜੰਡਿਆਲਾ ਗੁਰੂ ਤੋਂ ਵਿਧਾਇਕ ਬਣ ਕੇ ਵਿਧਾਨ ਸਭਾ ਦੀਆਂ ਪੌੜੀਆਂ ਤੇ ਚੜੇ ਹਰਭਜਨ ਸਿੰਘ ਈਟੀਓ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੈਬਨਟ ਮੰਤਰੀ ਬਣਾ ਕੇ ਹਲਕੇ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਗਿਆ ਹੈ ਭਾਵੇਂ ਕਿ ਹਲਕੇ ਦੇ ਲੋਕਾਂ ਨੂੰ ਕੈਬਨਿਟ ਮੰਤਰੀ ਸਾਹਿਬ ਦੇ ਦਰਸ਼ਨ ਬਹੁਤ ਘੱਟ ਹੁੰਦੇ ਹਨ ਪਰ ਫਿਰ ਵੀ ਉਨ੍ਹਾਂ ਦੀ ਪਤਨੀ ਹਲਕੇ ਵਾਲਿਆਂ ਦੇ ਸਮਾਗਮ ਵਿੱਚ ਪੁੱਜ ਜਾਂਦੀ ਹੈ ਪਰ 2027 ਦੀ ਚੋਣ ਵਿੱਚ ਫਿਰ ਵੀ ਹਰਭਜਨ ਸਿੰਘ ਈਟੀਓ ਸਾਹਿਬ ਨੂੰ ਪੂਰੀ ਮਿਹਨਤ ਕਰਨੀ ਪਵੇਗੀ। ਸ਼੍ਰੋਮਣੀ ਅਕਾਲੀ ਦਲ ਹਲਕਾ ਜੰਡਿਆਲਾ ਗੁਰੂ ਵਿੱਚ ਬਹੁਤ ਪਤਲੀ ਹਾਲਤ ਵਿੱਚ ਹੈ ਕਿਉਂਕਿ ਹਲਕੇ ਦੇ ਲੋਕਾਂ ਨੂੰ ਖਾਸ ਅਕਾਲੀ ਵਰਕਰਾਂ ਨੂੰ ਜੋ ਪ੍ਰਤੀਨਿਧ ਦਿੱਤਾ ਗਿਆ ਹੈ ਉਹ ਹਲਕੇ ਵਿੱਚ ਬਹੁਤ ਘੱਟ ਵਿਚਰਿਆ ਹੈ ਮੌਜੂਦਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਸਤਿੰਦਰਜੀਤ ਸਿੰਘ ਛਜਲਵੱਡੀ ਦੀ ਘਟੀਆ ਕਾਰਗੁਜ਼ਾਰੀ ਬਾਰੇ ਕਈ ਵਾਰ ਵਰਕਰ ਮਾਝੇ ਦੇ ਜਰਨੈਲ ਬਿਕਰਮ ਸਿੰਘ ਮਜੀਠੀਆ ਨੂੰ ਦੱਬੀ ਜਵਾਨ ਵਿੱਚ ਸ਼ੀਸ਼ਾ ਵਿਖਾ ਚੁੱਕੇ ਹਨ ਪਰ ਮਾਝੇ ਦਾ ਜਰਨੈਲ ਫਿਰ ਵੀ ਖਾਮੋਸ਼ ਹੋ ਕੇ ਹਲਕੇ ਦੇ ਵਰਕਰਾਂ ਤੇ ਇਸੇ ਇੰਚਾਰਜ ਨੂੰ ਥੋਪ ਰਿਹਾ ਹੈ ਜੋ ਅਕਾਲੀ ਦਲ ਲਈ ਖਤਰਨਾਕ ਸਾਬਿਤ ਹੋਵੇਗਾ। ਕਾਂਗਰਸ ਪਾਰਟੀ ਜੋ 2027 ਵਿੱਚ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੀ ਹੈ,ਉਸ ਲਈ ਹਲਕਾ ਜੰਡਿਆਲਾ ਗੁਰੂ ਨੂੰ ਜਿੱਤਣਾ ਬਹੁਤ ਮੁਸ਼ਕਿਲ ਹੋਵੇਗਾ। ਇਸ ਲਈ ਜੇਕਰ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਇਸ ਸੀਟ ਦੀ ਲੜਾਈ ਲੜਨੀ ਹੈ ਤਾਂ ਉਸਨੂੰ ਆਪਣੇ ਹਲਕਾ ਇੰਚਾਰਜਾਂ ਵੱਲ ਜ਼ਰੂਰ ਧਿਆਨ ਦੇਣਾ ਪਵੇਗਾ ਨਾਲ ਹੀ ਕੈਬਨਟ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਵੀ ਹਲਕੇ ਦੇ ਖਾਸ ਕਰ ਪਿੰਡਾਂ ਵਿੱਚ ਜ਼ਰੂਰ ਗੇੜਾ ਲਾਉਣਾ ਪਊਗਾ ਨਹੀਂ ਤਾਂ ਚੋਣਾਂ ਦੇ ਦਿਨਾਂ ਵਿੱਚ ਲੋਕ ਉਮੀਦਵਾਰਾਂ ਦੇ ਚੱਕਰ ਲਵਾ ਦਿੰਦੇ ਹਨ।

# ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੈਸ਼ਨਲ ਐਜੂਕੇਸ਼ਨ ਐਵਾਰਡ ਨਾਲ ਸਨਮਾਨਿਤ



**ਤਰਨ ਤਾਰਨ, ਖਡੂਰ ਸਾਹਿਬ (ਪ੍ਰਿਤਪਾਲ ਸਿੰਘ, ਸਰਬਜੋਤ ਸੰਧਾ)**

ਗੋਇੰਦਵਾਲ ਸਾਹਿਬ ਤੋਂ ਤਰਨ ਤਾਰਨ ਰੋਡ 'ਤੇ ਸਥਿਤ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਮਾਨਯੋਗ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੂੰ ਰਾਸ਼ਟਰੀ ਪੱਧਰ ਤੇ ਨੈਸ਼ਨਲ ਐਜੂਕੇਸ਼ਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਹ ਸਨਮਾਨ ਸਮਾਰੋਹ ਧਰਮ ਸਿੰਘ ਆਡੀਟੋਰੀਅਮ, ਅੰਮ੍ਰਿਤਸਰ ਵਿਖੇ ਅਰਾਧਿਆ ਇੱਕ ਅਹਿਸਾਸ ਫਾਊਂਡੇਸ਼ਨ ਵੱਲੋਂ ਰਾਸ਼ਟਰੀ ਪੱਧਰ 'ਤੇ ਕਰਵਾਇਆ ਗਿਆ ਜਿਸ ਵਿੱਚ ਮਾਣਯੋਗ ਆਈਪੀਐੱਸ ਅਰਵਿੰਦ ਮੀਨਾ, ਏਸੀਪੀ ਨਾਰਥ ਸਬ-ਡਵੀਜ਼ਨ, ਅੰਮ੍ਰਿਤਸਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਜ਼ਿਕਰਯੋਗ ਹੈ ਕਿ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੂੰ ਇਹ ਐਵਾਰਡ ਸਿੱਖਿਆ ਦੇ ਖੇਤਰ ਵਿੱਚ ਅਗਾਂਹਵਧੂ ਸੋਚ ਰੱਖਣ, ਸਿੱਖਿਆ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਉਣ ਲਈ ਮਿਲਿਆ ਹੈ।ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹ ਸਨਮਾਨ ਵਿੱਦਿਆ ਦੇ ਖੇਤਰ ਵਿੱਚ ਪਰਿਵਰਤਨਸ਼ੀਲ ਲੀਡਰਸ਼ਿਪ ਅਤੇ ਦੂਰਅੰਦੇਸ਼ੀ ਸੋਚ ਰੱਖਣ ਵਾਲੇ ਸਿੱਖਿਅਕਾਂ ਨੂੰ ਸਮਰਪਿਤ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ ਡਾ. ਜਤਿੰਦਰਪਾਲ ਸਿੰਘ ਰੰਧਾਵਾ ਦਾ ਨਾਮ ਜ਼ਿਲ੍ਹਾ ਤਰਨ ਤਾਰਨ ਦੇ ਸਕੂਲ ਸੰਚਾਲਕਾਂ ਵਿੱਚੋਂ ਪਹਿਲੇ ਦਰਜੇ ਤੇ ਹੈ।ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਮੈਡਮ ਮਨੀਸ਼ਾ ਸੂਦ, ਅਧਿਆਪਕਾਂ, ਵਿਦਿਆਰਥੀਆਂ ਅਤੇ ਸੁਪੋਰਟਿਵ ਸਟਾਫ ਨੇ ਮਾਨਯੋਗ ਡਾਇਰੈਕਟਰ ਸਾਹਿਬ ਨੂੰ ਮੁਬਾਰਕਬਾਦ ਦਿੱਤੀ।ਇਸ ਸੰਬੰਧੀ ਮੈਨੇਜਿੰਗ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੇ ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ, ਬੱਚਿਆਂ ਅਤੇ ਮਾਤਾ-ਪਿਤਾ ਦੀਆਂ ਸ਼ੁਭਕਾਮਨਾਵਾਂ ਦਾ ਧੰਨਵਾਦ ਕੀਤਾ।

# ਪਸ਼ੂਆਂ ਦੀਆਂ ਬਿਮਾਰੀਆਂ ਸੰਬੰਧੀ ਖ਼ਾਲਸਾ ਕਾਲਜ ਆਫ ਵੈਟਰਨਰੀ 'ਚ ਸੈਮੀਨਾਰ ਆਯੋਜਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਦੀ ਫ਼ੈਕਲਟੀ ਨੇ ਪ੍ਰੋਗਰੈਸਿਵ ਲਾਈਵਸਟਾਕ ਫਾਰਮਰਜ਼ ਐਸੋਸੀਏਸ਼ਨ (ਪੀਐੱਲਐੱਫਏ), ਪੰਜਾਬ ਨੇ ਉਚਾ ਪਿੰਡ, ਖਮਾਣੋਂ (ਫਤਿਹਗੜ੍ਹ ਸਾਹਿਬ) ਵਿਖੇ ਵਾਰ-ਵਾਰ ਪ੍ਰਜਨਨ, ਮਾਸਟਾਈਟਸ ਅਤੇ ਪ੍ਰੋਟੋਜੋਆਨ ਬਿਮਾਰੀਆਂ 'ਤੇ ਕਰਵਾਏ ਗਏ ਇਕ ਰੋਜ਼ਾ ਸੈਮੀਨਾਰ 'ਚ ਸ਼ਿਰਕਤ ਕਰਕੇ ਆਪਣੇ ਮਹੱਤਵਪੂਰਨ ਸੁਝਾਵਾਂ ਨੂੰ ਸਾਂਝਾ ਕੀਤਾ।ਇਸ ਸੈਮੀਨਾਰ 'ਚ ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਨੇ ਮਾਹਿਰ ਅਤੇ ਸਰੋਤ ਵਿਅਕਤੀ ਵਜੋਂ ਹਿੱਸਾ ਲੈਂਦਿਆਂ ਡੇਅਰੀ ਜਾਨਵਰਾਂ 'ਚ ਵਾਰ-ਵਾਰ ਪ੍ਰਜਨਨ ਅਤੇ ਮਾਸਟਾਈਟਸ ਦਾ ਪ੍ਰਬੰਧਨ 'ਤੇ ਵਿਸਥਾਰਪੂਰਵਕ ਭਾਸ਼ਣ ਦਿੱਤਾ।ਉਨ੍ਹਾਂ ਕਿਹਾ ਕਿ ਵਾਰ-ਵਾਰ ਪ੍ਰਜਨਨ ਇਕ ਪ੍ਰਮੁੱਖ ਪ੍ਰਜਨਨ ਸਮੱਸਿਆ ਹੈ ਜਿਸ ਨਾਲ ਵੱਛੇ, ਦੁੱਧ ਦੇ ਸਬੰਧ 'ਚ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ ਅਤੇ ਡੇਅਰੀ ਕਿਸਾਨਾਂ ਦੇ ਵਿਕਾਸ ਲਈ ਇੱਕ ਵੱਡੀ ਰੁਕਾਵਟ ਹੈ।ਉਨ੍ਹਾਂ ਕਿਹਾ ਕਿ ਇਹ ਇੱਕ ਪੁਰਾਣੀ ਸਮੱਸਿਆ ਹੈ ਜਿਸ ਨਾਲ ਸੜਕਾਂ 'ਤੇ ਅਵਾਰਾ ਜਾਨਵਰਾਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ, ਜਦੋਂਕਿ ਮਾਸਟਾਈਟਸ ਵੀ ਆਰਥਿਕ ਤੌਰ 'ਤੇ ਸਬੰਧਿਤ ਸਮੱਸਿਆ ਹੈ ਜਿਸ ਨਾਲ ਕਿਸਾਨਾਂ ਨੂੰ ਦੁੱਧ ਅਤੇ ਬੱਕਰੀਆਂ ਦੇ ਮਾਮਲੇ 'ਚ ਭਾਰੀ ਨੁਕਸਾਨ ਹੁੰਦਾ ਹੈ।ਉਨ੍ਹਾਂ ਕਿਹਾ ਕਿ ਇਸ ਮੌਕੇ ਸਵਾਲ ਜਵਾਬ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ 'ਚ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਮੌਕੇ 'ਤੇ ਹੀ ਉਨ੍ਹਾਂ ਦੇ ਹੱਲ ਸਾਂਝੇ ਕੀਤੇ ਗਏ।ਸੈਮੀਨਾਰ ਦੌਰਾਨ ਇਕ ਆਕਰਸ਼ਕ ਪ੍ਰਦਰਸ਼ਨੀ ਵੀ ਲਗਾਈ ਗਈ।ਸੈਮੀਨਾਰ 'ਚ ਪੀ. ਐੱਲ. ਐੱਫ. ਏ., ਪੰਜਾਬ ਨਾਲ ਰਜਿਸਟਰਡ ਲਗਭਗ 120 ਡੇਅਰੀ ਕਿਸਾਨਾਂ ਨੇ ਭਾਗ ਲਿਆ।ਇਸ ਮੌਕੇ ਪੀ. ਐੱਲ. ਐੱਫ. ਏ. ਦੇ ਪ੍ਰਧਾਨ ਸੰਦੀਪ ਸਿੰਘ ਰੰਧਾਵਾ ਨੇ ਡਾ. ਵਰਮਾ ਦਾ ਸੈਮੀਨਾਰ 'ਚ ਹਿੱਸਾ ਲੈਣ ਲਈ ਧੰਨਵਾਦ ਕੀਤਾ।ਡਾ. ਵਰਮਾ ਨੇ ਕਿਹਾ ਕਿ ਸੈਮੀਨਾਰ ਨੂੰ ਕਾਰਸ ਲੈਬਾਰਟਰੀਜ਼ ਪ੍ਰਾਈਵੇਟ ਲਿਮਟਿਡ, ਕਰਨਾਲ ਦੁਆਰਾ ਸਪਾਂਸਰ ਕੀਤਾ ਗਿਆ ਸੀ।ਇਸ ਸੈਮੀਨਾਰ ਮੌਕੇ ਕਿਸਾਨਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਕਿਸਾਨ ਭਾਈਚਾਰੇ ਲਈ ਅਜਿਹੇ ਸੈਮੀਨਾਰ ਨਿਯਮਿਤ ਤੌਰ 'ਤੇ ਮਹੀਨਾਵਾਰ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ, ਜਿਸ ਤਹਿਤ ਇਸ ਦਾ ਅਗਲਾ ਸੈਮੀਨਾਰ ਜਲਦ ਹੀ ਅੰਮ੍ਰਿਤਸਰ ਵਿਖੇ ਆਯੋਜਿਤ ਕੀਤਾ ਜਾਵੇਗਾ।



# ਸਰਦੂਲ ਸਿੰਘ ਸਹਾਬਪੁਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ



**ਵੇਰਕਾ (ਰਾਣਾ)**

ਬਲਾਕ ਸਿੱਖਿਆ ਅਫ਼ਸਰ (ਐਲੀ:) ਬਲਾਕ ਅੰਮ੍ਰਿਤਸਰ-4 ਤੇ ਵਾਧੂ ਚਾਰਜ ਬਲਾਕ ਵੇਰਕਾ ਅੰਮ੍ਰਿਤਸਰ ਦੇ ਪੂਜਨੀਕ ਪਿਤਾ ਸਵ: ਸਰਦੂਲ ਸਿੰਘ ਸਹਾਬਪੁਰ ਜੋ ਬੀਤੇ 9 ਫਰਵਰੀ ਦਿਨ ਐਤਵਾਰ ਨੂੰ ਸੰਖੇਪ ਜਿਹੀ ਬਿਮਾਰੀ ਕਾਰਨ ਅਚਨਚੇਤ ਪਰਿਵਾਰ ਨੂੰ ਸਦੀਵੀ ਵਿਛੋੜਾ ਦਿੰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਨਮਿਤ ਪਰਿਵਾਰ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਸਹਾਬਪੁਰ ਤਰਨ ਤਾਰਨ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਗੁ: ਭਾਈ ਕਰਮ ਸਿੰਘ ਹਾਲ ਜੰਡਿਆਲਾ ਰੋਡ, ਤਰਨ ਤਾਰਨ ਵਿਖੇ ਹੋਈ।ਉਪਰੰਤ ਰਾਗੀ ਸਿੰਘਾਂ ਵੱਲੋਂ ਰਸਭਿੰਨਾ ਵੈਰਾਗਮਈ ਕੀਰਤਨ ਕੀਤਾ ਗਿਆ। ਵੱਖ-ਵੱਖ ਸਮਾਜਿਕ, ਰਾਜਨੀਤਕ, ਧਾਰਮਿਕ, ਮੁਲਾਜ਼ਮ, ਮਜ਼ਦੂਰ, ਪੈਨਸ਼ਨਰਜ, ਸਮਾਜ ਸੇਵੀ ਸੰਸਥਾਵਾਂ ਅਤੇ ਅਧਿਆਪਕ ਯੂਨੀਅਨ ਦੇ ਆਗੂਆਂ ਨੇ ਸ਼ਰਧਾ ਦੇ ਸੁਮਨ ਭੇਟ ਕਰਦੇ ਹੋਏ ਉਨ੍ਹਾਂ ਦੀ ਤਮਾਮ ਜ਼ਿੰਦਗੀ ਦਾ ਲੇਖਾ ਜੋਖਾ ਕਰਦਿਆਂ ਬਾਖੂਬੀ ਨਿਭਾਈ ਗਈ ਪਰਿਵਾਰਕ ਜ਼ਿੰਮੇਵਾਰੀ ਅਤੇ ਸਮਾਜ ਸੇਵਾ ਲਈ ਕੀਤੇ ਹੋਏ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਇਸ ਮੌਕੇ ਸਰਦੂਲ ਸਿੰਘ ਸਹਾਬਪੁਰ ਨੂੰ ਜ਼ਿਲਾ ਸਿੱਖਿਆ ਅਫਸਰ (ਐਲੀ:) ਕੰਵਲਜੀਤ ਸਿੰਘ, ਚੇਅਰਮੈਨ ਸੁਖਦੇਵ ਸਿੰਘ ਜੰਡੂਕੇ, ਸੀਨੀ: ਮੀਤ ਪ੍ਰਧਾਨ ਸਮਾਜਿਕ ਨਿਆ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਪੰਜਾਬ ਤੇਜਿੰਦਰ ਸਿੰਘ ਸੋਹੀ, ਪ੍ਰਧਾਨ ਪ੍ਰਭਦੀਪ ਸਿੰਘ ਗੋਹਲਵੜ ਬੀਐਡ ਫਰੰਟ, ਸੂਬਾਈ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂੰ ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ, ਪ੍ਰਧਾਨ ਰਾਕੇਸ਼ ਕੁਮਾਰ ਗੋ:ਸਕੂਲ ਟੀਚਰ ਯੂਨੀਅਨ, ਜਨਰਲ ਸਕੱਤਰ ਸੁਖਵਿੰਦਰ ਸਿੰਘ ਮਾਨ ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ, ਪ੍ਰਧਾਨ ਬਲਕਾਰ ਸਿੰਘ ਵਲਟੋਹਾ, ਗੁਰਵੇਲ ਸਿੰਘ ਲੁਹਾਰੀਆ, ਸਰਪੰਚ ਸੇਵਾ ਸਿੰਘ ਅਟੱਲਗੜ੍ਹ, ਕੀਰਤਪਰਤਾਪ ਸਿੰਘ ਨੱਥੂਪੁਰ, ਡਿਪਟੀ ਡੀ.ਈ.ਓ (ਐਲੀ:) ਅੰਮ੍ਰਿਤਸਰ ਇੰਦੂ ਗਲਹੋਤਰਾ, ਜਤਿੰਦਰ ਸਿੰਘ ਬਲਾਕ ਮਜੀਠਾ, ਰਣਜੀਤਪ੍ਰੀਤ ਸਿੰਘ ਬਲਾਕ ਜੰਡਿਆਲਾ, ਦਲਜੀਤ ਸਿੰਘ ਬਲਾਕ ਅਜਨਾਲਾ ਤੋਂ ਇਲਾਵਾ ਹੋਰ ਵੀ ਕਈ ਸ਼ਖਸੀਅਤਾਂ ਨੇ ਸ਼ਰਧਾਂਲੀ ਭੇਟ ਕੀਤੀ। ਇਸ ਦੌਰਾਨ ਸਟੇਜ ਸਕੱਤਰ ਦੀ ਅਹਿਮ ਭੂਮਿਕਾ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸੂਬਾਈ ਪ੍ਰੈਸ ਸਕੱਤਰ ਸਮਾਜਿਕ ਨਿਆਂ, ਸ਼ਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਪੰਜਾਬ ਨੇ ਬਾਖੂਬੀ ਨਿਭਾਈ।

# ਚੇਅਰਮੈਨ ਸੇਖਵਾਂ ਨੇ ਤੁਗਲਵਾਲ-ਚੱਕ ਸ਼ਰੀਫ਼ ਰੋਡ 'ਤੇ ਬਣ ਰਹੇ ਪੁਲ ਦਾ ਲਿਆ ਜਾਇਜ਼ਾ

**ਗੁਰਦਾਸਪੁਰ, (ਜਨਕ ਮਹਾਜਨ)**

ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵਲੋਂ ਤੁਗਲਵਾਲ-ਚੱਕ ਸ਼ਰੀਫ਼ ਰੋਡ ਉੱਪਰ ਬਣ ਰਹੇ ਪੁਲ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸਾਲ 2023 ਦੇ ਬਰਸਾਤੀ ਸੀਜ਼ਨ ਦੌਰਾਨ ਪੌਂਗ ਡੈਮ ਤੋਂ ਬਿਆਸ ਦਰਿਆ ਵਿੱਚ ਬਹੁਤ ਜ਼ਿਆਦਾ ਪਾਣੀ ਛੱਡਣ ਨਾਲ ਤੁਗਲਵਾਲਾ-ਚੱਕ ਸ਼ਰੀਫ਼ ਰੋਡ ਉੱਪਰ ਬਣਿਆ ਪੁਲ, ਪਾਣੀ ਦੇ ਤੇਜ਼ ਵਹਾਅ ਕਾਰਨ ਜ਼ਮੀਨ ਦੇ ਹੇਠਾਂ ਵੱਲ ਧਸ ਗਿਆ ਸੀ। ਇਸ ਪੁਲ ਦੇ ਨੁਕਸਾਨੇ ਜਾਣ ਕਾਰਨ ਕਾਹਨੂੰਵਾਨ ਦੇ ਬੇਟ ਇਲਾਕੇ ਦੇ 40 ਪਿੰਡਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਸੀ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਅਤੇ ਰਾਹਗੀਰਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੇ ਪੰਜਾਬ ਸਰਕਾਰ ਕੋਲੋਂ 220.00 ਲੱਖ ਰੁਪਏ ਲਾਗਤ ਨਾਲ ਤੁਗਲਵਾਲਾ-ਚੱਕ ਸ਼ਰੀਫ਼ ਰੋਡ ਉੱਪਰ 2 ਸਪੈਨ 8 ਮੀਟਰ ਈਚ ਕਰਾਸਿੰਗ ਦੇ ਹਾਈ ਲੈਵਲ ਬਰਿੱਜ ਨੂੰ ਪਾਸ ਕਰਵਾਇਆ ਸੀ, ਜਿਸ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਵਲੋਂ ਕੀਤੀ ਜਾ ਰਹੀ ਹੈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਵਲੋਂ ਇਸ ਪੁਲ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਸਾਲ ਜੂਨ ਮਹੀਨੇ ਤੱਕ ਇਸ ਪੁਲ ਦੀ ਉਸਾਰੀ ਮੁਕੰਮਲ ਕਰਨ ਦਾ ਟੀਚਾ ਹੈ।



# ਡਿਪਟੀ ਕਮਿਸ਼ਨਰ ਗੁਪਤਾ ਵੱਲੋਂ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਛੰਬ ਦਾ ਦੌਰਾ

**ਧਾਰੀਵਾਲ /ਕਾਹਨੂੰਵਾਨ, (ਮਨਦੀਪ ਸਿੰਘ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਵੱਲੋਂ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਛੰਬ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਤਹਿਸੀਲਦਾਰ ਗੁਰਦਾਸਪੁਰ ਰਤਨਜੀਤ ਖੁੱਲਰ, ਹਿਸਟੋਰੀਅਨ ਸਿਮਰ ਸਿੰਘ, ਐਡਵੋਕੇਟ ਪ੍ਰਵੇਜ਼ ਇੰਦਰ ਸਿੰਘ, ਗੁਰਮੇਹਰ ਸਾਹਿਬ ਜੀਤ ਸਿੰਘ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਸਕੱਤਰ ਸਾਬਕਾ ਪ੍ਰੋ. ਰਾਜ ਕੁਮਾਰ ਸ਼ਰਮਾਂ ਤੇ ਹੋਰ ਮੈਂਬਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਸਭ ਤੋਂ ਪਹਿਲਾਂ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਦਾ ਦੌਰਾ ਕੀਤਾ ਗਿਆ।ਉਨ੍ਹਾਂ ਨੇ ਵਿਕਟਰੀ ਟਾਵਰ, ਸ਼ਹੀਦੀ ਗੈਲਰੀ, ਲਾਇਬ੍ਰੇਰੀ ਅਤੇ ਮਲਟੀਮੀਡੀਆ ਰੂਮ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨੇ ਕਾਹਨੂੰਵਾਨ ਛੰਬ ਵਿਖੇ ਸੰਨ 1746 ਨੂੰ ਹੋਏ ਛੋਟਾ ਘੱਲੂਘਾਰੇ ਸਬੰਧੀ ਬਣੀ ਇੱਕ ਦਸਤਾਵੇਜ਼ੀ ਫਿਲਮ ਵੀ ਦੇਖੀ।ਇਸ ਮੌਕੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦਾ ਇਤਿਹਾਸਕ ਅਤੇ ਧਾਰਮਿਕ ਵਿਰਸਾ ਬਹੁਤ ਅਮੀਰ ਹੈ।ਉਨ੍ਹਾਂ ਕਿਹਾ ਕਿ ਕਾਹਨੂੰਵਾਨ ਛੰਬ ਦੀ ਧਰਤੀ ਹਜ਼ਾਰਾਂ ਸਿੰਘਾਂ ਦੇ ਖੂਨ ਨਾਲ ਸਿੰਜੀ ਹੋਈ ਪਾਵਨ ਧਰਤੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿੱਚ ਬਹੁਤ ਖ਼ੂਬਸੂਰਤ ਯਾਦਗਾਰ ਬਣਾਈ ਗਈ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸ਼ਹੀਦੀ ਯਾਦਗਾਰ ਦੀ ਸੰਭਾਲ ਵੱਲ ਹੋਰ ਵੀ ਉਚੇਚਾ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਗੌਰਮਸ਼ਾਲੀ ਵਿਰਸੇ ਤੋਂ ਜਾਣੂ ਕਰਵਾਉਣ ਲਈ ਅਜਿਹੀਆਂ ਇਤਿਹਾਸਕ ਮਹੱਤਤਾ ਵਾਲੀਆਂ ਥਾਂਵਾਂ ਦੇ ਦਰਸ਼ਨ ਕਰਵਾਏ ਜਾਣਗੇ।ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹੇ ਦੇ ਅਮੀਰ ਧਾਰਮਿਕ ਤੇ ਇਤਿਹਾਸਕ ਵਿਰਸੇ ਤੇ ਵਿਰਾਸਤ ਨੂੰ ਸੰਭਾਲਣ ਤੇ ਪ੍ਰਚਾਰਨ ਬਾਰੇ ਵਿਚਾਰਾਂ ਵੀ ਕੀਤੀਆਂ।ਇਸ ਮੌਕੇ ਉਨ੍ਹਾਂ ਸਮਾਰਕ ਦੀਆਂ ਪਾਰਕਾਂ ਅਤੇ ਫੁਹਾਰਿਆਂ ਦਾ ਨਿਰੀਖਣ ਕੀਤਾ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਲਈ ਨਿਰਦੇਸ਼ ਦਿੱਤੇ।ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਸ਼ਹੀਦੀ ਸਮਾਰਕ ਵਿੱਚ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਅਤੇ ਇਸਦੀ ਖੂਬਸੂਰਤੀ ਵਿੱਚ ਹੋਰ ਵਾਧਾ ਕਰਨ ਲਈ ਫੁੱਲ-ਬੂਟੇ ਲਗਾਏ ਜਾਣ।



# 47 ਦੀ ਵੰਡ ਤੋਂ ਬਾਅਦ ਪੰਜਾਬ ਟੁਕੜੇ ਹੋਣ ਕਰਕੇ ਸੁੰਗੜਿਆ

**ਗੁਰਮੁਖੀ ਗੁਰੂ ਸਾਹਿਬਾਨ ਦੀ ਅਨਮੋਲ ਬਖ਼ਸ਼ਿਸ਼ ਹੈ ਜਿਸਦਾ ਪ੍ਰਚਾਰ/ਪਰਸਾਰ ਕਰਨਾ ਸਾਡਾ ਫਰਜ਼ ਹੈ : ਛੀਨਾ**

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸੰਨ 1947 ਦੇ ਬਟਵਾਰੇ ਕਾਰਨ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਅਵਾਮ ਨੇ ਅਤਿ ਪੀੜਾ ਆਪਣੇ ਪਿੰਡੇ 'ਤੇ ਹੰਢਾਈ ਅਤੇ 2 ਹਿੱਸਿਆਂ 'ਚ ਵੰਡਿਆ ਗਿਆ ਪੰਜਾਬ ਆਪਣੀ ਦੁਖਭਰੀ ਦਾਸਤਾਨ ਆਪਣੇ ਸੀਨੇ 'ਚ ਦਫ਼ਨਾਈ ਬੈਠਾ ਹੋਇਆ ਹੈ।ਲਹਿੰਦੇ ਪੰਜਾਬ ਨੇ ਵੀ ਦਰਦ ਭੋਗਿਆ ਅਤੇ ਮਾਂ ਬੋਲੀ ਪੰਜਾਬੀ ਵੀ ਹਿੱਸਿਆਂ 'ਚ ਵੰਡੀ ਗਈ।ਪਰ ਫ਼ਿਰ ਵੀ ਪੰਜਾਬੀ ਭਾਸ਼ਾ ਦੇ ਪੈਰੋਕਾਰ ਦੁਨੀਆ ਭਰ 'ਚ ਆਪਣਾ ਲੋਹਾ ਮਨਵਾ ਰਹੇ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਅੱਜ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਕਰਵਾਏ ਸੈਮੀਨਾਰ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਕੀਤਾ ਗਿਆ। ਇਸ ਮੌਕੇ ਸ: ਛੀਨਾ ਨੇ ਕਿਹਾ ਕਿ '47 ਦੀ ਵੰਡ ਤੋਂ ਬਾਅਦ ਪੰਜਾਬ ਕਈ ਟੁਕੜਿਆਂ 'ਚ ਹੋਣ ਕਰਕੇ ਸੁੰਗੜ ਕੇ ਰਹਿ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਮਾਂ-ਬੋਲੀ ਰਾਹੀਂ ਅਸੀਂ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਾ ਸਕਦੇ ਹਾਂ ਅਤੇ ਪੰਜਾਬੀ ਸਾਹਿਤਕਾਰ ਪੰਜਾਬੀ ਭਾਸ਼ਾ ਦੇ ਵਾਰਸ ਬਣ ਕੇ ਇਸ ਦਾ ਪਸਾਰ ਅਤੇ ਵਿਕਾਸ ਕਰ ਰਹੇ ਹਾਂ, ਸਾਨੂੰ ਸਾਰਿਆਂ ਨੂੰ ਮਾਂ-ਬੋਲੀ ਦੀ ਮਹੱਤਤਾ ਪ੍ਰਤੀ ਚੇਤੰਨ ਹੋਣ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਗੁਰਮੁੱਖੀ ਗੁਰੂ ਸਾਹਿਬਾਨ ਦੀ ਅਨਮੋਲ ਬਖ਼ਸ਼ਿਸ਼ ਹੈ, ਜਿਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਾਡਾ ਮੁੱਢਲਾ ਫਰਜ ਬਣਦਾ ਹੈ।ਉਨ੍ਹਾਂ ਕਿਹਾ ਕਿ ਇਸ ਕਥਨ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਵਿਦੇਸ਼ਾਂ 'ਚ ਗੁਰਮੁੱਖੀ ਦਾ ਪ੍ਰਸਾਰ ਇਸ ਕਦਰ ਪ੍ਰਫ਼ੁਲਿੱਤ ਹੋਇਆ ਹੈ ਕਿ ਕਈ ਬੋਰਡ ਪੰਜਾਬੀ ਮਾਂ ਭਾਸ਼ਾ ਲਗਾਏ ਗਏ ਹਨ।ਪ੍ਰੋਗਰਾਮ ਦੀ ਸ਼ੁਰੂਆਤ 'ਚ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਸ: ਛੀਨਾ ਅਤੇ ਵਿਸ਼ੇਸ਼ ਮਹਿਮਾਨ ਵਿਰਸਾ ਵਿਹਾਰ ਦੇ ਚੇਅਰਮੈਨ ਕੇਵਲ ਧਾਲੀਵਾਲ, ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ, ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਸਵਾਗਤ ਕੀਤਾ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਅਤੇ ਇਸ ਨੂੰ ਪੇਸ਼ ਆ ਰਹੀਆਂ ਦਰਪੇਸ਼ ਸਮੱਸਿਆਂ ਬਾਰੇ ਚਰਚਾ ਕਰਦੇ ਹੋਏ ਇਨ੍ਹਾਂ ਨਾਲ ਨਜਿੱਠਣ ਦੇ ਢੰਗਾਂ ਬਾਰੇ ਆਪਣੇ ਸੁਝਾਅ ਪੇਸ਼ ਕੀਤੇ।ਉਪਰੰਤ ਧਾਲੀਵਾਲ ਨੇ ਕਿਹਾ ਕਿ ਰੰਗਮੰਚ ਇਕ ਅਜਿਹਾ ਮੰਚ ਹੈ ਜਿਸ ਰਾਹੀਂ ਅਸੀ ਸਮਾਜ 'ਚ ਕਿਸੇ ਵੀ ਮੁੱਦੇ ਪ੍ਰਤੀ ਚੇਤੰਨਤਾ ਪੈਦਾ ਕਰ ਸਕਦੇ ਹਾਂ ਅਤੇ ਸਰੋਤਿਆਂ ਦੀ ਸੰਵੇਦਨਾ ਨੂੰ ਟੁੰਬ ਸਕਦੇ ਹਾਂ।ਇਸ ਮੌਕੇ ਡਾ. ਸੋਮਪਾਲ ਹੀਰਾ ਦੁਆਰਾ ਸੋਲੋ ਨਾਟਕ 'ਭਾਸ਼ਾ ਵਹਿੰਦਾ ਦਰਿਆ' ਦਾ ਬਹੁਤ ਹੀ ਖ਼ੂਬਸੂਰਤ ਮੰਚਨ ਕੀਤਾ ਗਿਆ, ਜਿਸ 'ਚ ਉਨ੍ਹਾਂ ਸੁਰਜੀਤ ਪਾਤਰ ਦੀਆਂ ਪੰਜਾਬੀ ਨਾਲ ਸਬੰਧਿਤ ਕਵਿਤਾਵਾਂ ਨੂੰ ਅਧਾਰ ਬਣਾ ਕੇ ਸਰੋਤਿਆਂ ਅੰਦਰ ਪੰਜਾਬੀ ਭਾਸ਼ਾ ਪ੍ਰਤੀ ਸੰਵੇਦਨਾ ਪੈਦਾ ਕੀਤੀ।ਇਸ ਦੌਰਾਨ ਸ: ਛੀਨਾ ਨੇ ਡਾ. ਕੁਮਾਰ ਤੇ ਹੋਰਨਾਂ ਮਹਿਮਾਨਾਂ ਨਾਲ ਮਿਲ ਕੇ ਕਵਿਤਾ ਉਚਾਰਨ ਅਤੇ ਸੂਫੀ ਗਾਇਨ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਪ੍ਰੋਗਰਾਮ ਦੇ ਅੰਤ 'ਚ ਡਾ. ਕੁਮਾਰ ਅਤੇ ਵਾਈਸ ਪ੍ਰਿੰਸੀਪਲ ਡਾ. ਨਿਰਮਲਜੀਤ ਕੌਰ ਨਾਲ ਮਿਲ ਕੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਪੰਜਾਬੀ ਸਾਹਿਤ ਸਭਾ ਕੈਨੇਡਾ ਦੇ ਪ੍ਰਧਾਨ ਗਿਆਨ ਸਿੰਘ, ਸਤਬੀਰ ਸਿੰਘ ਤੋਂ ਇਲਾਵਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਗੁਰੂ ਸਾਗਰ ਪਬਲਿਕ ਸਕੂਲ ਪੰਧੇਰ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**

ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਦਾ ਸਲਾਨਾ ਇਨਾਮ ਵੰਡ ਸਮਾਰੋਹ ਸਕੂਲ ਦੇ ਖੇਡ ਮੈਦਾਨ ਵਿੱਚ ਬੜੇ ਸ਼ਾਨਦਾਰ ਢੰਗ, ਉਤਸ਼ਾਹ ਤੇ ਧੂਮ-ਧਾਮ ਨਾਲ ਕਰਵਾਇਆ ਗਿਆ।ਇਸ ਸਮਾਰੋਹ ਵਿੱਚ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਅਤੇ ਇਸ ਸਮਾਰੋਹ ਨੂੰ ਯਾਦਗਾਰੀ ਬਣਾ ਦਿੱਤਾ। ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਅਵਤਾਰ ਸਿੰਘ ਕੰਗ ਮੈਨੇਜ਼ਿੰਗ ਡਾਇਰੈਕਟਰ ਅਤੇ ਚੇਅਰਪਰਸਨ ਹਰਜਿੰਦਰ ਪਾਲ ਕੌਰ ਸ਼ਾਮਿਲ ਹੋਏ।ਸਮਾਗਮ ਦੀ ਪ੍ਰਧਾਨਗੀ ਡਾ. ਗੁਲਵਤਨ ਸਿੰਘ ਕੰਗ ਅਤੇ ਸਕੂਲ ਦੇ ਪ੍ਰਬੰਧਕ ਡਾ. ਆਨੰਦਜੀਤ ਕੌਰ ਵਲੋਂ ਕੀਤੀ ਗਈ। ਸਮਾਗਮ ਦੌਰਾਨ ਜੂਨੀਅਰ ਵਿੰਗ ਦੇ ਵਿਦਿਆਰਥੀਆਂ ਵਲੋਂ ਆਪਣੀਆਂ ਐਕਟੀਵਿਟੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਸੀਨੀਅਰ ਵਿੰਗ ਵੱਲੋਂ ਗਿੱਧਾ ਅਤੇ ਭੰਗੜਾ ਦੀ ਵਿਲੱਖਣ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋ ਇੱਕ ਨਾਟਕ 'ਅਰਦਾਸ ਦਿਲ ਦੀ ਪੁਕਾਰ' ਪੇਸ਼ ਕੀਤਾ ਗਿਆ, ਜਿਸ ਵਿੱਚ ਇੱਕ ਬੱਚੇ ਦੇ ਬਾਲਗ ਜੀਵਨ ਨੂੰ ਆਕਾਰ ਦੇਣ ਵਿੱਚ ਨੈਤਿਕ ਮੁੱਲਾਂ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਗਈ।ਇਸ ਨਾਟਕ ਦੇ ਕਿਰਦਾਰ ਨਿਭਾਉਣ ਵਾਲਿਆਂ ਦੀ ਅਦਾਕਾਰੀ ਬਹੁਤ ਸ਼ਲਾਘਾਯੋਗ ਸੀ।ਪ੍ਰਿੰਸੀਪਲ ਅਤੇ ਸਟਾਫ ਵਲੋਂ ਕਾਰਵਾਈ ਗਈ ਮਿਹਨਤ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ ਅਤੇ ਵਿਦਿਆਰਥੀਆਂ ਨੇ ਆਪਣੇ ਰੋਲ ਅਤੇ ਕਿਰਦਾਰ ਬਾਖੂਬੀ ਨਿਭਾਈ ਗਈ। ਸਲਾਨਾ ਸਮਾਗਮ ਦੌਰਾਨ ਅਕੈਡਮਿਕ, ਖੇਡਾਂ, ਧਾਰਮਿਕ, ਕਲਚਰਲ ਅਤੇ ਸਮਾਜਿਕ ਖੇਤਰ ਵਿੱਚ ਮੋਹਰੀ ਰੋਲ ਨਿਭਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ. ਵੱਖ ਵੱਖ ਕਲਾਸਾਂ ਵਿੱਚ ਪਹਿਲਾ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਨੇਜ਼ਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ, ਚੇਅਰਪਰਸਨ ਹਰਜਿੰਦਰ ਪਾਲ ਕੌਰ ਡਾਇਰੈਕਟਰ ਡਾ ਗੁਲਵਤਨ ਸਿੰਘ ਕੰਗ ਅਤੇ ਸਕੂਲ ਦੇ ਪ੍ਰਬੰਧਕ ਡਾ ਆਨੰਦਜੀਤ ਕੌਰ ਵਲੋਂ ਸਨਮਾਨ ਚਿੰਨ੍ਹ ਦੇ ਕਿ ਸਨਮਾਨਿਤ ਕੀਤਾ ਗਿਆ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਾਇਰੈਕਟਰ ਡਾ. ਗੁਲਵਤਨ ਸਿੰਘ ਕੰਗ ਨੇ ਪ੍ਰਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਸਖ਼ਤ ਮਿਹਨਤ ਕਰਕੇ ਪੂਰੇ ਬੋਰਡ ਵਿੱਚੋ ਮੈਰਿਟ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਸਕੂਲ ਸਟਾਫ ਨੂੰ ਵਧਾਈ ਦਿੰਦੇ ਕਿਹਾ ਕਿ ਉਨ੍ਹਾਂ ਵਲੋਂ ਕਾਰਵਾਈ ਸਖ਼ਤ ਮਿਹਨਤ ਨਾਲ ਹੀ ਵਿਦਿਆਰਥੀ ਇਸ ਕਾਬਿਲ ਬਣੇ ਹਨ ਕਿ ਉਹ ਸਟੇਜ ਤੇ ਪ੍ਰੋਫਾਰਮ ਕਰ ਰਹੇ ਹਨ ਤੇ ਇਮਤਿਹਾਨ ਵਿੱਚ ਵਧੀਆ ਅੰਕ ਹਾਸਿਲ ਕਰ ਰਹੇ ਹਨ।ਸਕੂਲ ਦੇ ਪ੍ਰਬੰਧਕ ਡਾ. ਆਨੰਦਜੀਤ ਕੌਰ ਨੇ ਸਕੂਲ ਦੇ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਮੀਨੂ ਚੌਧਰੀ ਪ੍ਰਿੰ. ਸ੍ਰੀ ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ, ਡਾ. ਅਨਮੋਲਦੀਪ ਕੌਰ ਪ੍ਰਿੰ. ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ, ਸੁਪਨਦੀਪ ਕੌਰ ਪ੍ਰਿੰ. ਸ੍ਰੀ ਗੁਰੂ ਰਾਮਦਾਸ ਫਾਰਮੇਸੀ ਕਾਲਜ ਪੰਧੇਰ ਸਮੇਤ ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਦਾ ਸਮੂਹ ਸਟਾਫ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਭਾਰੀ ਗਿਣਤੀ ਵਿੱਚ ਹਾਜ਼ਰ ਸਨ। ਇਹ ਇਕ ਯਾਦਗਾਰੀ ਸਮਾਗਮ ਸੀ ਜਿਸ ਨੇ ਵਿਦਿਆਰਥੀਆਂ 'ਚ ਅਨੁਸ਼ਾਸਨ, ਮਿਹਨਤ ਤੇ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕੀਤਾ।ਸਕੂਲ ਦੇ ਪ੍ਰਿੰ. ਮੀਨਾਕਸ਼ੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।



ਨਵਾਂ ਜ਼ਮਾਨਾ
ਵੀਰਵਾਰ, 20 ਫ਼ਰਵਰੀ 2025

# ਸੰਗਮ ਦਾ ਪਾਣੀ ਨਹਾਉਣ ਯੋਗ ਨਹੀਂ

ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ ਮਹਾਂਕੁੰਭ ਦੌਰਾਨ 55 ਕਰੋੜ ਤੋਂ ਵੱਧ ਲੋਕ ਪ੍ਰਯਾਗਰਾਜ ਵਿਖੇ ਤ੍ਰਿਵੈਣੀ ਸੰਗਮ ਵਿੱਚ ਇਸ਼ਨਾਨ ਕਰ ਚੁੱਕੇ ਹਨ। ਹਰ ਦਿਨ ਇਹ ਗਿਣਤੀ 1 ਕਰੋੜ ਦੇ ਕਰੀਬ ਵਧ ਰਹੀ ਹੈ। ਇਸੇ ਦੌਰਾਨ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਇੱਕ ਰਿਪੋਰਟ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਅਲਾਹਾਬਾਦ ਵਿੱਚ ਸੰਗਮ ਦੇ ਜਿਸ ਪਾਣੀ ਵਿੱਚ ਸ਼ਰਧਾਲੂ ਇਸ਼ਨਾਨ ਕਰ ਰਹੇ ਹਨ, ਉਸ ਵਿੱਚ ਫੀਕਲ ਕੋਲੀਫਾਰਮ ਦੀ ਮਾਤਰਾ ਏਨੀ ਵੱਧ ਹੈ ਕਿ ਇਹ ਪਾਣੀ ਨਹਾਉਣ ਦੇ ਯੋਗ ਨਹੀਂ। ਫੀਕਲ ਕੋਲੀਫਾਰਮ ਪਾਣੀ ਵਿੱਚ ਮਨੁੱਖੀ ਤੇ ਜਾਨਵਰਾਂ ਦੇ ਮਲ (ਗੰਦਗੀ) ਵਿੱਚ ਪਾਏ ਜਾਣ ਵਾਲੇ ਸੂਖਮ ਜੀਵਾਂ ਦੀ ਮਾਤਰਾ ਨੂੰ ਕਿਹਾ ਜਾਂਦਾ ਹੈ। ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੰਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੇ ਇਸ਼ਨਾਨ ਕਰਨ ਨਾਲ ਮਨੁੱਖੀ ਮਲ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਇਆ ਹੈ।

ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਬੈਂਚ, ਜਿਸ ਵਿੱਚ ਚੇਅਰਮੈਨ ਜਸਟਿਸ ਪ੍ਰਕਾਸ਼ ਸ੍ਰੀਵਾਸਤਵ, ਨਿਆਂਇਕ ਮੈਂਬਰ ਜਸਟਿਸ ਸੁਧੀਰ ਅਗਰਵਾਲ ਤੇ ਮਾਹਰ ਮੈਂਬਰ ਏ ਸੈਂਥਿਲ ਵੇਲ ਸ਼ਾਮਲ ਹਨ, ਇੱਕ ਰਿੱਟ ਦੀ ਸੁਣਵਾਈ ਕਰ ਰਹੀ ਸੀ, ਜਿਸ ਦਾ ਸੰਬੰਧ ਗੰਗਾ ਤੇ ਯਮੁਨਾ ਨਦੀਆਂ ਵਿੱਚ ਸੀਵਰੇਜ ਦੇ ਪਾਣੀ ਨੂੰ ਰੋਕਣ ਨਾਲ ਹੈ।

ਬੀਤੀ 3 ਫਰਵਰੀ ਨੂੰ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਮਹਾਂਕੁੰਭ ਮੇਲੇ ਦੌਰਾਨ ਪ੍ਰਯਾਗਰਾਜ ਵਿੱਚ ਖਰਾਬ ਨਦੀ ਜਲ ਗੁਣਵੱਤਾ ਬਾਰੇ ਸੂਚਿਤ ਕੀਤਾ ਸੀ। ਰਿਪੋਰਟ ਵਿੱਚ ਕੁਝ ਉਲੰਘਣਾਵਾਂ ਵੱਲ ਵੀ ਇਸ਼ਾਰਾ ਕੀਤਾ ਗਿਆ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਮਹਾਂਕੁੰਭ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਨਦੀਆਂ ਵਿੱਚ ਇਸ਼ਨਾਨ ਕਰਨ, ਜਿਨ੍ਹਾਂ ਵਿੱਚ ਸ਼ੁੱਭ ਘੜੀ ਵਾਲੇ ਦਿਨ ਵੀ ਸ਼ਾਮਲ ਸਨ, ਸਮੇਂ ਮਨੁੱਖੀ ਮਲ ਵਿੱਚ ਵਾਧਾ ਹੋ ਗਿਆ। ਟ੍ਰਿਬਿਊਨਲ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੇਂਦਰੀ ਪ੍ਰਯੋਗਸ਼ਾਲਾ ਦੀ ਜਾਂਚ ਤੋਂ ਬਾਅਦ ਭੇਜੇ ਗਏ ਕਵਰਿੰਗ ਪੱਤਰ ਨਾਲ ਨੱਥੀ ਕੀਤੇ ਗਏ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਵੱਖ-ਵੱਖ ਥਾਵਾਂ ਉਤੇ ਮਨੁੱਖੀ ਤੇ ਜਾਨਵਰਾਂ ਦੀ ਗੰਦਗੀ ਦੇ ਨਾਲ ਕੋਲੀਫਾਰਮ ਦਾ ਉੱਚਾ ਪੱਧਰ ਪਾਇਆ ਗਿਆ ਹੈ।

ਰਿਪੋਰਟ ਅਨੁਸਾਰ ਗਰੀਨ ਟ੍ਰਿਬਿਊਨਲ ਨੇ ਇਹ ਵੀ ਨੋਟ ਕੀਤਾ ਕਿ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੋਰਟ ਦੇ ਹੁਕਮਾਂ ਮੁਤਾਬਕ ਵਿਸਥਾਰਤ ਰਿਪੋਰਟ ਦਾਖ਼ਲ ਨਹੀਂ ਕੀਤੀ। ਕੋਰਟ ਨੇ ਰਾਜ ਦੇ ਸਰਕਾਰੀ ਵਕੀਲ ਨੂੰ ਰਿਪੋਰਟ ਦੀ ਜਾਂਚ ਕਰਨ ਤੇ ਜਵਾਬ ਦਾਖਲ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਰਿਪੋਰਟ ਦੇ ਆਉਣ ਤੋਂ ਬਾਅਦ ਕਰੋੜਾਂ ਸ਼ਰਧਾਲੂਆਂ ਦੀ ਸਿਹਤ ਤੇ ਸੁਰੱਖਿਆ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਪ੍ਰਦੂਸ਼ਤ ਪਾਣੀ ਵਿੱਚ ਡੁਬਕੀ ਲਾਉਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।

# ਫਾਸ਼ੀਵਾਦ ਵੱਲ ਵਧਦੇ ਸੰਘ ਪਰਵਾਰ ਦੇ ਕਦਮ

**ਵਿਸ਼ਵਾ ਮਿੱਤਰ**

27 ਸਤੰਬਰ 1925 ਦੁਸਹਿਰੇ ਵਾਲੇ ਦਿਨ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਪ੍ਰਚਾਰ, ਪ੍ਰਸਾਰ ਅਤੇ ਅਮਲੀ ਰੂਪ ਦੇਣ ਲਈ ਆਰ ਐੱਸ ਐੱਸ ਦੀ ਸਥਾਪਨਾ ਹੋਈ। ਸੌ ਸਾਲ ਦਾ ਟੀਚਾ ਮਿੱਥਿਆ ਗਿਆ ਜਿਸ ਵਿਚ ਭਾਰਤ ਨੂੰ ਹਿੰਦੂ ਧਰਮ ਅਧਾਰਿਤ ਦੇਸ਼ ਬਣਾਉਣਾ ਸੀ ਅਤੇ ਇਹ ਸੌ ਸਾਲ 27 ਸਤੰਬਰ 2025 ਨੂੰ ਪੂਰੇ ਹੋ ਰਹੇ ਹਨ। ਸਮੇਂ-ਸਮੇਂ ਆਰ ਐੱਸ ਐੱਸ ਦੇ ਸਰ ਸੰਘਚਾਲਕ ਹਿੰਦੂ ਰਾਸ਼ਟਰ ਬਣਾਉਣ ਦੀ ਰੂਪ-ਰੇਖਾ ਬਾਰੇ ਬਿਆਨ ਦੇਂਦੇ ਰਹਿੰਦੇ ਹਨ, ਕਦੇ ਇਹ ਬਿਆਨ ਨਰਮ, ਕਦੇ ਗਰਮ ਅਤੇ ਕਦੇ ਰਾਜਨੀਤਿਕ ਹੁੰਦੇ ਹਨ। ਹਿੰਦੂ ਧਰਮ ਅਧਾਰਿਤ ਦੇਸ਼ ਬਣਾਉਣਾ ਹੈ, ਪਰ ਹਿੰਦੂ ਧਰਮ ਦਾ ਕੋਈ ਇੱਕ ਸਾਂਝਾ ਗ੍ਰੰਥ ਨਹੀਂ ਹੈ ਅਤੇ ਵੇਦਾਂ ਵਿੱਚ ਵੀ ਕਿਸੇ ਥਾਂ ਹਿੰਦੂ ਜਾਂ ਹਿੰਦੂ ਧਰਮ ਦਾ ਜ਼ਿਕਰ ਨਹੀਂ ਹੈ। ਹਿੰਦੂ ਧਰਮ ਵਿੱਚ ਚਾਰ ਸੰਪ੍ਰਦਾਇ ਵੈਸ਼ਨਵ, ਸ਼ੈਵ, ਸ਼ਾਕਤ ਅਤੇ ਸਮਾਰਤ ਹਨ, ਜਿਹੜੇ ਕ੍ਰਮਵਾਰ ਵਿਸ਼ਣੂ ਨੂੰ ਰੱਬ ਮੰਨਦੇ ਹਨ, ਸ਼ਿਵ ਨੂੰ ਰੱਬ ਮੰਨਦੇ ਹਨ, ਦੇਵੀ ਨੂੰ ਸ਼ਕਤੀ ਮੰਨਦੇ ਹਨ ਅਤੇ ਹਰ ਪ੍ਰਕਾਰ ਦੇ ਦੇਵਤੇ ਨੂੰ ਇੱਕ ਹੀ ਰੂਪ ਮੰਨਦੇ ਹਨ। ਬਹੁਤ ਸਾਰੇ ਹਿੰਦੂ ਮਨੂੰਸਿਮਰਤੀ ਨੂੰ ਆਪਣੇ ਸਮਾਜ ਨੂੰ ਚਲਾਉਣ ਵਾਲੇ ਨਿਯਮਾਂ ਦਾ ਗ੍ਰੰਥ ਮੰਨਦੇ ਹਨ। ਬਹੁਤ ਸਾਰੇ ਹਿੰਦੂ ਉਹ ਵੀ ਹਨ, ਜਿਹੜੇ ਆਪਣੇ-ਆਪ ਨੂੰ ਕਿਸੇ ਵੀ ਸੰਪ੍ਰਦਾਇ ਵਿਚ ਨਹੀਂ ਮੰਨਦੇ ਅਤੇ ਨਾ ਹੀ ਮਨੂੰ ਸਿਮਰਤੀ ਨੂੰ ਮੰਨਦੇ ਹਨ। ਜੇਕਰ ਸਰ ਸੰਘਚਾਲਕ ਹੈਡਗੇਵਾਰ ਦੇ ਵਿਚਾਰ ਲਈਏ ਤਾਂ ਉਹਨਾ ਦੇ ਵਿਚਾਰ ਸਨ-ਹਿੰਦੂ ਧਰਮ ਦਾ ਸੁੱਖ ਹੀ ਮੇਰਾ ਅਤੇ ਮੇਰੇ ਪਰਵਾਰ ਦਾ ਸੁੱਖ ਹੈ। ਹਿੰਦੂ ਧਰਮ 'ਤੇ ਆਉਣ ਵਾਲੀ ਹਰ ਵਿਪਤਾ ਸਾਡੇ ਸਭ ਲਈ ਮਹਾਂ ਸੰਕਟ ਹੈ। ਹਿੰਦੂ ਜਾਤੀ ਦਾ ਅਪਮਾਨ ਸਾਡਾ ਸਾਰਿਆਂ ਦਾ ਅਪਮਾਨ ਹੈ। ਇਸ ਤਰ੍ਹਾਂ ਦੀ ਆਤਮਿਅਤਾ ਸਾਡੇ ਹਰ ਕਿਸੇ ਦੇ ਰੋਮ-ਰੋਮ ਵਿਚ ਸਮਾਈ ਹੋਣੀ ਚਾਹੀਦੀ ਹੈ। ਇਸ ਤੋਂ ਅੱਗੇ ਜ਼ਿੰਦਗੀ ਵਿਚ ਨਿਰਸਵਾਰਥ ਭਾਵਨਾ ਤੋਂ ਬਿਨਾਂ ਅਨੁਸ਼ਾਸਨ ਨਹੀਂ ਹੋ ਸਕਦਾ। ਇਸ ਤੋਂ ਅੱਗੇ ਭਾਰਤ ਦੇ ਮੁਸਲਿਮ ਅਤੇ ਈਸਾਈ ਹਿੰਦੂ ਸੱਭਿਆਚਾਰ ਨੂੰ ਅਪਨਾ ਲੈਣ ਨਹੀਂ ਤਾਂ ਉਹਨਾਂ ਲਈ ਨਾਗਰਿਕਤਾ ਦਾ ਹੱਕ ਨਹੀਂ ਹੋਵੇਗਾ। ਅਜ਼ਾਦੀ ਲਈ ਸੰਘਰਸ਼ ਕਰ ਰਹੇ ਭਾਰਤੀ ਹਿੰਦੂਆਂ ਨੂੰ ਕਹਿੰਦੇ ਹਨ ਸਾਰੀ ਸ਼ਕਤੀ ਅੰਗਰੇਜ਼ਾਂ ਵਿਰੁੱਧ ਲੜਨ ਲਈ ਹੀ ਨਾ ਲਗਾ ਦਿਓ, ਤੁਹਾਡੇ ਅਸਲੀ ਦੁਸ਼ਮਣ ਮੁਸਲਮਾਨ ਅਤੇ ਕਮਿਊਨਿਸਟ ਹਨ। ਭਾਰਤ ਜਦੋਂ ਅਜ਼ਾਦ ਹੋਣ ਵਾਲਾ ਸੀ ਤਾਂ ਉਹਨਾ ਦਾ ਕਹਿਣਾ ਸੀ ਮੈਂ ਸਾਰੀ ਜ਼ਿੰਦਗੀ ਅੰਗਰੇਜ਼ਾਂ ਦਾ ਗੁਲਾਮ ਰਹਿਣ ਨੂੰ ਤਿਆਰ ਹਾਂ, ਪਰ ਮੈਨੂੰ ਉਹ ਅਜ਼ਾਦੀ ਨਹੀਂ ਚਾਹੀਦੀ ਜਿਹੜੀ ਦਲਿਤਾਂ, ਪੱਛੜੇ ਵਰਗਾਂ ਅਤੇ ਮੁਸਲਮਾਨਾਂ ਨੂੰ ਬਰਾਬਰੀ ਦਾ ਅਧਿਕਾਰ ਦੇਂਦੀ ਹੋਵੇ। ਇਸੇ ਸੋਚ ਤਹਿਤ ਸਾਵਰਕਰ ਨੇ ਨੱਥੂ ਰਾਮ ਗੌਡਸੇ ਕੋਲੋਂ ਮਹਾਤਮਾ ਗਾਂਧੀ ਜੀ ਦਾ ਕਤਲ ਕਰਵਾਇਆ, ਕਿਉਂਕਿ ਉਹ ਅਜ਼ਾਦ ਭਾਰਤ ਵਿਚ ਮੁਸਲਮਾਨਾਂ, ਹਿੰਦੂਆਂ ਅਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਬਰਾਬਰ ਦੇ ਹੱਕ ਦੇਣ ਦੇ ਹਾਮੀ ਸਨ। ਇਸ ਘਿਨਾਉਣੇ ਕਤਲ ਦੇ ਕਾਰਨ ਉਸ ਵੇਲੇ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ 4 ਫਰਵਰੀ 1948 ਨੂੰ ਆਰ ਐੱਸ ਐੱਸ 'ਤੇ ਪ੍ਰਤਿਬੰਧ ਲਗਾ ਦਿੱਤਾ ਅਤੇ 20000 ਸੰਘ ਵਰਕਰਾਂ ਸਮੇਤ ਗੋਲਵਲਕਰ ਨੂੰ ਕੈਦ ਕਰ ਲਿਆ। ਇਹਨਾਂ ਨੂੰ ਉਦੋਂ ਛੱਡਿਆ ਗਿਆ, ਜਦੋਂ ਇਹਨਾਂ ਲਿਖਤੀ ਭਰੋਸਾ ਦਿੱਤਾ ਕਿ ਸਾਡਾ ਕੋਈ ਵੀ ਵਰਕਰ ਤੋੜ-ਫੋੜ, ਹਿੰਸਾ ਜਾਂ ਕਤਲ ਵਿਚ ਭਾਗ ਨਹੀਂ ਲਏਗਾ ਅਤੇ ਆਰ ਐੱਸ ਐੱਸ ਇੱਕ ਗੈਰ ਰਾਜਨੀਤਕ, ਸੰਸਕ੍ਰਿਤਕ ਅਤੇ ਸੱਭਿਆਚਾਰਕ ਜਥੇਬੰਦੀ ਰਹੇਗੀ, ਪਰ ਸਰਦਾਰ ਪਟੇਲ ਦੇ ਅਕਾਲ ਚਲਾਣੇ ਤੋਂ ਛੇਤੀ ਹੀ ਬਾਅਦ ਸੰਘ ਨੇ ਇੱਕ ਰਾਜਨੀਤਕ ਪਾਰਟੀ ਭਾਰਤੀਯ ਜਨਸੰਘ ਖੜੀ ਕਰ ਲਈ, ਜਿਹੜੀ ਸਮੇਂ ਅਤੇ ਹਾਲਤਾਂ ਅਨੁਸਾਰ ਪਹਿਲਾਂ ਜਨਤਾ ਪਾਰਟੀ ਵਿਚ ਸ਼ਾਮਲ ਹੋਈ ਅਤੇ ਜਨਤਾ ਪਾਰਟੀ ਦਾ ਸਭ ਤੋਂ ਜ਼ਿਆਦਾ ਕੇਡਰ ਆਰ ਐੱਸ ਐੱਸ ਜਾਂ ਭਾਰਤੀਯ ਜਨਸੰਘ ਵਿੱਚੋਂ ਹੀ ਸੀ। ਜਨਤਾ ਪਾਰਟੀ ਦੀ ਟੁੱਟ-ਭੱਜ ਤੋਂ ਬਾਅਦ ਆਰ ਐੱਸ ਐੱਸ ਨੇ ਭਾਰਤੀਯ ਜਨਤਾ ਪਾਰਟੀ (ਭਾਜਪਾ) ਬਣਾ ਲਈ। ਭਾਜਪਾ ਦੇ ਸਾਰੇ ਛੋਟੇ ਤੋਂ ਵੱਡੇ ਵਰਕਰ ਤਕ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿਚ ਜਾਂਦੇ ਹਨ।

ਹੁਣ ਦੇ ਸਰ ਸੰਘਚਾਲਕ ਮੋਹਨ ਭਾਗਵਤ ਦੇ ਸੱਭਿਆਚਾਰਕ, ਸੰਸਕ੍ਰਿਤਕ ਵਿਚਾਰਾਂ ਦੇ ਨਾਲ-ਨਾਲ ਰਾਜਨੀਤਕ ਵਿਚਾਰ ਵੀ ਰਲ ਗਏ ਹਨ। ਭਾਗਵਤ ਜੀ ਆਪਣੇ ਰਾਜਨੀਤਕ ਵਿਚਾਰ ਖੁੱਲ੍ਹ ਕੇ ਸਟੇਜ ਤੋਂ ਭਾਸ਼ਣਾਂ ਵਿਚ ਦੇ ਰਹੇ ਹਨ, ਜਦਕਿ ਪਹਿਲਾਂ ਰਾਜਨੀਤਕ ਵਿਚਾਰ ਆਰ ਐੱਸ ਐੱਸ ਦੇ ਉੱਚ ਆਗੂਆਂ ਤੱਕ ਅੰਦਰਖਾਤੇ ਹੀ ਹੁੰਦੇ ਸਨ। ਭਾਗਵਤ ਦਾ ਕਹਿਣਾ ਹੈ ਕਿ ਸੰਘ ਦੀ ਵਿਚਾਰਧਾਰਾ ਸਮੇਂ ਅਤੇ ਹਾਲਤਾਂ ਅਨੁਸਾਰ ਬਾਦਲ ਸਕਦੀ ਹੈ। ਇਸ ਦੀ ਕਿਤਾਬ 'ਬੰਚ ਆਫ ਥਾਟਸ' ਕੋਈ ਅਜਿਹੀ ਨਹੀਂ, ਜਿਸ ਵਿਚ ਦੂਜੇ ਧਰਮਾਂ ਦੀਆਂ ਪੁਸਤਕਾਂ ਦੀ ਤਰ੍ਹਾਂ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। 'ਬੰਚ ਆਫ ਥਾਟਸ' ਵਿਚ ਤਰਮੀਮ ਵੀ ਕੀਤੀ ਜਾ ਸਕਦੀ ਹੈ। ਹੁਣ ਬੰਚ ਆਫ ਥਾਟਸ ਵਿਚ ਕੇਵਲ ਉਹ ਹੀ ਅੰਸ਼ ਰੱਖੇ ਗਏ ਹਨ, ਜਿਹੜੇ ਸਮੇਂ ਦੇ ਅਨੁਕੂਲ ਹਨ ਅਤੇ ਬਾਕੀ ਕੱਢ ਦਿੱਤੇ ਹਨ। ਭਾਗਵਤ ਕਹਿੰਦੇ ਹਨ-ਜੇਕਰ ਭਾਜਪਾ 2014 ਵਿਚ ਜਿੱਤਣੋਂ ਰਹਿ ਜਾਂਦੀ ਤਾਂ ਹਿੰਦੂਤਵ ਅੰਦੋਲਨ ਖਤਰੇ ਵਿਚ ਪੈ ਜਾਣਾ ਸੀ। ਇਹ ਵੀ ਕਹਿੰਦੇ ਹਨ-ਭਾਰਤ ਨੂੰ ਵਾਸਤਵਿਕ ਅਜ਼ਾਦੀ ਉਦੋਂ ਮਿਲੀ, ਜਦੋਂ ਰਾਮ ਮੰਦਰ ਵਿਚ ਸ੍ਰੀ ਰਾਮ ਜੀ ਦੀ ਪ੍ਰਾਣ ਪ੍ਰਤਿਸ਼ਠਾ ਹੋਈ। ਭਾਗਵਤ ਸਾਬਕਾ ਰਾਸ਼ਟਰਪਤੀ ਸ੍ਰੀ ਪ੍ਰਣਵ ਮੁਖਰਜੀ ਦੇ ਹਵਾਲੇ ਨਾਲ ਕਹਿੰਦੇ ਹਨ-ਜੇਕਰ ਆਦਿਵਾਸੀਆਂ ਦੀ ਘਰ ਵਾਪਸੀ ਨਾ ਹੁੰਦੀ ਤਾਂ ਉਹਨਾਂ ਰਾਸ਼ਟਰ ਵਿਰੋਧੀ ਬਣ ਜਾਣਾ ਸੀ। 2014 ਵਿਚ ਭਾਜਪਾ ਦੀ ਸਰਕਾਰ ਬਣਨ 'ਤੇ ਮੋਹਨ ਭਾਗਵਤ ਨੇ ਹਿੰਦੂ ਰਾਸ਼ਟਰ ਬਣਾਉਣ ਬਾਰੇ ਕਿਹਾ ਸੀ, ਜੇਕਰ ਹੁਣ ਨਹੀਂ ਤਾਂ ਕਦੇ ਨਹੀਂ।

ਕੇਂਦਰ ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਗੋਧਰਾ ਟਰੇਨ ਅਗਨੀ ਕਾਂਡ ਤੋਂ ਬਾਅਦ ਭਾਜਪਾ ਨੇ ਆਪ ਹੀ ਦੰਗੇ ਭੜਕਾਏ, ਮੁੱਖ ਮੰਤਰੀ ਨੇ ਦੰਗੇ ਰੋਕਣ ਤੋਂ ਪੁਲਸ ਨੂੰ ਮਨ੍ਹਾ ਕਰ ਦਿੱਤਾ ਅਤੇ ਦੰਗੇ ਰੋਕਣ ਲਈ ਫੌਜ ਨੂੰ ਗੁਜਰਾਤ ਵਿਚ ਨਹੀਂ ਆਉਣ ਦਿੱਤਾ, ਮੁਸਲਮਾਨਾਂ ਦੇ ਘਰਾਂ ਨੂੰ ਅੱਗ ਦੇ ਹਵਾਲੇ ਕੀਤਾ, ਸਮਾਨ ਲੁੱਟ ਲਿਆ, ਮੁਸਲਿਮ ਔਰਤਾਂ ਨਾਲ ਬਲਾਤਕਾਰ ਕੀਤੇ ਅਤੇ ਦੰਗਿਆਂ ਦੇ ਕੇਸ ਵੀ ਮੁਸਲਮਾਨਾਂ 'ਤੇ ਪਾ ਦਿੱਤੇ। ਇਹ ਸਾਰਾ ਕੁੱਝ ਡਰ ਅਤੇ ਸਹਿਮ ਪੈਦਾ ਕਰਨ ਵਾਸਤੇ ਸੀ। ਅਦਾਲਤਾਂ ਵੀ ਲੱਗਭੱਗ ਮੋਦੀ ਦੇ ਅਧੀਨ ਹਨ, ਇਸੇ ਲਈ ਬਾਬਰੀ ਮਸਜਿਦ ਹੇਠਾਂ ਕੋਈ ਵੀ ਮੰਦਰ ਦਾ ਅਵਸ਼ੇਸ਼ ਨਾ ਮਿਲਣ 'ਤੇ ਵੀ ਸੁਪਰੀਮ ਕੋਰਟ ਨੇ ਰਾਮ ਮੰਦਰ ਦੇ ਹੱਕ ਵਿੱਚ ਆਸਥਾ ਦੇ ਅਧੀਨ ਫੈਸਲਾ ਦਿੱਤਾ, ਜਦਕਿ ਅੱਜ ਤੱਕ ਸੰਸਾਰ ਦੇ ਕਿਸੇ ਵੀ ਦੇਸ਼ ਦੀ ਅਦਾਲਤ ਨੇ ਕਦੇ ਆਸਥਾ ਦੇ ਅਧੀਨ ਕੋਈ ਫੈਸਲਾ ਨਹੀਂ ਦਿੱਤਾ। ਇਸੇ ਲਈ ਪੂਜਾ ਦੇ ਸਥਾਨ ਐਕਟ 1991 ਦੀ ਪ੍ਰਵਾਹ ਨਾ ਕਰਦੇ ਹੋਏ ਹਰ ਮਸਜਿਦ ਨੂੰ ਖੋਦਣ ਦੇ ਇਰਾਦੇ ਹਨ। ਦੂਸਰਾ ਕੰਮ ਮੰਦਰਾਂ ਅਤੇ ਮੂਰਤੀਆਂ ਦੀ ਸਥਾਪਨਾ ਕਰਕੇ ਮੰਦਿਰਾਂ, ਮੂਰਤੀਆਂ ਪ੍ਰਤੀ ਬਹੁਗਿਣਤੀ ਹਿੰਦੂਆਂ ਦੀ ਆਸਥਾ ਦਾ ਲਾਭ ਲੈ ਕੇ ਚੋਣਾਂ ਲੜੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਤੀਸਰਾ ਕੀਤਾ ਗਿਆ ਕੰਮ ਘਰ ਵਾਪਸੀ ਮਤਲਬ ਮੁਸਲਮਾਨਾਂ ਅਤੇ ਈਸਾਈਆਂ ਨੂੰ ਮੁੜ ਹਿੰਦੂ ਧਰਮ ਵਿੱਚ ਲਿਆਉਣਾ ਹੈ। ਮੁਸਲਮਾਨਾਂ ਅਤੇ ਈਸਾਈਆਂ ਨੂੰ ਡਰਾ, ਧਮਕਾ ਜਾਂ ਲਾਲਚ ਦੇ ਕੇ ਹਿੰਦੂ ਧਰਮ ਵੱਲ ਖਿੱਚਿਆ ਜਾ ਰਿਹਾ ਹੈ। ਘਰ ਵਾਪਸੀ ਲਈ ਹੁਣ ਇਹ ਵੱਡੀ ਹਸਤੀ ਨੂੰ ਹੱਥ ਪਾਉਂਦੇ ਹਨ, ਜਿਸ ਨਾਲ ਆਮ ਮੁਸਲਿਮ ਵੀ ਛੇਤੀ ਇਹਨਾਂ ਵੱਲ ਖਿੱਚਿਆ ਜਾਵੇ। ਉਦਾਹਰਣ ਲਈ ਸ਼ੀਆ ਸੈਂਟਰਲ ਵਕਫ਼ ਬੋਰਡ ਉੱਤਰ ਪ੍ਰਦੇਸ਼ ਦੇ ਸਾਬਕਾ ਮੈਂਬਰ ਅਤੇ ਚੇਅਰਮੈਨ ਵਸੀਮ ਰਿਜ਼ਵੀ ਦੀ ਘਰ ਵਾਪਸੀ ਯਾਨਿ ਮੁਸਲਮਾਨ ਧਰਮ ਤੋਂ ਹਿੰਦੂ ਧਰਮ ਵਿੱਚ ਤਬਦੀਲੀ ਕਰਵਾਈ ਹੈ। ਹੁਣ ਵਸੀਮ ਰਿਜ਼ਵੀ ਦਾ ਨਾਂਅ ਜਿਤੇਂਦਰ ਨਾਥ ਸਿੰਘ ਤਿਆਗੀ ਹੋ ਗਿਆ ਹੈ ਅਤੇ ਉਸ ਨੇ ਮਹਾਂ ਕੁੰਭ ਵੇਲੇ ਗੰਗਾ ਵਿਚ ਡੁਬਕੀ ਲਗਾ ਕੇ ਕਿਹਾ ਮੈਂ ਸਨਾਤਨੀ ਬਣ ਗਿਆ ਹਾਂ। ਜਿਹੜੇ ਮੁਸਲਮਾਨ ਸਨਾਤਨੀ ਬਣ ਜਾਣਗੇ, ਉਹਨਾਂ ਨੂੰ ਹਰ ਮਹੀਨੇ 3000 ਰੁਪਏ ਦਿੱਤੇ ਜਾਣਗੇ ਅਤੇ ਕਾਰੋਬਾਰ ਵਿਚ ਵੀ ਸਹਾਇਤਾ ਕੀਤੀ ਜਾਵੇਗੀ। ਅਸੀਂ ਛੇਤੀ ਹੀ ਇੱਕ ਸੰਸਥਾ ਕਾਇਮ ਕਰ ਰਹੇ ਹਾਂ, ਜਿਸ ਕੋਲ ਐਨਾ ਧਨ ਹੋਵੇਗਾ ਕਿ ਹਰ ਮੁਸਲਮਾਨ ਤੋਂ ਸਨਾਤਨੀ ਬਣਨ ਵਾਲੇ ਨੂੰ 3000 ਰੁਪਏ ਹਰ ਮਹੀਨੇ ਦਿੱਤੇ ਜਾ ਸਕਣ।

ਸਭ ਨੂੰ ਸਨਾਤਨੀ ਬਣਾਉਣ ਦਾ ਸਿੱਧਾ ਅਰਥ ਹੈ ਭਾਰਤੀ ਸੰਵਿਧਾਨ ਦੀ ਬਜਾਏ ਹਰ ਖੇਤਰ ਵਿਚ ਮਨੂੰ ਸਿਮਰਤੀ ਲਾਗੂ ਕੀਤੀ ਜਾਵੇ। ਮਨੂੰ ਸਿਮਰਤੀ ਅਨੁਸਾਰ ਔਰਤ ਨੂੰ ਅਜ਼ਾਦੀ ਬਿਲਕੁਲ ਨਹੀਂ। ਜਦੋਂ ਵੀ ਉਸ ਨੇ ਘਰ ਤੋਂ ਬਾਹਰ ਜਾਣਾ ਹੋਵੇ ਤਾਂ ਉਸ ਨਾਲ ਇੱਕ ਮਰਦ ਦਾ ਹੋਣਾ ਜ਼ਰੂਰੀ ਹੈ, ਉਸ ਨਾਲ ਉਸ ਦਾ ਪਿਤਾ ਜਾਂ ਭਰਾ ਹੋ ਸਕਦਾ ਹੈ। ਜੇਕਰ ਔਰਤ ਵਿਆਹੀ ਜਾਵੇ ਤਾਂ ਉਹ ਆਪਣੇ ਪਤੀ ਦੇ ਅਧੀਨ ਹੋਵੇਗੀ, ਜੇਕਰ ਪਤੀ ਇਸ ਸੰਸਾਰ ਨੂੰ ਛੱਡ ਚੁੱਕਿਆ ਹੈ ਤਾਂ ਉਹ ਆਪਣੇ ਪੁੱਤਰਾਂ ਦੇ ਅਧੀਨ ਹੋਵੇਗੀ। ਜੇਕਰ ਇਹਨਾਂ ਵਿਚੋਂ ਕੋਈ ਵੀ ਨਹੀਂ ਹੈ ਤਾਂ ਉਹ ਆਪਣੇ ਪਿਤਾ ਦੇ ਘਰ ਵਾਪਸ ਆ ਜਾਵੇਗੀ ਅਤੇ ਉਥੇ ਪਿਤਾ ਜਾਂ ਪੁੱਤਰਾਂ ਦੀ ਦੇਖ-ਰੇਖ ਵਿਚ ਕੰਮ ਕਰੇਗੀ। ਵਿਧਵਾ ਔਰਤ ਨੂੰ ਦੂਜਾ ਵਿਆਹ ਕਰਵਾਉਣ ਦੀ ਮਨੂੰ ਸਿਮਰਤੀ ਅਨੁਸਾਰ ਆਗਿਆ ਨਹੀਂ ਹੈ। ਮਨੂੰ ਸਿਮਰਤੀ ਅਨੁਸਾਰ ਹਿੰਦੂਆਂ ਦੇ ਚਾਰ ਵਰਣਾਂ ਨੂੰ ਬਰਾਬਰੀ ਦਾ ਅਧਿਕਾਰ ਬਿਲਕੁਲ ਨਹੀਂ ਹੈ। ਦਲਿਤਾਂ ਨੂੰ ਜਿਹੜੇ ਉਸ ਵੇਲੇ ਸ਼ੂਦਰ ਕਹੇ ਜਾਂਦੇ ਸਨ, ਜਾਇਦਾਦ ਬਣਾਉਣ ਦਾ ਜਾਂ ਧਨ ਇਕੱਠਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਜੇਕਰ ਪਤਾ ਲੱਗੇ ਕਿ ਕਿਸੇ ਦਲਿਤ ਨੇ ਆਪਣਾ ਮਕਾਨ ਬਣਾ ਲਿਆ ਹੈ ਤਾਂ ਬ੍ਰਾਹਮਣ ਉਸ 'ਤੇ ਕਬਜ਼ਾ ਕਰ ਸਕਦਾ ਹੈ, ਜੇਕਰ ਦਲਿਤ ਨੇ ਧਨ ਇਕੱਠਾ ਕਰ ਲਿਆ ਹੈ ਤਾਂ ਬ੍ਰਾਹਮਣ ਉਸ ਦਾ ਸਾਰਾ ਧਨ ਚੁੱਕ ਲਵੇਗਾ।

ਡਾਕਟਰ ਅੰਬੇਦਕਰ ਵੱਲੋਂ ਲਿਖੇ ਗਏ ਭਾਰਤੀ ਸੰਵਿਧਾਨ ਨੂੰ ਰੱਦ ਕਰਕੇ ਉਸ ਦੀ ਥਾਂ ਮਨੂੰ ਸਿਮਰਤੀ ਲਾਗੂ ਕਰਨ ਦੀ ਮਨਸ਼ਾ ਆਰ ਐੱਸ ਐੱਸ ਅਤੇ ਇਸ ਦੇ ਭਾਜਪਾ ਵਰਗੇ ਕਈ ਵਿੰਗਾਂ ਦੀ ਮਨਸ਼ਾ ਹੈ, ਪਰ ਦੇਸ਼ ਦੇ ਰਾਜਨੀਤਕ ਮਾਹੌਲ ਦੇ ਮੱਦੇਨਜ਼ਰ ਇਹ ਖੁੱਲ੍ਹ ਕੇ ਆਪਣੀ ਮਨਸ਼ਾ ਨਹੀਂ ਦੱਸ ਰਹੇ। ਮਨੂੰ ਸਿਮਰਤੀ ਨੂੰ ਸੰਵਿਧਾਨ ਦੀ ਜਗ੍ਹਾ ਲਾਗੂ ਕਰਨ ਲਈ ਆਰ ਐੱਸ ਐੱਸ ਵੱਲੋਂ ਪ੍ਰੇਰਿਤ ਅਤੇ ਸਥਾਪਤ ਕੀਤੇ ਕੁੱਝ ਸੰਸਥਾਨ, ਜੋ ਕਿ ਆਪਣੇ ਆਪ ਨੂੰ ਕੇਵਲ ਧਾਰਮਿਕ ਕਹਿੰਦੇ ਹਨ, ਖੁੱਲ੍ਹ ਕੇ ਕਹਿ ਰਹੇ ਹਨ ਕਿ ਮਨੂੰ ਸਮ੍ਰਿਤੀ ਲਾਗੂ ਕਰਾਂਗੇ। 17 ਤੋਂ 19 ਦਸੰਬਰ 2022 ਵਿਚ ਪ੍ਰਯਾਗਰਾਜ ਵਿਖੇ ਇੱਕ ਧਰਮ ਸੰਸਦ ਹੋਈ ਸੀ, ਜਿਸ ਵਿੱਚ ਕੁਝ ਹਿੰਦੂ ਰਾਸ਼ਟਰ ਦੇ ਪੈਰੋਕਾਰਾਂ ਸਮੇਤ ਵੱਡੇ-ਵੱਡੇ ਸਾਧੂ-ਸੰਤਾਂ ਨੇ ਹਿੱਸਾ ਲਿਆ। ਇਸ ਵਿਚ ਹਿੰਦੂਆਂ ਨੂੰ ਹਥਿਆਰ ਚੁੱਕਣ ਲਈ ਕਿਹਾ ਗਿਆ, ਹਿੰਦੂ ਔਰਤਾਂ ਵੀ ਹਥਿਆਰ ਚੁੱਕਣ, ਮੁਸਲਮਾਨਾਂ ਦੀ ਆਬਾਦੀ ਨਾ ਵਧਣ ਦਿੱਤੀ ਜਾਵੇ, ਕੋਈ ਮੁਸਲਿਮ ਪ੍ਰਧਾਨ ਮੰਤਰੀ ਨਾ ਬਣ ਸਕੇ। ਹਿੰਦੂ ਰਾਸ਼ਟਰ ਬਣਾਉਣ ਲਈ ਬੜੇ ਭੜਕਾਊ ਭਾਸ਼ਣ ਦਿੱਤੇ ਗਏ। ਇਹ ਵੀ ਕਿਹਾ ਗਿਆ ਕਿ ਅਸੀਂ ਅੰਬੇਡਕਰ ਦੇ ਬਣਾਏ ਸੰਵਿਧਾਨ ਦੀ ਜਗ੍ਹਾ ਹਿੰਦੂ ਰਾਸ਼ਟਰ ਦਾ ਸੰਵਿਧਾਨ ਬਣਾ ਰਹੇ ਹਾਂ। ਹਿੰਦੂ ਰਾਸ਼ਟਰ ਸੰਵਿਧਾਨ ਵਿਚ ਸ਼੍ਰੀਮਦ ਭਾਗਵਤ ਗੀਤਾ, ਸ਼੍ਰੀਮਦ ਰਾਮਚਰਿਤ ਮਾਨਸ, ਮਨੂੰ ਸਿਮਰਤੀ, ਵੇਦਾਂ ਅਤੇ ਪੁਰਾਣਾਂ ਤੋਂ ਲਏ ਗਏ ਨੁਕਤੇ ਸ਼ਾਮਲ ਹੋਣਗੇ। ਤਿੰਨ ਸਾਲ ਤੋਂ ਅੱਠ ਸਾਲ ਦੇ ਬੱਚਿਆਂ ਲਈ ਗੁਰੂਕੁਲ ਦੀ ਪੜ੍ਹਾਈ ਲਾਜ਼ਮੀ ਹੋਵੇਗੀ ਅਤੇ ਉਹ ਆਪਣੀ ਮਰਜ਼ੀ ਦੇ ਗੁਰੂਕੁਲ ਵਿੱਚ ਦਾਖਲਾ ਲੈ ਸਕਣਗੇ। ਇਹ ਸੰਵਿਧਾਨ ਛੇਤੀ ਹੀ ਭਾਰਤ ਵਿਚ ਲਾਗੂ ਹੋਵੇਗਾ। ਕੀ ਸਾਰੀਆਂ ਖੱਬੀਆਂ ਧਿਰਾਂ ਦਾ ਇਸ ਮੌਕੇ ਫਰਜ਼ ਨਹੀਂ ਬਣਦਾ ਕਿ ਸੰਘ ਪਰਵਾਰ ਦੇ ਫਾਸ਼ੀਵਾਦ ਵੱਲ ਵਧਦੇ ਕਦਮਾਂ ਨੂੰ ਰੋਕਣ ਲਈ ਇੱਕਜੁੱਟ ਹੋਇਆ ਜਾਵੇ?

**ਵਟਸਐਪ : 94176-32228**

# ਕੱਪੜੇ ਵਾਲੇ ਬੂਟ

**ਲਾਭ ਸਿੰਘ ਸ਼ੇਰਗਿੱਲ**

ਹਰ ਇਨਸਾਨ ਨਾਲ ਉਸ ਦੀਆਂ ਯਾਦਾਂ ਦਾ ਇੱਕ ਅਮੀਰ ਖਜ਼ਾਨਾ ਜੁੜਿਆ ਹੁੰਦਾ ਹੈ, ਜੋ ਉਸ ਦੇ ਬਚਪਨ ਤੋਂ ਲੈ ਕੇ ਵੱਡੇ ਹੋਣ ਤੱਕ ਦੇ ਸਫ਼ਰ ਦੌਰਾਨ ਵਾਪਰੀਆਂ ਖੱਟੀਆਂ-ਮਿੱਠੀਆਂ ਤੇ ਆਨੰਦਮਈ ਘਟਨਾਵਾਂ ਦਾ ਸੁਮੇਲ ਹੁੰਦਾ ਹੈ। ਸਮੇਂ ਦੇ ਗੇੜ ਨਾਲ ਬਹੁਤ ਕੁਝ ਬਦਲ ਜਾਂਦਾ ਹੈ ਅਤੇ ਇਹ ਬਦਲਾਅ ਸਾਨੂੰ ਸਾਫ਼ ਨਜ਼ਰ ਆਉਂਦਾ ਹੈ। ਬਦਲਾਅ ਕੁਦਰਤ ਦਾ ਨਿਯਮ ਹੈ, ਇਹ ਅਕਸਰ ਵਾਪਰਦਾ ਰਹਿੰਦਾ ਹੈ। ਜਿਉਂ-ਜਿਉਂ ਮਨੁੱਖ ਵਿਕਾਸ ਦੇ ਭਿੰਨ-ਭਿੰਨ ਪੜਾਵਾਂ ਵਿੱਚੋਂ ਹੁੰਦਾ ਹੋਇਆ ਅੱਗੇ ਵਧਦਾ ਹੈ ਤਾਂ ਜੀਵਨ ਦੇ ਹਰੇਕ ਖੇਤਰ ਵਿੱਚ ਕੁਝ ਨਵਾਂਪਨ ਦੇਖਣ ਨੂੰ ਮਿਲਦਾ ਹੈ, ਜੋ ਮਨੁੱਖੀ ਜੀਵਨ ਦੀ ਤਰੱਕੀ ਦਾ ਪ੍ਰਤੀਕ ਨਜ਼ਰ ਆਉਂਦਾ ਹੈ। ਪਿੱਛੇ ਗੁਜ਼ਰ ਚੁੱਕੇ ਸਾਦਗੀ ਤੇ ਸਬਰ-ਸੰਤੋਖ ਵਾਲ਼ੇ ਸਮੇਂ ਨੂੰ ਅੱਜ ਦੇ ਸੰਦਰਭ ਵਿੱਚ ਰੱਖਦਿਆਂ ਇਹ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸਭ ਕੁਝ ਛੇਤੀ-ਛੇਤੀ, ਕਾਹਲ਼ ਤੇ ਬਿਨਾਂ ਸਹਿਜ ਰਹੇ ਪ੍ਰਾਪਤ ਕਰਨ ਦੀ ਹੋੜ ਵਿੱਚ ਸਾਰਾ ਜਹਾਨ ਵਹਿ ਰਿਹਾ ਹੈ। ਇਸ ਭੱਜ-ਦੌੜ ਦੀ ਜ਼ਿੰਦਗੀ ਵਿੱਚ ਬਸ ਜੇ ਕੁਝ ਬਚਿਆ ਹੈ ਤਾਂ ਉਹ ਸਿਰਫ਼ ਦਹਾਕਿਆਂ ਦੀਆਂ ਅਮਿੱਟ ਸਾਦਗੀ ਭਰਪੂਰ ਯਾਦਾਂ ਦੇ ਸਰਮਾਏ ਦਾ ਅਕਸ, ਜੋ ਚੇਤਿਆਂ ਵਿੱਚ ਅਕਸਰ ਉੱਭਰ ਆਉਂਦਾ ਹੈ।

ਜਦੋਂ ਅਸੀਂ ਛੋਟੇ ਹੁੰਦੇ ਸੀ, ਸ਼ਹਿਰ ਜਾਣ ਦਾ ਬੜਾ ਚਾਅ ਹੁੰਦਾ ਸੀ। ਸ਼ਹਿਰ ਸਾਡੇ ਪਿੰਡ ਤੋਂ ਕੋਈ ਚਾਰ, ਸਾਢੇ ਚਾਰ ਕਿਲੋਮੀਟਰ ਦੀ ਦੂਰੀ 'ਤੇ ਸੀ, ਕਦੇ-ਕਦਾਈਂ ਹੀ ਆਪਣੇ ਮਾਪਿਆਂ ਨਾਲ਼ ਜਾਣ ਦਾ ਸਬੱਬ ਬਣਦਾ, ਨਹੀਂ ਤਾਂ ਸਾਨੂੰ ਜੁਆਕਾਂ ਨੂੰ ਕੌਣ ਲੈ ਕੇ ਜਾਂਦਾ ਸੀ। ਉੱਥੇ ਮੋਟਰ ਗੱਡੀਆਂ, ਕਾਰਾਂ, ਬੱਸਾਂ ਆਦਿ ਦੇਖ ਕੇ ਊਈਂ ਅੰਦਰੋਂ ਖ਼ੁਸ਼ੀ ਚੜ੍ਹੀ ਜਾਂਦੀ ਤੇ ਭਾਂਤ-ਭਾਂਤ ਦੀਆਂ ਫਲਾਂ ਦੀਆਂ ਦੁਕਾਨਾਂ ਤੇ ਹੋਰ ਦੁਕਾਨਾਂ, ਜਿਨ੍ਹਾਂ 'ਤੇ ਖਿਡੌਣੇ ਲਟਕੇ ਹੁੰਦੇ ਸੀ, ਦੇਖ ਕੇ ਲੈਣ ਨੂੰ ਬੜਾ ਜੀਅ ਲਲਚਾਉਂਦਾ, ਪਰ ਡਰਦੇ ਮਾਰੇ ਬਸ ਦੇਖ ਕੇ ਹੀ ਮਨ ਪਰਚਾਅ ਲੈਂਦੇ, ਸਾਡੀ ਏਨੀ ਹਿੰਮਤ ਨਹੀਂ ਸੀ ਹੁੰਦੀ ਕਿ ਮਾਂ ਜਾਂ ਬਾਪ ਨੂੰ ਕਹਿੰਦੇ ਕਿ ਇਹ ਲੈ ਕੇ ਦੇ ਦਿਉ, ਪਤਾ ਹੁੰਦਾ ਸੀ ਕਿ ਅੱਗੋਂ ਨਾਂਹ ਵਿੱਚ ਹੀ ਜਵਾਬ ਮਿਲਣਾ ਹੈ। ਦਰਅਸਲ ਉਦੋਂ ਲੋਕਾਂ ਦੀ ਏਨੀ ਕਮਾਈ ਵੀ ਨਹੀਂ ਸੀ, ਖ਼ਾਸਕਰ ਪਿੰਡਾਂ ਵਾਲਿਆਂ ਦੀ ਕਿ ਉਹ ਆਪਣੇ ਜੁਆਕਾਂ ਦੇ ਸ਼ੌਕ ਪੂਰੇ ਕਰ ਦੇਣ, ਉਦੋਂ ਤਾਂ ਕਈ ਵਾਰ ਘਰਾਂ ਦਾ ਗੁਜ਼ਾਰਾ ਚਲਾਉਣ ਵਿੱਚ ਵੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਮੈਨੂੰ ਯਾਦ ਹੈ ਇੱਕ ਵਾਰ ਮਾਂ ਨੇ ਘਰ ਦਾ ਸੌਦਾ-ਪੱਤਾ ਲੈਣ ਸ਼ਹਿਰ ਜਾਣਾ ਸੀ। ਮੈਂ ਕਿਹਾ-ਮੈਂ ਵੀ ਨਾਲ ਜਾਣਾ ਹੈ। ਉਦੋਂ ਸਾਡੇ ਵਰਗੇ ਜੁਆਕਾਂ ਨੂੰ ਸ਼ਹਿਰ ਜਾਣ ਦਾ ਬੜਾ ਚਾਅ ਹੁੰਦਾ ਸੀ। ਸ਼ਹਿਰ ਜਦੋਂ ਬੂਟਾਂ ਵਾਲੀਆਂ ਦੁਕਾਨਾਂ ਕੋਲ਼ ਦੀ ਲੰਘੇ ਤਾਂ ਮੇਰਾ ਕੱਪੜੇ ਦੇ ਨੀਲੇ ਰੰਗ ਦੇ ਬੂਟ ਲੈਣ ਲਈ ਬੜਾ ਜੀਅ ਕਰਨ ਲੱਗਾ, ਕਿਉਂਕਿ ਜਦੋਂ ਦੂਜੇ ਹਮਜਮਾਤੀ ਮਿੱਤਰ-ਦੋਸਤਾਂ ਦੇ ਪਾਏ ਦੇਖਦੇ ਤਾਂ ਬੜਾ ਇਹ ਹੁੰਦਾ ਕਿ ਮੇਰੇ ਕੋਲ਼ ਵੀ ਇਹੋ ਜਿਹੇ ਬੂਟ ਹੋਣ ਤਾਂ ਕਿੰਨਾ ਵਧੀਆ ਲੱਗੇ। ਜਦੋਂ ਦੁਕਾਨਾਂ ਕੋਲ਼ ਦੀ ਲੰਘ ਰਹੇ ਸੀ ਤਾਂ ਮੈਂ ਮਾਂ ਨੂੰ ਕਿਹਾ- ਮੈਨੂੰ ਨੀਲੇ ਰੰਗ ਦੇ ਫੀਤਿਆਂ ਵਾਲ਼ੇ ਕੱਪੜੇ ਦੇ ਬੂਟ ਲੈ ਦਿਉ। ਉਦੋਂ ਇਨ੍ਹਾਂ ਦੀ ਕੀਮਤ ਵੀ ਕੋਈ ਜ਼ਿਆਦਾ ਨਹੀਂ ਹੁੰਦੀ ਸੀ, ਬਹੁਤ ਕਹਿਣ 'ਤੇ ਵੀ ਮੇਰੀ ਇਹ ਇੱਛਾ ਪੂਰੀ ਨਹੀਂ ਸੀ ਹੋਈ।

ਮੇਰੇ ਵਾਰ-ਵਾਰ ਕਹਿਣ 'ਤੇ ਮਾਂ ਨੇ ਕਿਹਾ-ਨਹੀਂ, ਹੁਣ ਨਹੀਂ ਅਗਲੀ ਵਾਰ ਜ਼ਰੂਰ ਲੈ ਕੇ ਦੇਊਂ।

ਫਿਰ ਥੋੜ੍ਹੀ ਮੋਟੀ ਕੋਈ ਖਾਣ ਦੀ ਚੀਜ਼ ਲੈ ਦਿੰਦੇ ਤਾਂ ਬੂਟਾਂ ਦਾ ਖਿਆਲ ਭੁੱਲ ਜਾਂਦਾ।

ਬੇਸ਼ੱਕ ਅੱਜ ਲਗਨ ਨਾਲ਼ ਕੀਤੀ ਪੜ੍ਹਾਈ ਤੇ ਪ੍ਰਮਾਤਮਾ ਦੀ ਮਿਹਰ ਸਦਕਾ ਉਸ ਮੁਕਾਮ 'ਤੇ ਪਹੁੰਚ ਗਏ ਹਾਂ ਕਿ ਜੋ ਜੀਅ ਚਾਹੇ ਪਹਿਨ-ਹੰਢਾਅ ਸਕਦੇ ਹਾਂ, ਪਰ ਉਹ ਕੱਪੜੇ ਦੇ ਬੂਟ ਨਾ ਮਿਲ ਸਕਣ ਦਾ ਮਲਾਲ ਕਿਤੇ ਨਾ ਕਿਤੇ ਜ਼ਿਹਨ ਵਿੱਚ ਅੱਜ ਵੀ ਰੜਕਦਾ ਰਹਿੰਦਾ ਹੈ।

ਸਾਡੇ ਬਾਪੂ ਜੀ ਦੀ ਇੱਕ ਹੀ ਇੱਛਾ ਸੀ ਕਿ ਮੈਂ ਪੜ੍ਹ-ਲਿਖ ਕੇ ਕੁਝ ਬਣ ਜਾਵਾਂ। ਆਪ ਬੇਸ਼ੱਕ ਮਿੱਟੀ ਨਾਲ ਮਿੱਟੀ ਹੁੰਦੇ ਰਹੇ, ਪਰ ਉਨ੍ਹਾਂ ਨੇ ਮੇਰੀ ਪੜ੍ਹਾਈ ਦੇ ਖ਼ਰਚੇ ਪ੍ਰਤੀ ਕਦੇ ਵੀ ਕੋਈ ਕਮੀ ਨਹੀਂ ਆਉਣ ਦਿੱਤੀ, ਪਰ ਮੈਂ ਵੀ ਉਨ੍ਹਾਂ ਦੀ ਦਰਿਆਦਿਲੀ ਦਾ ਕਦੇ ਨਜਾਇਜ਼ ਫਾਇਦਾ ਨਹੀਂ ਉਠਾਇਆ ਸੀ।

ਇਹੋ ਜਿਹੀਆਂ ਅਭੁੱਲ ਯਾਦਾਂ, ਜੋ ਇਹ ਸਬਕ ਵੀ ਦਿੰਦੀਆਂ ਹਨ ਕਿ ਆਪਣੇ ਬੱਚਿਆਂ ਨੂੰ ਜੋ ਜ਼ਿੰਦਗੀ ਦਾ ਅਸਲ ਗਹਿਣਾ ਹੈ, ਉਹ ਵਿੱਦਿਆ ਹੈ, ਇਸ ਅਨਮੋਲ ਗਹਿਣੇ ਨੂੰ ਹਾਸਲ ਕਰਵਾਉਣ ਲਈ ਉਨ੍ਹਾਂ ਨੂੰ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਇੱਕ ਗੱਲ ਹੋਰ ਇੱਥੇ ਕਹਿਣੀ ਬਹੁਤ ਜ਼ਰੂਰੀ ਹੈ ਕਿ ਸਿਰਫ ਵਿੱਦਿਅਕ ਸੰਸਥਾਵਾਂ ਵਿੱਚ ਭੇਜਣ ਨਾਲ਼ ਹੀ ਉਨ੍ਹਾਂ ਦਾ ਫਰਜ਼ ਪੂਰਾ ਨਹੀਂ ਹੋਣਾ, ਸਗੋਂ ਸਮੇਂ -ਸਮੇਂ 'ਤੇ ਆਪਣੇ ਬੱਚਿਆਂ ਦੀ ਪੈਰਵੀ ਕਰਨੀ ਅਤਿ ਜ਼ਰੂਰੀ ਹੈ, ਤਾਂ ਕਿ ਉਨ੍ਹਾਂ ਨੂੰ ਚੰਗੀ ਸਿੱਖਿਆ ਦਿਵਾਈ ਜਾਵੇ ਅਤੇ ਇੱਕ ਹੋਰ ਵੀ ਜੋ ਰਸਮੀ ਸਿੱਖਿਆ ਤੋਂ ਵੀ ਜ਼ਰੂਰੀ ਹੈ, ਉਹ ਹੈ ਉਨ੍ਹਾਂ ਨੂੰ ਚੰਗਾ ਜੀਵਨ ਜਿਉਣ ਦੀ ਜਾਚ ਤੇ ਚੰਗੇ-ਮਾੜੇ ਦੀ ਪਛਾਣ ਕਰਨ ਦਾ ਸਬਕ ਵੀ ਦੇਣ ਅਤੇ ਆਲ਼ੇ-ਦੁਆਲ਼ੇ ਫੈਲੀਆਂ ਭੈੜੀਆਂ ਅਲਾਮਤਾਂ ਤੋਂ ਬਚ ਕੇ ਚੱਲਣ ਲਈ ਉਨ੍ਹਾਂ ਨਾਲ਼ ਲਗਾਤਾਰ ਗੱਲਬਾਤ ਕਰਦੇ ਰਹਿਣਾ ਸਮੇਂ ਦੀ ਲੋੜ ਹੈ, ਤਾਂ ਹੀ ਅਸੀਂ ਉਨ੍ਹਾਂ ਦੇ ਜ਼ਰੀਏ ਚੰਗੇਰੇ ਸਮਾਜ ਦੇ ਨਿਰਮਾਣ ਦੀ ਆਸ ਕਰ ਸਕਦੇ ਹਾਂ।

**# ਸੰਪਰਕ : 86995-35708**

# ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਖਰੜਾ ਰੱਦ ਕਰਾਉਣ ਲਈ ਸਰਗਰਮ ਹੋਈਏ

**ਡਾ. ਅਜੀਤਪਾਲ ਸਿੰਘ**

ਮੋਦੀ ਹਕੂਮਤ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 25 ਨਵੰਬਰ 2024 ਨੂੰ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਖਾਕੇ ਦਾ ਖਰੜਾ ਜਾਰੀ ਕੀਤਾ ਗਿਆ ਹੈ। ਸੂਬਾ ਸਰਕਾਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਇਸ ਬਾਰੇ ਆਪਣੇ ਵਿਚਾਰ ਤੇ ਸੁਝਾਅ 15 ਦਿਨਾਂ ਦੇ ਅੰਦਰ ਭੇਜਣ। ਤਿੰਨ ਖੇਤੀ ਉਜਾੜੂ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਮੌਕੇ 19 ਨਵੰਬਰ 2021 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਇਹ ਐਲਾਨ ਕੀਤਾ ਸੀ ਕਿ ਉਹਨਾ ਦੀ ਤਪੱਸਿਆ ਵਿੱਚ ਕਮੀ ਰਹਿਣ ਕਰਕੇ ਉਹ ਕਿਸਾਨਾਂ ਨੂੰ ਇਹਨਾਂ ਕਾਨੂੰਨਾਂ ਦੇ ਫਾਇਦਿਆਂ ਬਾਰੇ ਨਹੀਂ ਸਮਝਾ ਸਕੇ, ਪਰ ਖੇਤੀ ਮੰਡੀਕਰਨ ਵਾਲੇ ਕੌਮੀ ਨੀਤੀ ਖਾਕੇ ਦਾ ਖਰੜਾ ਜਾਰੀ ਕਰਨ ਮੌਕੇ ਉਹਨਾਂ ਪਹਿਲਾਂ ਜਿੰਨੀ ਤਪੱਸਿਆ ਵੀ ਨਹੀਂ ਕੀਤੀ। ਇਹ ਨੀਤੀ ਖਰੜਾ ਨਾ ਕਿਸਾਨ ਜਥੇਬੰਦੀਆਂ ਨੂੰ ਜਾਰੀ ਕੀਤਾ ਗਿਆ, ਨਾ ਖੇਤੀ ਮਾਹਰਾਂ ਤੋਂ ਕੋਈ ਰਾਇ ਲਈ ਗਈ, ਨਾ ਵਿਰੋਧੀ ਪਾਰਟੀਆਂ ਨਾਲ ਕੋਈ ਵਿਚਾਰ-ਵਟਾਂਦਰਾ ਕੀਤਾ ਗਿਆ, ਨਾ ਪਾਰਲੀਮੈਂਟ ਵਿੱਚ ਬਹਿਸ ਕਰਵਾ ਕੇ ਇਸ ਨੂੰ ਪਾਸ ਕਰਨ ਦਾ ਕੋਈ ਯਤਨ ਕੀਤਾ ਗਿਆ ਹੈ। ਤਿੰਨ ਖੇਤੀ ਉਜਾੜੂ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਮੌਕੇ ਆਪਣੀ ਹਾਰ ਤੋਂ ਭੋਰਾ ਭਰ ਵੀ ਸਬਕ ਨਾ ਸਿਖਦਿਆਂ ਇਸ ਨੂੰ ਸੂਬਾ ਸਰਕਾਰਾਂ ਨੂੰ ਜਾਰੀ ਕਰ ਦਿੱਤਾ ਗਿਆ ਹੈ। ਸੂਬਾ ਸਰਕਾਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਪੂਰੇ ਹਿੰਦੁਸਤਾਨ ਵਿੱਚ ਇਸ ਨੀਤੀ ਖਰੜੇ ਨੂੰ ਲਾਗੂ ਕੀਤਾ ਜਾਵੇਗਾ। ਨੀਤੀ ਖਰੜੇ ਦੇ ਮੂਹਰੇ ਲਾਏ ਪੱਤਰ ਵਿੱਚ ਟਿੱਪਣੀਆਂ, ਸੁਝਾਅ 15 ਦਿਨਾਂ ਵਿੱਚ ਭੇਜਣ ਦਾ ਰਸਮੀ ਜ਼ਿਕਰ ਜ਼ਰੂਰ ਕੀਤਾ ਗਿਆ ਹੈ, ਪਰ ਮੁੱਦਾ ਲੰਮੇ ਸਮੇਂ ਅਤੇ ਗੰਭੀਰ ਵਿਚਾਰ-ਚਰਚਾ ਦੀ ਮੰਗ ਕਰਦਾ ਹੈ।

ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਮੋਦੀ ਸਰਕਾਰ ਤੋਂ ਹੋਰ ਸਮਾਂ ਮੰਗਿਆ ਗਿਆ, ਜੋ ਕੇਂਦਰ ਸਰਕਾਰ ਵੱਲੋਂ 10 ਜਨਵਰੀ 2025 ਤੱਕ ਦਿੱਤਾ ਗਿਆ। ਇਸ ਸਮੇਂ ਦੌਰਾਨ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਨੇ ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਜਥੇਬੰਦੀਆਂ ਦੀਆਂ ਮੀਟਿੰਗਾਂ ਸੱਦ ਕੇ ਇਹਨਾਂ ਦੇ ਵਿਚਾਰ ਜਾਣਨ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਤੇ ਆੜ੍ਹਤੀਆਂ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਦਾ ਨੀਤੀ ਖਰੜਾ ਰੱਦ ਕਰ ਦਿੱਤਾ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਇਸ ਨੂੰ ਤਿੰਨ ਖੇਤੀ ਉਜਾੜੂ ਕਾਲੇ ਕਾਨੂੰਨਾਂ ਨੂੰ ਮੁੜ ਲਾਗੂ ਕਰਨਾ ਦੱਸਿਆ ਹੈ। ਸਾਡੀ ਨਜ਼ਰ ਵਿੱਚ ਇਹ ਤਿੰਨ ਖੇਤੀ ਉਜਾੜੂ ਕਾਲੇ ਕਾਨੂੰਨਾਂ ਤੋਂ ਵੀ ਵੱਧ ਖਤਰਨਾਕ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਕੱਤਰ ਨੂੰ ਚਿੱਠੀ ਲਿਖ ਕੇ ਇਹ ਨੀਤੀ ਖਰੜਾ ਰੱਦ ਕਰ ਦਿੱਤਾ ਗਿਆ ਹੈ, ਜਦ ਕਿ ਕਿਸਾਨ ਜਥੇਬੰਦੀਆਂ ਨੇ ਇਸ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਰੱਦ ਕਰਨ ਦੀ ਮੰਗ ਕੀਤੀ ਸੀ। ਜਿਸ ਨੂੰ ਭਗਵੰਤ ਮਾਨ ਸਰਕਾਰ ਨੇ ਅਣਸੁਣਿਆ ਕਰ ਦਿੱਤਾ ਹੈ।

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਭਾਰਤ ਦਾ ਖੇਤੀ ਅਰਥਚਾਰਾ ਗੰਭੀਰ ਸੰਕਟ ਦਾ ਸ਼ਿਕਾਰ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਖੇਤੀ ਪੈਦਾਵਾਰ ਤੇ ਲਾਗਤ ਖਰਚੇ ਲਗਾਤਾਰ ਵਧ ਰਹੇ ਹਨ। ਇਸ ਦੇ ਉਲਟ ਕਿਸਾਨੀ ਜਿਣਸਾਂ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਹੋ ਰਿਹਾ। ਭਾਵੇਂ ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਸਮੇਂ ਵਿੱਚ ਐੱਮ ਐੱਸ ਪੀ ਵਿੱਚ ਕੀਤੇ ਵਾਧੇ ਦਾ ਵਾਰ ਵਾਰ ਜ਼ਿਕਰ ਕੀਤਾ ਹੈ, ਪਰ ਜੇਕਰ ਇਸ ਨੂੰ ਲਾਗਤ ਵਸਤੂਆਂ ਦੀ ਮਹਿੰਗਾਈ ਦੀ ਦਰ ਦੇ ਹਿਸਾਬ ਨਾਲ ਮੁਕਾਬਲੇ ਵਿੱਚ ਵੇਖਿਆ ਜਾਵੇ ਤਾਂ ਇਸ ਵਾਧੇ ਨੂੰ ਮਹਿਗਾਈ ਚਟਮ ਕਰ ਰਹੀ ਹੈ। ਐੱਮ.ਐੱਸ.ਪੀ. ਵੀ ਕੇਂਦਰੀ ਸਰਕਾਰ 23 ਫਸਲਾਂ ਉੱਤੇ ਐਲਾਨਦੀ ਹੈ। ਬਾਕੀ ਫਸਲਾਂ, ਫਲਾਂ, ਸਬਜ਼ੀਆਂ, ਦੁੱਧ, ਮਾਸ ਆਦਿ ਉੱਤੇ ਕੋਈ ਐੱਮ. ਐੱਸ.ਪੀ. ਨਹੀਂ ਐਲਾਨੀ ਜਾਂਦੀ। ਪੰਜਾਬ ਹਰਿਆਣਾ ਤੇ ਪੱਛਮੀ ਯੂ ਪੀ ਤੋਂ ਬਿਨਾਂ ਹੋਰ ਕਿਤੇ ਵੀ ਐੱਮ ਐੱਸ ਪੀ ਉੱਤੇ ਖਰੀਦ ਨਹੀਂ ਕੀਤੀ ਜਾਂਦੀ। ਇਹਨਾਂ ਸੂਬਿਆਂ ਅੰਦਰ ਵੀ ਸਿਰਫ ਦੋ ਫਸਲਾਂ ਕਣਕ ਅਤੇ ਝੋਨੇ ਉੱਤੇ ਐੱਮ. ਐੱਸ.ਪੀ. ਉੱਤੇ ਖਰੀਦ ਕੀਤੀ ਜਾਂਦੀ ਹੈ, ਬਾਕੀਆਂ ਦੀ ਨਹੀਂ।

ਨੀਤੀ ਖਰੜੇ ਅੰਦਰ ਕਿਸਾਨਾਂ ਦੀ ਆਮਦਨ ਵਧਾਉਣ ਤੇ ਮੰਡੀ ਦੀ ਖੱਜਲ-ਖੁਆਰੀ ਨੂੰ ਦੂਰ ਕਰਨ ਲਈ ਠੇਕਾ ਖੇਤੀ ਨੂੰ ਮੁੜ ਇੱਕ ਹੱਲ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਇਸ ਨੂੰ ਏ ਪੀ ਐੱਮ ਸੀ ਮਾਡਲ ਐਕਟ 2003 ਤਹਿਤ ਲਾਗੂ ਕੀਤਾ ਜਾਵੇਗਾ। ਤਿੰਨ ਕਾਲੇ ਕਾਨੂੰਨਾਂ ਅੰਦਰ ਵੀ ਇੱਕ ਕਾਨੂੰਨ ਠੇਕਾ ਖੇਤੀ ਬਾਰੇ ਸੀ। ਇਹ ਨੁਕਤਾ ਪਹਿਲੇ ਕਾਨੂੰਨਾਂ ਵਾਲਾ ਹੀ ਹੈ, ਜਿਸ ਤਹਿਤ ਦੇਸੀ-ਵਿਦੇਸ਼ੀ ਕੰਪਨੀਆਂ ਆਪਣੇ ਵੱਲੋਂ ਤੈਅ ਸਾਂਝ-ਭਿਆਲੀ ਵਾਲੇ ਸਪਾਂਸਰਾਂ ਰਾਹੀਂ ਕਿਸਾਨਾਂ ਨਾਲ ਬੀਜੀ ਜਾਣ ਵਾਲੀ ਫਸਲ ਬਾਰੇ, ਉਸ ਲਈ ਵਰਤੀ ਜਾਣ ਵਾਲੀ ਤਕਨੀਕ ਬਾਰੇ, ਲਾਗਤ ਬਾਰੇ, ਕੀਮਤ ਬਾਰੇ ਅਤੇ ਪੈਦਾਵਾਰ ਦੀ ਗੁਣਵੱਤਾ ਬਾਰੇ ਸ਼ਰਤਾਂ ਤੈਅ ਕਰਨਗੀਆਂ। ਪੈਦਾਵਾਰ ਸਿੱਧੀ ਖੇਤ ਵਿੱਚੋਂ ਚੁੱਕੀ ਜਾਵੇਗੀ। ਪੰਜਾਬ ਦੇ ਕਿਸਾਨਾਂ ਦਾ ਪੈਪਸੀ ਕੰਪਨੀ ਦਾ ਤਜਰਬਾ ਠੇਕਾ ਖੇਤੀ ਦੇ ਫੇਲ੍ਹ ਹੋਣ ਦੀ ਗਵਾਹੀ ਭਰਦਾ ਹੈ, ਜਿਸ ਤਹਿਤ ਪੈਪਸੀ ਕੰਪਨੀ ਨੇ ਟਮਾਟਰਾਂ ਤੇ ਆਲੂਆਂ ਦੀ ਠੇਕਾ ਖੇਤੀ ਕਰਵਾਈ ਸੀ। ਜਦੋਂ ਪੈਦਾਵਾਰ ਹੋਈ ਤਾਂ ਪੈਦਾਵਾਰ ਦੀ ਗੁਣਵੱਤਾ ਠੀਕ ਨਾ ਹੋਣ ਦਾ ਬਹਾਨਾ ਬਣਾ ਕੇ ਫਸਲਾਂ ਖੇਤਾਂ ਵਿੱਚੋਂ ਨਹੀਂ ਚੁੱਕੀਆਂ ਗਈਆਂ ਸਨ, ਜਿਸ ਕਰਕੇ ਕਿਸਾਨਾਂ ਨੂੰ ਫਸਲਾਂ ਸੜਕਾਂ ਉੱਤੇ ਢੇਰੀ ਕਰਨੀਆਂ ਪਈਆਂ ਸਨ। ਜਿੱਥੇ ਵੀ ਇਹ ਢੰਗ ਵਰਤਿਆ ਗਿਆ ਹੈ, ਇਹ ਤਜਰਬਾ ਫੇਲ੍ਹ ਸਾਬਤ ਹੋਇਆ ਹੈ। ਕਿਸਾਨਾਂ ਦੀ ਬਰਬਾਦੀ ਦਾ ਕਾਰਨ ਬਣਿਆ ਹੈ, ਜਿਸ ਨੂੰ ਭਾਰਤ ਪੱਧਰ ਉੱਤੇ ਮੁੜ ਦੁਰਹਾਉਣ ਦਾ ਕਾਰਜ ਲੈ ਕੇ ਮੋਦੀ ਸਰਕਾਰ ਕਿਸਾਨਾਂ ਨੂੰ ਬਰਬਾਦ ਕਰਨ ਦੇ ਰਾਹ ਪੈ ਰਹੀ ਹੈ। ਫਸਲ ਸਿੱਧੀ ਖੇਤ ਵਿੱਚੋਂ ਚੁੱਕੀ ਜਾਣ ਕਰਕੇ ਏ ਪੀ ਐਮ ਸੀ ਮੰਡੀ ਵਿੱਚ ਨਹੀਂ ਜਾਵੇਗੀ, ਜਿਸ ਕਰਕੇ ਕਿਸਾਨੀ ਦੇ ਨਾਲ ਏ ਪੀ ਐਮ ਸੀ ਮੰਡੀ ਦੀ ਵੀ ਬਰਬਾਦੀ ਹੋ ਜਾਵੇਗੀ ਅਤੇ ਪ੍ਰਾਈਵੇਟ ਮੰਡੀ ਸਥਾਪਤ ਹੋ ਜਾਵੇਗੀ।

ਜਦੋਂ ਪ੍ਰੋਸੈਸਰ, ਕੰਪਨੀ ਜਾਂ ਸਪਾਂਸਰ ਦੇ ਪੈਸੇ ਕਿਸਾਨਾਂ ਵੱਲ ਟੁੱਟਣਗੇ ਜਾਂ ਪੈਦਾਵਾਰ ਦੀ ਗੁਣਵੱਤਾ ਠੀਕ ਨਾ ਹੋਣ ਕਾਰਨ ਪ੍ਰੋਸੈਸਰ, ਕੰਪਨੀ ਜਾਂ ਸਪਾਂਸਰਾਂ ਦਰਮਿਆਨ ਝਗੜੇ ਉਤਪੰਨ ਹੋਣਗੇ ਤਾਂ ਇਸ ਦਾ ਨਿਪਟਾਰਾ ਮੌਜੂਦਾ ਕਾਨੂੰਨੀ ਢਾਂਚੇ ਰਾਹੀਂ ਨਹੀਂ ਕੀਤਾ ਜਾਵੇਗਾ। ਇਸ ਲਈ ਵਿਸ਼ੇਸ਼ ਅਥਾਰਟੀ ਤੈਅ ਕੀਤੀ ਜਾਵੇਗੀ, ਜਿਸ ਵੱਲੋਂ ਇਹਨਾਂ ਝਗੜਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਉਸ ਵੱਲੋਂ ਦੋ ਵਾਰ ਫੈਸਲਾ ਕਰਨ ਤੋਂ ਬਾਅਦ ਉਸ ਨੂੰ ਕਿਸੇ ਕੋਰਟ ਵਿੱਚ ਚੈਲਿੰਜ ਨਹੀਂ ਕੀਤਾ ਜਾ ਸਕੇਗਾ। ਉਸ ਦਾ ਫੈਸਲਾ ਉੱਚ ਅਦਾਲਤ ਦਾ ਫੈਸਲਾ ਮੰਨਿਆ ਜਾਵੇਗਾ। ਕਿਸਾਨ ਵੱਲ ਟੁੱਟੇ ਪੈਸਿਆਂ ਨੂੰ ਜ਼ਮੀਨ ਦੇ ਮਾਲੀਏ ਵਿੱਚੋਂ ਕੱਟਿਆ ਜਾਵੇਗਾ। ਠੇਕਾ ਖੇਤੀ ਦਾ ਇਹ ਇਕਰਾਰਨਾਮਾ ਕਿਸਾਨ ਨਾਲ ਪਹਿਲਾਂ ਰਜਿਸਟਰ ਕੀਤਾ ਜਾਵੇਗਾ। ਫਸਲ ਦੀ ਪੈਦਾਵਾਰ ਕੁਦਰਤ ਤੇ ਮੌਸਮ ਉੱਤੇ ਨਿਰਭਰ ਹੋਣ ਕਰਕੇ ਇਸ ਦੀ ਮਾਰ ਕਿਸਾਨਾਂ ਨੂੰ ਪਵੇਗੀ। ਪ੍ਰੋਸੈਸਰ, ਕੰਪਨੀ ਜਾਂ ਸਪਾਂਸਰਾਂ ਨੂੰ ਨਹੀਂ। ਇਸ ਕਰਕੇ ਠੇਕਾ ਖੇਤੀ ਵਿੱਚ ਕਿਸਾਨੀ ਘਾਟੇ ਵਿੱਚ ਰਹੇਗੀ। ਇਹ ਘਾਟਾ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਜ਼ਮੀਨ ਉੱਤੇ ਕਬਜ਼ੇ ਦਾ ਰਾਹ ਪੱਧਰਾ ਕਰੇਗਾ। ਠੇਕਾ ਖੇਤੀ ਕਿਸਾਨਾਂ ਲਈ ਮੁਨਾਫੇ ਦੀ ਥਾਂ ਘਾਟੇ ਦਾ ਸੌਦਾ ਸਾਬਤ ਹੋਵੇਗੀ।

ਨੀਤੀ ਖਰੜੇ ਅੰਦਰ ਵੇਅਰ ਹਾਊਸ, ਸਾਈਲੋਜ਼, ਸ਼ੈਲਰ, ਕੋਲਡ ਸਟੋਰ ਅਤੇ ਪ੍ਰਾਈਵੇਟ ਥਾਵਾਂ ਨੂੰ ਪ੍ਰਾਈਵੇਟ ਮੰਡੀਆਂ ਦੇ ਤੌਰ 'ਤੇ ਘੋਸ਼ਿਤ ਕੀਤਾ ਜਾਵੇਗਾ। ਨੀਤੀ ਖਰੜੇ ਵਿੱਚ ਦਰਜ ਜਾਣਕਾਰੀ ਅਨੁਸਾਰ ਪੰਜਾਬ, ਹਰਿਆਣਾ, ਯੂ ਪੀ, ਰਾਜਸਥਾਨ ਸਮੇਤ 26 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹਨਾਂ ਮੰਡੀਆਂ ਵਿੱਚ ਵਿਕੀ ਜਿਨਸ ਉੱਤੇ ਚੁੰਗੀ, ਮਾਰਕੀਟ ਖਰਚੇ, ਆੜ੍ਹਤ ਆਦਿ ਖਰਚੇ ਕਿਸਾਨਾਂ ਉੱਤੇ ਨਹੀਂ ਪੈਣਗੇ। ਇੱਕ ਵਾਰ ਏ ਪੀ ਐਮ ਸੀ ਮੰਡੀ ਦੇ ਮੁਕਾਬਲੇ ਇਹਨਾਂ ਪ੍ਰਾਈਵੇਟ ਮੰਡੀਆਂ ਵਿੱਚ ਫਸਲ ਮਹਿੰਗੀ ਵਿਕੇਗੀ। ਕਿਸਾਨ ਫੌਰੀ ਲਾਲਚ ਵਿੱਚ ਆ ਕੇ ਅਜਿਹੀਆਂ ਪ੍ਰਾਈਵੇਟ ਮੰਡੀਆਂ ਵਿੱਚ ਆਪਣੀਆਂ ਫਸਲਾਂ ਵੇਚਣਗੇ। ਇੱਕ ਅਰਸੇ ਤੋਂ ਬਾਅਦ ਏ ਪੀ ਐਮ ਸੀ ਮੰਡੀਆਂ ਦਾ ਖਾਤਮਾ ਹੋ ਜਾਵੇਗਾ। ਜਦੋਂ ਇਹਨਾਂ ਏ ਪੀ ਐਮ ਸੀ ਮੰਡੀਆਂ ਦਾ ਖਾਤਮਾ ਹੋ ਜਾਵੇਗਾ ਤਾਂ ਪ੍ਰਾਈਵੇਟ ਮੰਡੀਆਂ ਦੀ ਇਜਾਰੇਦਾਰੀ ਸਥਾਪਤ ਹੋ ਜਾਵੇਗੀ। ਇਹਨਾਂ ਪ੍ਰਾਈਵੇਟ ਮੰਡੀਆਂ ਦੇ ਮਾਲਕ ਵੱਡੇ ਵਪਾਰੀ ਵੱਡੀਆਂ ਥੋਕ ਵਿਕਰੇਤਾ ਦੇਸੀ-ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦੇ ਮਾਲਕ ਐੱਮ ਐੱਸ ਪੀ ਤੋਂ ਘੱਟ ਰੇਟ ਉੱਤੇ ਕਿਸਾਨਾਂ ਦੀਆਂ ਜਿਨਸਾਂ ਖਰੀਦਣਗੇ। ਇਹ ਨੀਤੀ ਕਿਸਾਨਾਂ ਦੀ ਆਮਦਨ ਵਧਾਉਣ ਦੀ ਥਾਂ ਲੁੱਟ-ਘਸੁੱਟ ਤੇਜ਼ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫੇ ਵਿੱਚ ਬੇਥਾਹ ਵਾਧਾ ਕਰਨ ਦਾ ਸਾਧਨ ਬਣੇਗੀ। ਏ ਪੀ ਐਮ ਸੀ ਮੰਡੀਆਂ ਦੀ ਆਮਦਨ ਖਤਮ ਹੋਣ ਨਾਲ ਪੇਂਡੂ ਸੜਕਾਂ ਆਦਿ ਉੱਤੇ ਖਰਚੇ ਬੰਦ ਹੋਣਗੇ। ਸਿੱਟੇ ਵਜੋਂ ਸਥਾਨਕ ਵਿਕਾਸ ਕਾਰਜ ਰੁਕਣਗੇ। ਏ ਪੀ ਐਮ ਸੀ ਮੰਡੀਆਂ ਦੇ ਖਾਤਮੇ ਨਾਲ ਛੋਟੇ ਆੜ੍ਹਤੀਏ ਅਤੇ ਉਹਨਾਂ ਨਾਲ ਜੁੜਿਆ ਛੋਟਾ ਖੇਤੀ ਵਪਾਰ, ਖੇਤੀ ਤੇ ਖੁਰਾਕ ਨਾਲ ਜੁੜਿਆ ਜੁੜਿਆ ਛੋਟਾ ਉਦਯੋਗ ਤਬਾਹੀ ਦੇ ਕੰਢੇ ਪਹੁੰਚੇਗਾ। ਇਹਨਾਂ ਮੰਡੀਆਂ ਦੇ ਖਾਤਮੇ ਨਾਲ ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ ਮਜ਼ਦੂਰ, ਮਨੀਮਾਂ ਆਦਿ ਦੇ ਚੁੱਲ੍ਹਿਆਂ ਦੀ ਅੱਗ ਬੁਝੇਗੀ। ਬੇਰੁਜ਼ਗਾਰੀ ਵਿੱਚ ਵਾਧਾ ਹੋਵੇਗਾ। ਏ ਪੀ ਐਮ ਸੀ ਮੰਡੀਆਂ ਦੇ ਖਾਤਮੇ ਨਾਲ ਸਰਕਾਰੀ ਖਰੀਦ ਬੰਦ ਹੋਵੇਗੀ ਅਤੇ ਸਰਕਾਰੀ ਖਰੀਦ ਬੰਦ ਹੋਣ ਨਾਲ ਜਨਤਕ ਵੰਡ ਪ੍ਰਣਾਲੀ ਖਤਮ ਹੋਵੇਗੀ।

ਨੀਤੀ ਖਰੜੇ ਅੰਦਰ ਖੇਤੀ ਜਿਨਸਾਂ ਦੀਆਂ ਕੀਮਤਾਂ ਅੰਦਰ ਸਥਿਰਤਾ ਲਿਆਉਣ ਲਈ ਇੱਕ ਹੋਰ ਯੋਜਨਾ ਬਣਾਉਣ ਦੀ ਗੱਲ ਕੀਤੀ ਗਈ ਹੈ। ਇਸ ਨੂੰ ਕੀਮਤ ਬੀਮਾ ਯੋਜਨਾ ਕਿਹਾ ਜਾਵੇਗਾ। ਇਸ ਦੀ ਠੋਸ ਰੂਪ ਰੇਖਾ ਬਾਰੇ ਗੋਲਮੋਲ ਗੱਲ ਕੀਤੀ ਗਈ ਹੈ। ਇਸ ਨੂੰ ਪ੍ਰਧਾਨ ਮੰਤਰੀ ਬੀਮਾ ਯੋਜਨਾ ਦੀ ਤਰਜ਼ 'ਤੇ ਵਿਕਸਤ ਕਰਨ ਦੀ ਗੱਲ ਨੀਤੀ ਖਰੜਾ ਕਰਦਾ ਹੈ। ਜੇਕਰ ਪ੍ਰਧਾਨ ਮੰਤਰੀ ਬੀਮਾ ਯੋਜਨਾ ਦੇ ਅਮਲ 'ਤੇ ਝਾਤ ਮਾਰੀ ਜਾਵੇ ਤਾਂ ਲਾਭ ਸਿਰਫ ਉਹਨਾਂ ਕਿਸਾਨਾਂ ਨੂੰ ਹੋ ਰਿਹਾ ਹੈ, ਜਿਹੜੇ ਠੇਕਾ ਖੇਤੀ ਕਰਦੇ ਹਨ, ਕਿਸੇ ਪੈਦਾਵਾਰ ਅਧਾਰਤ ਸਹਿਕਾਰੀ ਸੁਸਾਇਟੀ, ਕਿਸਾਨ ਉਤਪਾਦਕ ਜਥੇਬੰਦੀਆਂ ਦੇ ਮੈਂਬਰ ਹਨ।

ਨੀਤੀ ਖਰੜੇ ਮੁਤਾਬਕ ਲਿਖਣ ਨੂੰ ਭਾਵੇਂ ਖੇਤੀ ਨੂੰ ਸੂਬਿਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ, ਪਰ ਖੇਤੀ ਮੰਡੀਕਰਨ ਕੌਮੀ ਨੀਤੀ ਦੇ ਖਰੜੇ ਦਾ ਖਾਕਾ ਕੇਂਦਰ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਦਾ ਮਨੋਰਥ ਵੀ ਦੇਸ਼ ਪੱਧਰੀ ਇਕਹਿਰੀ ਮੰਡੀ ਦਾ ਨਿਰਮਾਣ ਕਰਨਾ ਦੱਸਿਆ ਗਿਆ ਹੈ। ਨੀਤੀ ਖਰੜੇ ਮੁਤਾਬਕ ਖੇਤੀ, ਬਾਗਬਾਨੀ ਅਤੇ ਜੰਗਲਾਤ ਦੀ ਪੈਦਾਵਾਰ ਦੀ ਖਰੀਦ-ਵੇਚ ਦੇ ਸਾਰੇ ਪ੍ਰਚਲਤ ਰੂਪਾਂ, ਜਿਵੇਂ ਹਾਟ ਬਾਜ਼ਾਰ, ਏ.ਪੀ.ਐਮ.ਸੀ., ਪ੍ਰਾਈਵੇਟ ਮੰਡੀਆਂ, ਖੇਤ ਵਿੱਚੋਂ ਸਿੱਧੀ ਖਰੀਦ ਮਾਰਕੀਟ, ਇਲੈਕਟਰੋਨਿਕ ਕੌਮੀ ਖੇਤੀ ਮਾਰਕੀਟ ਨੂੰ ਇੰਟਰਨੈੱਟ ਦੇ ਮਾਧਿਅਮ ਰਾਹੀਂ ਇੱਕ ਤੰਦ ਵਿੱਚ ਪਰੋਇਆ ਜਾਵੇਗਾ। ਅਸਲ ਵਿੱਚ ਖੇਤਰੀ ਮੰਡੀਆਂ ਦਾ ਖਾਤਮਾ ਕੀਤਾ ਜਾਵੇਗਾ। ਕੁੱਲ ਖੇਤੀ ਪੈਦਾਵਾਰ ਅਤੇ ਖੁਰਾਕ ਦੀ ਮਾਰਕੀਟ ਉੱਤੇ ਦੇਸੀ-ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦਾ ਕਬਜ਼ਾ ਕਰਾਇਆ ਜਾਵੇਗਾ। ਇਹ ਨੀਤੀ ਸਿਰਫ ਮੋਦੀ, ਅਮਿਤ ਸ਼ਾਹ ਜੁੰਡਲੀ ਦੀ ਹੀ ਨਹੀਂ, ਸਗੋਂ ਵਿਸ਼ਵ ਵਪਾਰ ਸੰਸਥਾ ਦੀ ਹੈ। ਮੋਦੀ-ਅਮਿਤ ਸ਼ਾਹ ਜੁੰਡਲੀ ਸਾਮਰਾਜਵਾਦ, ਖਾਸ ਕਰਕੇ ਅਮਰੀਕੀ ਸਾਮਰਾਜ ਦੀ ਦਲਾਲ ਹੋਣ ਕਰਕੇ ਇਸ ਨੀਤੀ ਨੂੰ ਲੋਕਾਂ ਉੱਤੇ ਮੁੜ ਧੱਕੇ ਨਾਲ ਲਾਗੂ ਕਰ ਰਹੀ ਹੈ। ਇਸ ਵੱਲੋਂ ਕਿਸਾਨਾਂ ਦੇ ਅੱਖੀਂ ਘੱਟਾ ਪਾਉਣ ਲਈ ਇਹ ਦਲੀਲ ਬੜੇ ਜ਼ੋਰ-ਸ਼ੋਰ ਨਾਲ ਧੁਮਾਈ ਜਾ ਰਹੀ ਹੈ ਕਿ ਕਿਸਾਨ ਆਪਣੀ ਫਸਲ ਦਾ ਵੱਧ ਮੁੱਲ ਲੈਣ ਲਈ ਕਿਸੇ ਇੱਕ ਕਿਸਮ ਦੀ ਸਥਾਨਕ ਮੰਡੀ ਉੱਤੇ ਨਿਰਭਰ ਨਹੀਂ ਰਹੇਗਾ, ਸਗੋਂ ਕੌਮੀ ਕੌਮਾਂਤਰੀ ਮੰਡੀ ਵਿੱਚ ਜਿੱਥੇ ਵੀ ਉਸ ਨੂੰ ਵੱਧ ਮੁੱਲ ਮਿਲੇਗਾ, ਉਥੇ ਆਜ਼ਾਦ ਮਰਜ਼ੀ ਨਾਲ ਫਸਲ ਵੇਚ ਸਕੇਗਾ।

ਭਾਵੇਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇੱਕ ਵਾਰ ਇਹ ਮੰਡੀਕਰਨ ਖਰੜਾ ਰੱਦ ਕਰ ਦਿੱਤਾ ਹੈ। ਨੀਤੀ ਖਰੜੇ ਅੰਦਰ ਵੀ ਖੇਤੀ ਨੂੰ ਰਾਜਾਂ ਦੀ ਸੂਚੀ ਵਿੱਚ ਲਿਖਿਆ ਗਿਆ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਵੱਲੋਂ ਇਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਜਿਹੜੀਆਂ ਸੂਬਾ ਸਰਕਾਰਾਂ ਇਸ ਨੂੰ ਲਾਗੂ ਨਹੀਂ ਕਰਨਗੀਆਂ, ਉਹਨਾਂ ਉੱਤੇ ਕੇਂਦਰ ਸਰਕਾਰ ਆਰਥਿਕ, ਸਿਆਸੀ ਸ਼ਿਕੰਜਾ ਕੱਸੇਗੀ। ਜਿਵੇਂ ਕੇਂਦਰ ਸਰਕਾਰ ਨੇ ਹੁਣ ਪੰਜਾਬ ਸਰਕਾਰ ਦਾ ਪੇਂਡੂ ਵਿਕਾਸ ਫੰਡ ਰੋਕਿਆ ਹੋਇਆ ਹੈ। ਜਿਹੜੀਆਂ ਸੂਬਾ ਸਰਕਾਰਾਂ ਇਸ ਨੂੰ ਲਾਗੂ ਕਰਨਗੀਆਂ, ਉਹਨਾਂ ਨੂੰ ਵਿਸ਼ੇਸ਼ ਪੈਕੇਜ ਵੀ ਦਿੱਤੇ ਜਾ ਸਕਦੇ ਹਨ, ਉਹਨਾਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਸੋ ਇਹ ਨੀਤੀ ਖਰੜਾ ਵਿਰੋਧੀ ਪਾਰਟੀਆਂ ਅਤੇ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਦੀ ਬਾਂਹ ਮਰੋੜਨ ਦਾ ਸੰਦ ਬਣੇਗਾ। ਇਹ ਨੀਤੀ ਖਰੜਾ ਸੂਬਿਆਂ ਦੇ ਅਧਿਕਾਰਾਂ ਉੱਤੇ ਡਾਕਾ ਹੈ। ਇਹ ਨੀਤੀ ਖਰੜਾ ਭਾਰਤ ਦੇ ਨਾ-ਮਾਤਰ ਸੰਘੀ ਢਾਂਚੇ ਦੀ ਸੰਘੀ ਘੁੱਟਣ ਦਾ ਸੰਦ ਸਾਬਤ ਹੋਵੇਗਾ। ਸੋ ਸਮੁੱਚਤਾ ਵਿੱਚ ਵੇਖਿਆਂ ਮੋਦੀ ਹਕੂਮਤ ਵੱਲੋਂ ਜਾਰੀ ਕੀਤਾ ਖੇਤੀ ਮੰਡੀਕਰਨ ਨੀਤੀ ਦੇ ਖਾਕੇ ਦਾ ਖਰੜਾ ਭਾਰਤੀ ਖੇਤੀ ਮੰਡੀ ਦੀ ਵੰਨ-ਸੁਵੰਨਤਾ ਨੂੰ ਖਤਮ ਕਰਕੇ ਇੱਕ ਰਾਸ਼ਟਰੀ ਮੰਡੀ ਨਿਰਮਾਣ ਨੀਤੀ ਦਾ ਹਿੱਸਾ ਹੈ, ਜਿਸ ਦਾ ਕੰਟਰੋਲ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਅਨੁਸਾਰ ਦੇਸੀ-ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦੇ ਹੱਥਾਂ ਵਿੱਚ ਹੋਵੇਗਾ। ਜਿਹੜੀਆਂ ਖੇਤੀ ਪੈਦਾਵਾਰ ਦੀ ਐੱਮ ਐੱਸ ਪੀ ਤੋਂ ਸਸਤੀ ਲੁੱਟ ਕਰਨਗੀਆਂ ਅਤੇ ਹੋਰਾਂ ਥਾਵਾਂ ਤੋਂ ਖਰੀਦਿਆ ਆਪਣਾ ਮਾਲ ਮਹਿੰਗੇ ਭਾਅ ਵੇਚਣਗੀਆਂ, ਜਿਸ ਨਾਲ ਐੱਮ ਐੱਸ ਪੀ ਉੱਤੇ ਖਰੀਦ ਕਰਨ ਵਾਲੀ ਏ ਪੀ ਐੱਮ ਸੀ ਮੰਡੀ ਅਤੇ ਸਰਕਾਰੀ ਖਰੀਦ ਏਜੰਸੀਆਂ ਬੰਦ ਹੋ ਜਾਣਗੀਆਂ। ਕਿਸਾਨਾਂ ਦੀ ਪੈਦਾਵਾਰ ਦੀ ਕੀਮਤ ਨੂੰ ਧੜਵੈਲ ਦੇਸੀ-ਵਿਦੇਸ਼ੀ ਕੰਪਨੀਆਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਜਾਵੇਗਾ। ਸੋ ਭਾਰਤ ਦੇ ਸਮੂਹ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਇਨਕਲਾਬੀ ਜਮਹੂਰੀ ਸ਼ਕਤੀਆਂ ਦਾ ਫਰਜ਼ ਬਣਦਾ ਹੈ ਕਿ ਇਸ ਲੋਕ ਮਾਰੂ ਨੀਤੀ ਖਰੜੇ ਨੂੰ ਰੱਦ ਕਰਾਉਣ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਨ। ਇਕੱਲੇ-ਇਕੱਲੇ ਲੜਨ ਦੀ ਥਾਂ ਸਾਂਝੇ ਘੋਲਾਂ ਦੇ ਪਿੜ ਬੰਨ੍ਹਣ। ਘੋਲ ਦੀ ਧਾਰ ਮੋਦੀ ਹਕੂਮਤ ਤੇ ਇਸ ਨੂੰ ਲਾਗੂ ਕਰ ਰਹੀਆਂ ਸੂਬਾ ਸਰਕਾਰਾਂ ਵਿਰੁੱਧ ਸੇਧਤ ਕਰਨ।

**#ਸੰਪਰਕ : 98156-29301**

## ਨਸ਼ਿਆਂ ਨਾਲ ਪ੍ਰਭਾਵਤ ਸਥਾਨਾਂ/ਹਾਟਸਪੋਟ ਦੀ ਕੀਤੀ ਗਈ ਸਰਚ ਤੇ ਚੈਕਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)** ਪੰਜਾਬ ਦੇ ਡੀ.ਜੀ.ਪੀ ਗੌਰਵ ਯਾਦਵ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ, ਨਸ਼ਿਆਂ ਦੀ ਤਸਕਰੀ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਘੇਰਾਬੰਦੀ ਅਤੇ ਸਰਚ ਅਪ੍ਰੇਸ਼ਨ (ਕਾਸੋ) ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਮੁਹਿੰਮ ਤਹਿਤ ਅਜੈ ਗਾਂਧੀ ਐਸ.ਐਸ.ਪੀ. ਮੋਗਾ ਦੀ ਅਗਵਾਈ ਵਿਚ ਗੁਰਸ਼ਰਨਜੀਤ ਸਿੰਘ ਸੰਧੂ ਐਸ.ਪੀ. ਐਚ ਮੋਗਾ ਸਿੰਘ ਦੀ ਹਾਜ਼ਰੀ ਵਿੱਚ ਪੁਲਸ ਫੋਰਸ ਵੱਲੋਂ ਸਬ-ਡਵੀਜ਼ਨ ਧਰਮਕੋਟ ਦੇ ਡਰੱਗ ਹੋਟਸਪੋਟ ਪਿੰਡ ਨੂਰਪੁਰ ਹਕੀਮਾਂ 'ਤੇ ਸਰਚ ਅਪ੍ਰੇਸ਼ਨ ਚਲਾਇਆ ਗਿਆ। ਅਪ੍ਰੇਸ਼ਨ ਦੌਰਾਨ 01 ਐਸ.ਪੀ, 01 ਡੀ.ਐਸ.ਪੀ, 04 ਥਾਣਿਆਂ ਦੇ ਮੁਖੀ, 117 (ਐਨ.ਜੀ.ਓ ਤੇ ਈ.ਪੀ.ਓ), ਪੁਲਸ ਕ੍ਰਮਚਾਰੀਆਂ ਵੱਲੋਂ ਸਬ-ਡਵੀਜ਼ਨ ਧਰਮਕੋਟ ਅਧੀਨ ਆਉਂਦੇ ਪਿੰਡ ਨੂਰਪੁਰ ਹਕੀਮਾਂ ਵਿੱਚ ਘੇਰਾਬੰਦੀ ਕਰਕੇ ਚੈਕਿੰਗ ਕੀਤੀ ਗਈ। ਇਸ ਅਪ੍ਰੇਸ਼ਨ ਦੌਰਾਨ 15 ਸ਼ੱਕੀ ਘਰਾਂ ਦੀ ਸਰਚ ਕੀਤੀ ਗਈ।ਤਰਸੇਮ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਭੋਡੀ ਵਾਲਾ ਤੇ ਸੁਖਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨੂਰਪੁਰ ਹਕੀਮਾਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ 25 ਗ੍ਰਾਮ ਹੈਰੋਇਨ ਅਤੇ 58000/- ਰੁਪਏ ਡਰੱਗ ਮਨੀ ਬ੍ਰਾਮਦ ਕਰਕੇ ਮੁਕੱਦਮਾ ਨੰਬਰ 29 ਮਿਤੀ 18/02/2025 ਅ/ਧ 21-61-85 ਐਨ.ਡੀ.ਪੀ.ਐਸ. ਐਕਟ ਥਾਣਾ ਧਰਮਕੋਟ ਦਰਜ ਕੀਤਾ ਗਿਆ।ਗ੍ਰਿਫ਼ਤਾਰ ਦੋਸ਼ੀਆਂ ਪਾਸੋਂ ਪੁੱਛਗਿੱਛ ਕਰਕੇ ਬੈਕਵਰਡ-ਫਾਰਵਰਡ ਲਿੰਕ ਪਤਾ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਤੋਂ ਇਲਾਵਾ ਚੈਕਿੰਗ ਦੌਰਾਨ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਕੀਤੀ ਗਈ।ਸੀਨੀਅਰ ਕਪਤਾਨ ਪੁਲਸ ਮੋਗਾ ਨੇ ਇਸ ਕਾਰਵਾਈ ਵਿੱਚ ਸ਼ਾਮਲ ਪੁਲਸ ਮੁਲਾਜ਼ਮਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਅਪ੍ਰੇਸ਼ਨ ਸ਼ਾਂਤੀ ਤੇ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੋਗਾ ਪੁਲਸ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਦ੍ਰਿੜ ਹੈ ਤੇ ਭਵਿੱਖ ਵਿੱਚ ਵੀ ਮਾੜੇ ਅਨਸਰਾਂ ਖਿਲਾਫ ਇਸ ਤਰ੍ਹਾਂ ਦੀਆ ਕਾਰਵਾਈਆਂ ਜਾਰੀ ਰਹਿਣਗੀਆਂ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਸਮਾਜ ਦੇ ਮਾੜੇ ਅਨਸਰਾਂ ਖਿਲਾਫ਼ ਵਿੱਢੀ ਮੁਹਿੰਮ ਅਧੀਨ ਨਸ਼ਿਆਂ ਦੇ ਖਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।



## ਔਲਾਦ ਨਾ ਹੋਣ ਕਾਰਨ ਅਗਵਾ ਕੀਤਾ ਛੇ ਮਹੀਨੇ ਦਾ ਬੱਚਾ, ਦੋ ਵਿਅਕਤੀ ਗ੍ਰਿਫ਼ਤਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪਿਛਲੇ ਦਿਨੀਂ ਸ਼ੇਰਾਂਵਾਲਾ ਗੇਟ ਕੋਲ ਫੁੱਟਪਾਥ ਤੋਂ ਅਗਵਾ ਹੋਇਆ ਬੱਚਾ ਪਟਿਆਲਾ ਪੁਲਸ ਵੱਲੋਂ ਬਰਾਮਦ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਨੇ ਆਪਣੀ ਧੀ ਦੇ ਔਲਾਦ ਨਾ ਹੋਣ 'ਤੇ 6 ਮਹੀਨੇ ਦਾ ਬੱਚਾ ਜਦੋਂ ਰਾਤ ਨੂੰ ਪਰਵਾਰ ਸਮੇਤ ਫੁੱਟਪਾਥ 'ਤੇ ਸੁੱਤਾ ਪਿਆ ਸੀ, ਨੂੰ ਅਗਵਾ ਕੀਤਾ ਸੀ। ਇਸ ਸਬੰਧੀ ਬੱਚੇ ਦੇ ਪਰਵਾਰ ਨੇ ਪੁਲਸ ਨੂੰ ਇਤਲਾਹ ਦਿੱਤੀ ਸੀ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਨੇ 40 ਘੰਟਿਆਂ ਦੇ ਅੰਦਰ ਹੀ ਬੱਚੇ ਨੂੰ ਬਰਾਮਦ ਕਰ ਲਿਆ । ਇਸ ਮਾਮਲੇ 'ਚ ਪੁਲਸ ਨੇ ਬਿੱਟੂ ਪੁੱਤਰ ਰਾਮ ਸਿੰਘ ਵਾਸੀ ਧਰਮਪੁਰਾ ਬਾਜ਼ਾਰ ਧਾਨਕਾ ਮੁਹੱਲਾ ਪਟਿਆਲਾ ਹਾਲ ਵਾਸੀ ਝੁੱਗੀਆਂ ਦਾਣਾ ਮੰਡੀ ਸਰਹਿੰਦ ਰੋਡ ਪਟਿਆਲਾ ਅਤੇ ਪੱਪੂ ਪੁੱਤਰ ਜੰਗ ਵਾਸੀ ਭਾਦਸੋਂ ਰੋਡ ਨੇੜੇ ਪੈਟਰੋਲ ਪੰਪ ਝੁੱਗੀਆਂ ਪਿੰਡ ਜੱਸੋਵਾਲ ਪਟਿਆਲਾ ਨੂੰ ਕਾਬੂ ਕੀਤਾ ਹੈ। ਐੱਸ ਐੱਸ ਪੀ ਪਟਿਆਲਾ ਨਾਨਕ ਸਿੰਘ ਨੇ ਦੱਸਿਆ ਕਿ ਥਾਣਾ ਲਾਹੌਰੀ ਗੇਟ ਪਟਿਆਲਾ ਵਿਖੇ ਜੰਗਲੀ ਪੁੱਤਰ ਸਿਕੰਦਰ ਹਾਲ ਵਾਸੀ ਫੁੱਟਪਾਥ ਵੱਡੀ ਬਾਰਾਂਦਰੀ ਨੇੜੇ ਸ਼ੇਰਾਂਵਾਲਾ ਗੇਟ ਪਟਿਆਲਾ ਨੇ ਇਤਲਾਹ ਦਿੱਤੀ ਸੀ ਕਿ ਉਹ 15 ਫਰਵਰੀ ਦੀ ਰਾਤ ਨੂੰ ਆਪਣੀ ਪਤਨੀ ਅਤੇ ਬੱਚਿਆਂ ਨਾਲ ਰੋਜ਼ਾਨਾ ਦੀ ਤਰ੍ਹਾਂ ਰੋਟੀ ਖਾ ਕੇ ਫੁੱਟਪਾਥ 'ਤੇ ਸੁੱਤਾ ਸੀ ਪਰ ਜਦੋਂ ਰਾਤ ਕਰੀਬ 2 ਵਜੇ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਦਾ ਛੋਟਾ ਲੜਕਾ ਅਤੀ (6) ਉੱਥੇ ਨਹੀਂ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੇ ਅਧਾਰ 'ਤੇ ਐੱਸ ਪੀ ਸਿਟੀ ਮੁਹੰਮਦ ਸਰਫਰਾਜ ਆਲਮ, ਡੀ ਐੱਸ ਪੀ ਸਤਨਾਮ ਸਿੰਘ ਤੇ ਐੱਸ ਐੱਚ ਓ ਥਾਣਾ ਲਾਹੌਰੀ ਗੇਟ ਗਗਨਦੀਪ ਸਿੰਘ ਦੀ ਅਗਵਾਈ ਹੇਠ ਬਣਾਈ ਟੀਮ ਵੱਲੋਂ ਤਕਨੀਕੀ ਅਧਾਰ 'ਤੇ ਮਾਮਲੇ ਨੂੰ ਟਰੇਸ ਕਰਦਿਆਂ ਕੁਝ ਹੀ ਘੰਟਿਆਂ 'ਚ ਬੱਚੇ ਨੂੰ ਵੀਰ ਹਕੀਕਤ ਰਾਏ ਸਕੂਲ ਦੀ ਬੈਕਸਾਈਡ ਰੇਲਵੇ ਸਟੇਸ਼ਨ ਕੋਲੋਂ ਬਰਾਮਦ ਕਰਕੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਪੱਪੂ ਨਾਮ ਦੇ ਮੁਲਜ਼ਮ ਦੀ ਲੜਕੀ ਨੀਲਮ ਪਤਨੀ ਜੱਗਾ ਵਾਸੀ ਬਸਤੀ ਮੁੰਡੀ ਖਰੜ ਪਿਛਲੇ 8-9 ਸਾਲ ਤੋਂ ਵਿਆਹੀ ਹੋਈ ਹੈ ਪਰ ਕੋਈ ਵੀ ਔਲਾਦ ਨਹੀਂ ਹੈ। ਪੱਪੂ ਨੇ ਬਿੱਟੂ ਨਾਲ ਸਲਾਹ ਮਸ਼ਵਰਾ ਕਰਕੇ ਪਟਿਆਲਾ 'ਚੋਂ ਬੱਚਾ ਅਗਵਾ ਕਰਕੇ ਆਪਣੀ ਲੜਕੀ ਨੂੰ ਦੇਣ ਵਾਸਤੇ ਆਪਣੇ ਪਾਸ ਰੱਖਿਆ ਹੋਇਆ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਮੁਲਜ਼ਮ ਪੱਪੂ 'ਤੇ ਪਹਿਲਾਂ ਵੀ ਮੁਕੱਦਮਾ ਦਰਜ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦਾ ਅਦਾਲਤ 'ਚ ਪੇਸ਼ ਕਰਕੇ ਦੋ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਮੇਲਾ ਤੇ ਲੋੜਵੰਦ ਲੜਕੀਆਂ ਦੇ ਵਿਆਹ ਸਮਾਗਮ 22 ਨੂੰ

**ਹਠੂਰ ( ਨਛੱਤਰ ਸੰਧੂ)**- ਉਘੇ ਸਮਾਜ ਸੇਵੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਸਬਾ ਹਠੂਰ ਵਿਖੇ ਲੋੜਵੰਦ ਲੜਕੀਆਂ ਦੇ ਵਿਆਹ ਸਮਾਗਮ 22 ਫਰਵਰੀ ਨੂੰ ਕਰਵਾਏ ਜਾ ਰਹੇ ਹਨ। ਉਪਰੋਕਤ ਜਾਣਕਾਰੀ ਦਿੰਦਿਆਂ ਸਮਾਜਸੇਵੀ ਕਿਰਨ ਮਹੰਤ ਨੇ ਦੱਸਿਆ ਕਿ 20 ਫਰਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਜਿਨ੍ਹਾਂ ਦੇ ਭੋਗ 9-30 ਵੱਜੇ ਸਵੇਰੇ ਪਾਏ ਜਾਣਗੇ। ਉਪਰੰਤ ਲੋੜਵੰਦ ਲੜਕੀਆਂ ਦੇ ਅਨੰਦ ਕਾਰਜ ਕਰਵਾਏ ਜਾਣਗੇ, ਜਿਨ੍ਹਾਂ ਨੂੰ ਲੋੜੀਂਦੇ ਸਾਜ਼ੋ ਸਾਮਾਨ ਵੀ ਦਿੱਤੇ ਜਾਣਗੇ। 12 ਵਜੇ ਦੁਪਹਿਰੇ ਸੱਭਿਆਚਾਰਕ ਮੇਲਾ ਕਰਵਾਇਆ ਜਾਵੇਗਾ, ਜਿਸ ਵਿੱਚ ਫਿਰੋਜ਼ ਖਾਨ, ਬਲਕਾਰ ਅਣਖੀਲਾ ਅਤੇ ਮਨਜਿੰਦਰ ਗੁਲਸ਼ਨ ਪੰਜਾਬੀ ਸੱਭਿਆਚਾਰਕ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਕਰਨਗੇ। ਉਨ੍ਹਾਂ ਕਿਹਾ ਕਿ ਲੋੜਵੰਦ ਪਰਿਵਾਰ ਵਿਆਹ ਲਈ ਲੜਕੀਆਂ ਦੇ ਨਾਂ 10 ਫਰਵਰੀ ਤੱਕ ਡੇਰਾ ਹਠੂਰ ਵਿਖੇ ਲਿਖਵਾਉਣ ਤਾਂ ਕਿ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ।



## ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਪੰਜਾਬੀਆਂ ਦੀ ਸਾਰ ਲਵੇ ਪੰਜਾਬ ਸਰਕਾਰ : ਚਰਨਪ੍ਰੀਤ ਸਿੰਘ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਹੱਥਕੜੀਆਂ ਲਾ ਕੇ ਅਮਰੀਕੀ ਫੌਜੀ ਜਹਾਜ਼ ਰਾਹੀਂ ਭੇਜਣਾ ਭਾਰਤ ਦੇਸ਼ ਦਾ ਨਿਰਾਦਰ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਨਗਰ ਕੌਂਸਲ ਬਾਘਾ ਪੁਰਾਣਾ ਦੇ ਸਾਬਕਾ ਕੌਂਸਲਰ ਅਤੇ ਕਿਸਾਨ ਆਗੂ ਚਰਨਪ੍ਰੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪੰਜਾਬੀਆਂ ਦੀ ਪੰਜਾਬ ਸਰਕਾਰ ਨੂੰ ਸਾਰ ਲੈਣੀ ਚਾਹੀਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਪੰਜਾਬੀਆਂ ਨੂੰ ਨੌਕਰੀ ਦੇ ਮੌਕੇ ਮੁਹੱਈਆ ਕਰਵਾਉਣ ਦੀ ਮੰਗ ਨੂੰ ਲੈ ਕੇ ਰਾਜਨੀਤਕ ਅਤੇ ਸਮਾਜਿਕ ਚਰਚਾ ਤੇਜ਼ ਹੋ ਗਈ ਹੈ। ਚਰਨਪ੍ਰੀਤ ਸਿੰਘ ਨੇ ਕਿਹਾ ਕਿ ਬੇਰੋਜ਼ਗਾਰੀ ਅਤੇ ਗਲਤ ਏਜੰਟਾਂ ਦੇ ਝਾਂਸੇ ਵਿਚ ਆ ਕੇ ਬਹੁਤ ਸਾਰੇ ਪੰਜਾਬੀ ਨੌਜਵਾਨ ਵਿਦੇਸ਼ਾਂ ਵਿਚ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਡਿਪੋਰਟ ਹੋਣਾ ਪਿਆ। ਇਸ ਸਮੱਸਿਆ ਦਾ ਹੱਲ ਲਈ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਨ੍ਹਾਂ ਯੁਵਕਾਂ ਲਈ ਰੋਜ਼ਗਾਰ ਦੇ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਹੁਣ ਹਾਲਾਤ ਇਹੋ ਜਿਹੇ ਬਣ ਚੁੱਕੇ ਹਨ ਕਿ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅਜਿਹੀਆਂ ਪਹਿਲ ਕਦਮੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਇਸ ਦੇ ਨਾਲ ਹੀ ਕੇਂਦਰ ਸਰਕਾਰ ਵੀ ਇਸ ਸਬੰਧੀ ਠੋਸ ਕਦਮ ਚੁੱਕੇ।ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ, ਜਿਨ੍ਹਾਂ ਅਮਰੀਕੀ ਰਾਸ਼ਟਰਪਤੀ ਦੀ ਭਾਰਤੀਆਂ ਨੂੰ ਹੱਥਕੜੀਆਂ ਨਾਲ ਬੰਨ੍ਹ ਕੇ ਭਾਰਤ ਭੇਜਣ ਦੀ ਨਿਖੇਧੀ ਕੀਤੀ।



## ਮਗਨਰੇਗਾ ਸਕੀਮ ਅਧੀਨ ਕਰਵਾਇਆ ਜਾ ਸਕਦੈ ਪਿੰਡਾਂ ਦਾ ਸਰਬਪੱਖੀ ਵਿਕਾਸ : ਏ ਡੀ ਸੀ ਧਾਲੀਵਾਲ



**ਅਮਲੋਹ/ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਅਤੇ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਸੁਚੱਜੀ ਅਗਵਾਈ ਹੇਠ ਬਲਾਕ ਅਮਲੋਹ ਵਿਖੇ ਮਗਨਰੇਗਾ ਸਕੀਮ ਅਧੀਨ ਪਿੰਡਾਂ ਦੇ ਵਿਕਾਸ ਕਾਰਜ ਵੱਡੇ ਪੱਧਰ 'ਤੇ ਕਰਵਾਏ ਜਾ ਰਹੇ ਹਨ।ਮਗਨਰੇਗਾ ਸਕੀਮ ਦਾ ਮੁੱਖ ਮੰਤਵ ਪਿੰਡਾਂ ਦੇ ਗਰੀਬ ਪਰਵਾਰਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਹੈ, ਇਸ ਐਕਟ ਤਹਿਤ ਇੱਕ ਵਿੱਤੀ ਸਾਲ ਦੌਰਾਨ ਕਿਸੇ ਵੀ ਦਿਹਾਤੀ ਪਰਵਾਰ ਦੇ ਬਾਲਗ ਗੈਰ ਹੁਨਰਮੰਦ ਮੈਂਬਰਾਂ ਨੂੰ, ਜੋ ਹੱਥੀਂ ਕਿਰਤ ਕਰਨਾ ਚਾਹੁੰਦੇ ਹੋਣ, 100 ਦਿਨ ਦਾ ਰੋਜ਼ਗਾਰ ਦਿੱਤਾ ਜਾਂਦਾ ਹੈ।ਇਸ ਸਕੀਮ ਅਧੀਨ ਜਿਥੇ ਗਰੀਬ ਲੋਕਾਂ ਦਾ ਆਰਥਿਕ ਪੱਧਰ ਉਚਾ ਚੁੱਕਿਆ ਜਾ ਸਕਦਾ ਹੈ ਉਥੇ ਹੀ ਮਗਨਰੇਗਾ ਸਕੀਮ ਅਧੀਨ ਪਿੰਡਾਂ ਦਾ ਸਰਬਪੱਖੀ ਵਿਕਾਸ ਵੀ ਕਰਵਾਇਆ ਜਾਂਦਾ ਹੈ।ਇਸ ਲਈ ਸਮੂਹ ਗਰਾਮ ਪੰਚਾਇਤਾਂ ਤੇ ਨਵੇਂ ਚੁਣੇ ਸਰਪੰਚ ਆਪਣੇ ਪਿੰਡਾਂ ਦੇ ਵੱਧ ਤੋਂ ਵੱਧ ਵਿਕਾਸ ਕਾਰਜ ਮਗਨਰੇਗਾ ਅਧੀਨ ਕਰਵਾਉਣ ਨੂੰ ਤਰਜੀਹ ਦੇਣ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਬਲਾਕ ਅਮਲੋਹ ਦੀਆਂ ਸਮੂਹ ਗਰਾਮ ਪੰਚਾਇਤਾਂ ਤੇ ਨਵੇਂ ਚੁਣੇ ਸਰਪੰਚਾਂ ਨੂੰ ਵਿਕਾਸ ਕੰਮਾਂ ਸਬੰਧੀ ਟਰੇਨਿੰਗ ਦੇਣ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਜਾਬ ਕਾਰਡ ਮਗਨਰੇਗਾ ਸਕੀਮ ਦਾ ਮੁੱਖ ਦਸਤਾਵੇਜ਼ ਹੈ ਜੋ ਕਿ ਮਗਨਰੇਗਾ ਲਾਭਪਾਤਰੀ ਦੇ ਹੱਕਾਂ ਨੂੰ ਰਿਕਾਰਡ ਕਰਦਾ ਹੈ।ਉਨ੍ਹਾਂ ਦੱਸਿਆ ਕਿ ਮਗਨਰੇਗਾ ਸਕੀਮ ਦੀਆਂ ਹਦਾਇਤਾਂ ਅਨੁਸਾਰ ਮਗਨਰੇਗਾ ਲਾਭਪਾਤਰੀ ਦੀ ਮੰਗ ਅਨੁਸਾਰ 15 ਦਿਨਾਂ ਦੇ ਅੰਦਰ-ਅੰਦਰ ਰੋਜ਼ਗਾਰ ਮੁਹੱਈਆ ਕਰਵਾ ਕੇ ਸਮੇਂ ਸਿਰ ਅਦਾਇਗੀ ਕਰਨੀ ਹੁੰਦੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਗਰਾਮ ਪੰਚਾਇਤਾਂ ਤੇ ਨਵੇਂ ਚੁਣੇ ਸਰਪੰਚਾਂ ਨੂੰ ਮਗਨਰੇਗਾ ਸਕੀਮ ਅਧੀਨ ਪ੍ਰਵਾਨਤ 260 ਕੰਮਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਗਨਰੇਗਾ ਸਕੀਮ ਅਧੀਨ ਵੱਖ-ਵੱਖ ਵਿਭਾਗਾਂ ਵੱਲੋਂ ਕਨਵਰਜੈਂਸ ਰਾਹੀਂ ਕੰਮ ਕਰਵਾਏ ਜਾ ਸਕਦੇ ਹਨ ਜਿਵੇ ਕਿ ਖੇਡ ਮੈਦਾਨਾਂ ਦਾ ਨਿਰਮਾਣ, ਆਂਗਨਵਾੜੀ ਸੈਂਟਰਾਂ ਦੀ ਉਸਾਰੀ, ਨਹਿਰਾਂ/ਡਰੇਨਜ਼ ਦੇ ਕਿਨਾਰਿਆਂ ਦੀ ਸਟਰੈਂਥਿੰਗ ਕਰਨਾ, ਬੂਟੇ ਲਗਾਉਣ ਅਤੇ ਨਰਸਰੀਆਂ ਤਿਆਰ ਕਰਨ ਆਦਿ ਦੇ ਕੰਮ ਕਰਵਾਏ ਜਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਐਨ.ਜੀ.ਓ. ਦੁਆਰਾ ਸੋਲਿਡ ਵੇਸਟ ਮੈਨੇਜਮੈਂਟ ਅਤੇ ਬੂਟੇ ਲਗਾਉਣ ਦੇ ਕੰਮਾਂ ਵਿੱਚ ਵੀ ਸਹਿਯੋਗ ਦਿੱਤਾ ਜਾਂਦਾ ਹੈ। ਧਾਲੀਵਾਲ ਨੇ ਸਮੂਹ ਸਰਪੰਚਾਂ ਨੂੰ ਵਿਕਾਸ ਕਾਰਜਾਂ 'ਤੇ ਲਗਾਏ ਜਾਣ ਵਾਲੇ ਕੰਮਾਂ ਤੇ ਫੰਡਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਚਾਇਤੀ ਫੰਡ, 15ਵੇਂ ਵਿੱਤ ਕਮਿਸ਼ਨ ਫੰਡ, ਐਮ.ਪੀ.ਲੈਂਡ ਫੰਡ ਆਦਿ ਗਰਾਟਾਂ ਵੀ ਮਗਨਰੇਗਾ ਸਕੀਮ ਅਧੀਨ ਕੰਨਵਰਜੈਂਸ ਕਰਕੇ ਵਿਕਾਸ ਕਾਰਜ ਕਾਰਵਾਏ ਜਾ ਸਕਦੇ ਹਨ।ਇਸ ਸਮੇਂ ਮੋਹਿਤ ਕਲਿਆਣ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਮਲੋਹ, ਸਮੂਹ ਪੰਚਾਇਤ ਸਕੱਤਰ ਅਤੇ ਬਲਾਕ ਅਮਲੋਹ ਦੇ ਸਮੂਹ ਮਗਨਰੇਗਾ ਕਰਮਚਾਰੀ ਹਾਰਰ ਸਨ।

## ਹੋਲੀ ਹਾਰਟ ਸਕੂਲ ਅਜੀਤਵਾਲ 'ਚ ਲੇਖ ਮੁਕਾਬਲੇ

**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀਆਂ ਦੇ ਬੌਧਿਕ ਤੇ ਮਾਨਸਿਕ ਵਿਕਾਸ ਲਈ ਸਮੇਂ ਸਮੇਂ ਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਦੌਰਾਨ ਵਿਦਿਆਰਥੀਆਂ ਤੋਂ ਪ੍ਰੀਖਿਆ ਲਈ ਲੇਖ ਲੇਖਣ ਦੀ ਪ੍ਰਤੀ ਯੋਗਤਾ ਦਾ ਆਯੋਜਨ ਕੀਤਾ ਗਿਆ। ਇਹ ਮੁਕਾਬਲੇ ਛੇਵੀਂ ਜਮਾਤ ਤੋਂ ਲੈ ਕੇ ਨੌਵੀਂ ਜਮਾਤ ਤੱਕ ਸੀ। ਵਿਦਿਆਰਥੀਆਂ ਨੂੰ 'ਫਿਟ ਇੰਡੀਆ' ਸਕੂਲ ਵਿਸ਼ਾ ਦਿੱਤਾ ਗਿਆ। ਜਿਸ ਉੱਪਰ ਵਿਦਿਆਰਥੀਆਂ ਨੇ 200 ਤੋਂ 250 ਸ਼ਬਦਾਂ ਵਿੱਚ ਲਿਖਿਆ।ਇਸ ਤਰ੍ਹਾਂ ਦੇ ਮੁਕਾਬਲੇ ਸਕੂਲ ਵਿੱਚ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੇ ਫਾਈਨਲ ਪੇਪਰ ਲਈ ਤਿਆਰ ਕਰਨਾ ਹੁੰਦਾ ਹੈ। ਲਗਾਤਾਰ ਲਿਖਣ ਨਾਲ ਉਹਨਾਂ ਦੀ ਲਿਖਤੀ ਸਪੀਡ ਵਿੱਚ ਵਾਧਾ ਹੁੰਦਾ ਹੈ। ਉਹਨਾਂ ਨੂੰ ਆਪਣੇ ਫਾਈਨਲ ਪੇਪਰਾਂ ਵਿੱਚ ਲਗਾਤਾਰ ਲਿਖਣ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਨੇ ਬੱਚਿਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ।ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਵਿਕਾਸ ਕਰਨਾ ਹੈ। ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।



## ਲੋਕ ਭਲਾਈ ਪਾਰਟੀ ਦੀ 22 ਵਾਲੀ ਉੱਚ ਪੱਧਰੀ ਮੀਟਿੰਗ ਮੁਲਤਵੀ

**ਜਗਰਾਉਂ (ਨਛੱਤਰ ਸੰਧੂ)**- ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਤੇ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਵਰਪਾਲ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ 22 ਫਰਵਰੀ ਨੂੰ ਲੁਧਿਆਣਾ ਵਿਖੇ ਹੋਣ ਵਾਲੀ ਕੇਂਦਰੀ ਵਰਕਿੰਗ ਕਮੇਟੀ ਦੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਮੀਟਿੰਗ ਦੀ ਨਵੀਂ ਤਾਰੀਖ ਦਾ ਐਲਾਨ ਜਲਦ ਹੀ ਕੀਤਾ ਜਾਵੇਗਾ। ਵਰਪਾਲ ਨੇ ਇਹ ਵੀ ਕਿਹਾ ਹੈ ਕਿ ਪਾਰਟੀ ਦੀ ਕੇਂਦਰੀ ਕਮੇਟੀ ਜ਼ਿਲ੍ਹਾ ਪ੍ਰਧਾਨਾਂ, ਅਹੁਦੇਦਾਰਾਂ ਅਤੇ ਪ੍ਰਮੁੱਖ ਆਗੂਆਂ ਨੂੰ ਕੌਮੀ ਪ੍ਰਧਾਨ ਰਾਮੂਵਾਲੀਆ ਵੱਲੋਂ ਹਦਾਇਤ ਹੈ ਕਿ ਸਮੇਂ ਨੇ ਅੰਤ ਸਾਬਤ ਕਰ ਦਿੱਤਾ ਹੈ ਕਿ ਟਰੈਵਲ ਏਜੰਟਾਂ ਨੇ ਪੰਜਾਬ ਦੀ ਜਵਾਨੀ ਵਿਦੇਸ਼ ਜਾਣ ਦੇ ਚਾਹਵਾਨਾਂ ਦੇ ਮਾਪਿਆਂ ਦੀ ਕਈ ਪੁਸ਼ਤਾਂ ਦੀ ਕਠਿਨ ਕਮਾਈ ਇਹਨਾਂ ਏਜੰਟਾਂ ਨੇ ਹਜ਼ਾਰਾਂ ਅਬਦਾਲੀਆਂ ਵਾਂਗ ਨਿਰਦਈ ਬਣ ਕੇ ਲੁੱਟੀ ਹੈ ਅਤੇ ਅੱਗੋਂ ਲੁੱਟ ਜਾਰੀ ਹੈ। ਪਹਿਲੀਆਂ ਵਾਂਗ ਹੀ ਇਹ ਸਰਕਾਰ ਵੀ ਇਹ ਡਾਕੇ ਰੋਕਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਣ ਦਾ ਕਲੰਕ ਮੱਥੇ 'ਤੇ ਲਗਵਾ ਬੈਠੀ ਹੈ। ਰਾਮੂਵਾਲੀਆ ਤੇ ਵਰਪਾਲ ਨੇ ਇਹ ਵੀ ਕਿਹਾ ਹੈ ਕਿ ਸੰਸਾਰ ਭਰ ਵਿੱਚ ਤਾਂ ਹਰ ਪਾਸੇ ਪੰਜਾਬੀਆਂ ਦੀ ਹੁੰਦੀ ਇਸ ਲੁੱਟ ਬਾਰੇ ਹਾਹਾਕਾਰ ਮੱਚੀ ਹੋਈ ਹੈ ਪਰ ਪੰਜਾਬ ਸਰਕਾਰ, ਸਾਰੇ ਐਮ ਪੀ ਤੇ ਐਮ ਐਲ ਏ ਬੇਰਹਿਮ ਤਮਾਸ਼ਬੀਨ ਬਣ ਚੁੱਕੇ ਹਨ।ਘੋਰ ਦੁਖ ਇਹ ਹੈ ਕਿ ਇਕ ਲੱਖ 10 ਹਜ਼ਾਰ ਪੰਚ, ਸਰਪੰਚ, ਧਾਰਮਿਕ ਹਸਤੀਆਂ, ਬੁੱਧੀਜੀਵੀ, ਵਿਦਿਆਰਥੀ ਸੰਗਠਨ, ਕਰਮਚਾਰੀ ਸਭ ਟਰੈਵਲ ਏਜੰਟਾਂ ਦੀ ਲੁੱਟ ਵਿਰੁੱਧ ਇੰਜ ਚੁੱਪ ਹਨ ਜਿਵੇਂ ਉਨ੍ਹਾਂ ਨੂੰ ਮਤ ਬੋਲੋ ਦਾ ਗੈਬੀ ਹੁਕਮ ਆਇਆ ਹੋਵੇ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਜਨਕ ਰਾਜ ਕਲਵਾਣੂ, ਰਮੇਸ਼ ਆਜ਼ਾਦ, ਕੇਵਲ ਸਿੰਘ ਸਹੋਤਾ, ਤਰਲੋਚਨ ਸਿੰਘ ਸਰਪੰਚ ਲਲਤੋਂ, ਬਲਵਿੰਦਰ ਕੌਰ ਚੀਮਾ, ਗੁਰਸੇਵਕ ਸਿੰਘ ਐਮ ਸੀ ਕੋਟਕਪੂਰਾ , ਬਲਜਿੰਦਰ ਸਿੰਘ ਰਾਮੂਵਾਲੀਆ (ਨਿੱਜੀ ਸਕੱਤਰ), ਕੁਲਦੀਪ ਸਿੰਘ ਕਲੇਰ, ਸੰਤੋਖ ਸਿੰਘ ਸੋਢੀ , ਦੀਪਇੰਦਰ ਸਿੰਘ ਆਕਲੀਆ , ਜਸਕੀਰਤ ਸਿੰਘ ਅਗਵਾਨ, ਕਰਨ ਨੰਬਰਦਾਰ, ਇਸ਼ਪਰੀਤ ਸਿੰਘ ਵਿੱਕੀ, ਗੁਰਚਰਨ ਸਿੰਘ ਫੌਜੀ ਠੱਠੀ ਭਾਈ, ਅਜੇਪਾਲ ਬਰਗਾੜੀ, ਚਮਕੌਰ ਸਿੰਘ ਸੇਖੋ ਕਨੇਡਾ ,ਨਵਦੀਪ ਸਿੰਘ ਮੰਡੀ ਕਲਾਂ ਕਨੇਡਾ, ਅੰਮ੍ਰਿਤਪਾਲ ਸਿੰਘ ਗਿੰਨੀ, ਡਾਕਟਰ ਸਘੀਰ ਹੁਸੈਨ, ਨਰਿੰਦਰਪਾਲ ਸਿੰਘ ਵਿਰਕ ,ਜਥੇਦਾਰ ਤਰਸੇਮ ਸਿੰਘ, ਰਮਿੰਦਰ ਸਿੰਘ ਵਾਲੀਆ ਸਾਬਕਾ ਐਸਡੀਓ, ਮਾਸਟਰ ਬਲਦੇਵ ਸਿੰਘ, ਗਿਆਨੀ ਤਰਲੋਚਨ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਗੁਰਮੀਤ ਸਿੰਘ ਜਟਾਣਾ, ਦਲਜੀਤ ਸਿੰਘ ਕਾਲਸਾਂ, ਰਾਜਕੁਮਾਰ ਸਮਾਣਾ, ਸ਼ਰਮਾ ਮੁਦਕੀ ਅਤੇ ਹੋਰ ਸ਼ਾਮਲ ਸਨ।

## ਸ਼ਹਿਰ ਦੇ ਵਾਰਡਾਂ ਨੂੰ ਸੁੰਦਰ ਬਣਾਉਣ ਲਈ ਕਸਰ ਨਹੀਂ ਛੱਡੀ ਜਾਵੇਗੀ : ਡਾ. ਅਮਨਦੀਪ ਕੌਰ ਅਰੋੜਾ

**ਮੋਗਾ, (ਇਕਬਾਲ ਸਿੰਘ ਖਹਿਰਾ)** ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਵਾਰਡ ਨੰਬਰ-36 ਤੇ 38 ਵਿਚ 63 ਲੱਖ 76 ਹਜ਼ਾਰ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਮਨੀ ਸ਼ਰਮਾ, ਦਵਿੰਦਰ ਤਿਵਾੜੀ, ਸੋਨੂੰ, ਅਵਤਾਰ ਬੱਬੂ, ਮਾਸਟਰ ਗੁਰਮੀਤ, ਰਾਜੂ, ਕੇਵਲ, ਪੰਮਾ, ਟੀਟੂ, ਪਿਆਰਾ ਸਿੰਘ ਬੱਧਨੀ, ਰੋਸ਼ਨ ਲਾਲ ਚਾਵਲਾ ਆਦਿ ਵਾਰਡ ਵਾਸੀ ਮੌਜੂਦ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੋਗਾ ਸ਼ਹਿਰ ਵਿਚ ਵਿਕਾਸ ਕਾਰਜ ਜ਼ਮੀਨੀ ਪੱਧਰ 'ਤੇ ਸ਼ੁਰੂ ਹੋ ਗਏ ਹਨ।ਉਨ੍ਹਾਂ ਕਿਹਾ ਕਿ ਪਿਛਲੇ ਚਾਰ ਦਿਨਾਂ ਵਿੱਚ ਸ਼ਹਿਰ ਦੇ 4 ਵਾਰਡਾਂ ਵਿੱਚ 199.69 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਦੇ ਨਾਲ ਰੱਖੇ ਗਏ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਵਿਕਾਸ ਕਾਰਜ ਕਰਾਏ ਜਾ ਰਹੇ ਹਨ, ਸ਼ਹਿਰ ਦੇ ਕਿਸੇ ਵੀ ਹਿੱਸੇ ਨੂੰ ਵਿਕਾਸ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਜਿਨ੍ਹਾਂ ਵਾਰਡਾਂ ਵਿਚ ਵਿਕਾਸ ਕੰਮ ਹੋਣੇ ਬਾਕੀ ਹੈ। ਉਨ੍ਹਾਂ ਵਾਰਡਾਂ ਵਿਚ ਵੀ ਜਲਦ ਹੀ ਵਿਕਾਸ ਕੰਮ ਸ਼ੁਰੂ ਕਰਾਏ ਜਾਣਗੇ।ਇਸ ਮੌਕੇ ਮੇਅਰ ਬਲਜੀਤ ਸਿੰਘ ਚਾਨੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਯਤਨਾਂ ਸਦਕਾ ਉਨ੍ਹਾਂ ਦੇ ਕਾਰਜਕਾਲ ਵਿੱਚ ਸ਼ਹਿਰ ਦੇ ਉਨ੍ਹਾਂ ਹਿੱਸਿਆਂ ਵਿੱਚ ਵੀ ਵਿਕਾਸ ਦੇ ਕੰਮ ਹੋਏ ਹਨ, ਜਿਨ੍ਹਾਂ ਹਿੱਸਿਆਂ ਵਿੱਚ ਕਦੇ ਵਿਕਾਸ ਕੰਮ ਨਹੀਂ ਹੋਏ ਹਨ, ਉਹ ਬਿਨਾਂ ਕਿਸੇ ਭੇਦਭਾਵ ਦੇ ਸ਼ਹਿਰ ਵਿੱਚ ਸਾਰੇ ਹਿੱਸਿਆਂ ਵਿੱਚ ਵਿਕਾਸ ਕੰਮ ਕਰਾ ਰਹੇ ਹਨ ਅਤੇ ਇਸ ਵਿੱਚ ਵਿਧਾਇਕ ਪੂਰਾ ਸਹਿਯੋਗ ਮਿਲ ਰਿਹਾ ਹੈ।



## ਸਰਕਾਰੀ ਸਕੂਲ ਮੂਸਾ 'ਚ ਕਰਵਾਈ ਵਿਸ਼ੇਸ਼ ਭਾਸ਼ਣ ਤੇ ਕਾਵਿ ਸਿਰਜਣ ਕਾਰਜਸ਼ਾਲਾ

**ਮਾਨਸਾ (ਆਤਮਾ ਸਿੰਘ ਪਮਾਰ)** ਸਰਕਾਰੀ ਸੈਕੰਡਰੀ ਸਕੂਲ ਮੂਸਾ ਵਿਖੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਵੱਲੋਂ ਮਾਂ ਬੋਲੀ ਨੂੰ ਸਮਰਪਤ ਇੰਚਾਰਜ ਪ੍ਰਿੰਸੀਪਲ ਬਿੰਦੂ ਸਿੰਗਲਾ ਦੀ ਪ੍ਰਧਾਨਗੀ ਹੇਠ ਮਾਂ ਬੋਲੀ ਦੇ ਮਹੱਤਵ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਅਤੇ ਕਾਵਿ ਸਿਰਜਣ ਕਾਰਜਸ਼ਾਲਾ ਦਾ ਅਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਵਿਭਾਗ ਦੇ ਖੋਜ ਅਫ਼ਸਰ ਤੇ ਕਵੀ ਗੁਰਪ੍ਰੀਤ ਨੇ ਬੋਲਦਿਆਂ ਕਿਹਾ ਕਿ ਮਾਂ ਬੋਲੀ ਸਿਰਫ ਬੋਲਚਾਲ ਦਾ ਸਾਧਨ ਹੀ ਨਹੀਂ ਹੁੰਦੀ, ਮਨੁੱਖ ਦੀ ਅਸਲ ਪਛਾਣ ਵੀ ਹੁੰਦੀ ਹੈ ਅਤੇ ਉਸਦੇ ਜਿਉਂਦੇ ਹੋਣ ਦੀ ਗਵਾਹੀ ਵੀ ਬਣਦੀ ਹੈ।ਉਨ੍ਹਾਂ ਗੋਰਕੀ ਦੇ ਹਵਾਲੇ ਨਾਲ਼ ਗੱਲ ਕਰਦਿਆਂ ਅੱਗੇ ਕਿਹਾ ਕਿ ਜਿਹੜੀਆਂ ਕੌਮਾਂ ਆਪਣੀ ਮਾਂ-ਬੋਲੀ ਤੋਂ ਬੇਮੁੱਖ ਹੋ ਜਾਂਦੀਆਂ ਹਨ, ਉਨ੍ਹਾਂ ਦਾ ਪਤਨ ਵੀ ਜਲਦੀ ਹੋ ਜਾਂਦਾ ਹੈ। ਇਸ ਮੌਕੇ ਕਾਵਿ ਸਿਰਜਣ ਦੇ ਕੁੱਝ ਨੁਕਤੇ ਸਾਂਝੇ ਕਰਦਿਆਂ ਕਵੀ ਗੁਰਪ੍ਰੀਤ ਨੇ ਕਿਹਾ ਕਿ ਸਾਡੇ ਅਨੁਭਵ, ਅਹਿਸਾਸ ਤੇ ਵੇਖਣ ਦਾ ਤਰੀਕਾ ਹੀ ਕਾਵਿ ਸਿਰਜਣ ਦੀ ਉਮੰਗ ਨੂੰ ਜਗਾਉਂਦਾ ਹੈ।ਕਵਿਤਾ ਪੜ੍ਹਨਾ ਲਿਖਣਾ ਬੰਦੇ ਨੂੰ ਬਾਹਰ ਦੀ ਬਜਾਏ ਆਪਣੇ ਅੰਦਰ ਵੱਲ ਮੋੜਦਾ ਹੈ।ਆਪਣੇ ਆਪ ਨੂੰ ਸਮਝਣਾ ਹੀ ਦਰਅਸਲ ਦੁਨੀਆ ਨੂੰ ਸਮਝਣਾ ਹੁੰਦਾ ਹੈ। ਇਸ ਕਾਰਜਸ਼ਾਲਾ ਵਿੱਚ ਵੀਹ ਦੇ ਕਰੀਬ ਵਿਦਿਆਰਥੀਆਂ ਨੇ ਕਵਿਤਾਵਾਂ ਲਿਖੀਆਂ। ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਦੀ ਮੌਕੇ 'ਤੇ ਲਿਖੀ ਕਵਿਤਾ ਸਭ ਨੂੰ ਬਹੁਤ ਪਸੰਦ ਆਈ। ਨੌਵੀਂ ਜਮਾਤ ਦੇ ਵਿਦਿਆਰਥੀ ਜਗਦੀਪ ਸਿੰਘ ਨੇ 'ਮਾਂ' ਕਵਿਤਾ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ। ਇਸ ਮੌਕੇ ਅਧਿਆਪਕ ਲਖਵੀਰ ਸਿੰਘ, ਸੁਖਵਿੰਦਰ ਕੌਰ, ਲਖਵਿੰਦਰ ਕੌਰ, ਹਰਪ੍ਰੀਤ ਸਿੰਘ ਅਤੇ ਲਾਇਬ੍ਰੇਰੀਅਨ ਬਲਵਿੰਦਰ ਸਿੰਘ ਵੀ ਮੌਜੂਦ ਸਨ।ਪ੍ਰਿੰਸੀਪਲ ਬਿੰਦੂ ਸਿੰਗਲਾ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਮਾਨਸਾ ਵੱਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਹਿੱਤ ਵਡਮੁੱਲੇ ਕਾਰਜ ਕੀਤੇ ਜਾ ਰਹੇ ਹਨ।



## ਬੱਚਿਆਂ ਦੇ ਜਾਅਲੀ ਦਾਖਲੇ ਦੇ ਮਾਮਲੇ ਸੰਬੰਧੀ ਡੀ ਟੀ ਐੱਫ ਦਾ ਵਫ਼ਦ ਅਮਨ ਅਰੋੜਾ ਨੂੰ ਮਿਲਿਆ



**ਲੌਂਗੋਵਾਲ ( ਪ੍ਰਦੀਪ ਸਿੰਘ ਸੱਪਲ)** - ਬਲਾਕ ਸੰਗਰੂਰ -1 ਦੇ ਸੋਹੀਆਂ ਕਲਾਂ ਦੇ ਪ੍ਰਾਇਮਰੀ ਸਕੂਲ ਵਿੱਚ ਬਲਾਕ ਦੇ ਬੀ.ਪੀ.ਈ.ਓ. ਦੁਆਰਾ ਆਪਣੇ ਅਹੁਦੇ ਦਾ ਦੁਰਉਪਯੋਗ ਕਰਕੇ ਸਕੂਲ ਦੀ ਇੰਚਾਰਜ ਅਧਿਆਪਕਾ ਤੋਂ ਸਕੂਲ ਦਾ ਪਾਸਵਰਡ ਲੈਣ ਅਤੇ ਉਸ ਦਾ ਗਲਤ ਇਸਤੇਮਾਲ ਕਰਕੇ 33 ਬੱਚਿਆਂ ਦਾ ਜਾਅਲੀ ਦਾਖਲਾ ਕਰਕੇ ਹੈੱਡ ਟੀਚਰ ਦੀ ਪੋਸਟ ਕ੍ਰੀਏਟ ਕਰਨ ਦੀ ਸ਼ਿਕਾਇਤ ਦੇ ਮਾਮਲੇ ਵਿੱਚ ਅੱਜ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਦਾ ਵਫ਼ਦ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮਿਲਿਆ। ਵਫ਼ਦ ਨੇ ਇਸ ਮਾਮਲੇ ਦੀ ਲਿਖਤੀ ਸ਼ਿਕਾਇਤ ਉਹਨਾਂ ਨੂੰ ਦਿੰਦੇ ਹੋਏ ਮੰਗ ਕੀਤੀ ਕਿ ਅਧਿਕਾਰੀ ਦੀ ਤੁਰੰਤ ਉਸ ਦੇ ਮੌਜੂਦਾ ਸਟੇਸ਼ਨ ਤੋਂ ਬਦਲੀ ਕੀਤੀ ਜਾਵੇ ਕਿਉਂਕਿ ਉਹ ਸ਼ਿਕਾਇਤ ਕਰਨ ਦੇ ਦਿਨ ਤੋਂ ਹੀ ਸਕੂਲ ਦੀ ਇੰਚਾਰਜ ਅਧਿਆਪਕਾ ਨੂੰ ਸ਼ਿਕਾਇਤ ਵਾਪਸ ਲੈਣ ਲਈ ਉਸ 'ਤੇ ਦਬਾਅ ਬਣਾ ਰਿਹਾ ਹੈ ਅਤੇ ਆਪਣੇ ਅਹੁਦੇ ਦਾ ਦੁਰਉਪਯੋਗ ਕਰਕੇ ਉਹ ਇਸ ਮਾਮਲੇ ਦੀ ਜਾਂਚ ਨੂੰ ਹੋਰ ਤਰੀਕਿਆਂ ਨਾਲ ਪ੍ਰਭਾਵਿਤ ਕਰਨ ਦਾ ਯਤਨ ਕਰ ਸਕਦਾ ਹੈ। ਇਸ ਤੋਂ ਇਲਾਵਾ ਇਹ ਵੀ ਮੰਗ ਕੀਤੀ ਗਈ ਕਿ ਡੀ.ਈ.ਓ.(ਐ.ਸਿੱ.) ਦੇ ਦਫ਼ਤਰ ਵੱਲੋਂ ਦੋਸ਼ੀ ਅਧਿਕਾਰੀ ਦਾ ਪੱਖ ਪੂਰਿਆ ਜਾ ਰਿਹਾ ਹੈ ਅਤੇ ਉਸ ਦਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਕਾਰਨ ਸਕੂਲ ਇੰਚਾਰਜ ਦੁਆਰਾ ਸ਼ਿਕਾਇਤ ਕਰਨ ਦੇ ਇੱਕ ਮਹੀਨੇ ਤੋਂ ਵੱਧ ਦੇ ਸਮੇਂ ਦੌਰਾਨ ਉਕਤ ਅਧਿਕਾਰੀ ਵਿਰੁੱਧ ਦੋਸ਼ ਵੀ ਤੈਅ ਨਹੀਂ ਕੀਤੇ ਗਏ । ਇਸ ਲਈ ਇਹ ਜਾਂਚ ਕਰਵਾਉਣ ਦੀ ਜ਼ਿੰਮੇਵਾਰੀ ਡੀ.ਈ.ਓ.(ਸੈ.ਸਿੱ.) ਸੰਗਰੂਰ ਨੂੰ ਦਿੱਤੀ ਜਾਵੇ। ਇਹ ਵੀ ਮੰਗ ਕੀਤੀ ਗਈ ਕਿ ਸ਼ਿਕਾਇਤ ਕਰਤਾ ਜਥੇਬੰਦੀ ਨੂੰ ਜਾਂਚ ਵਿੱਚ ਸ਼ਾਮਲ ਕਰਦੇ ਹੋਏ ਇਸ ਅਧਿਕਾਰੀ ਵਿਰੁੱਧ ਦੋਸ਼ ਤੈਅ ਕਰਕੇ ਦੋਸ਼ ਸੂਚੀ ਜਾਰੀ ਕੀਤੀ ਜਾਵੇ ਅਤੇ ਘੱਟੋ-ਘੱਟ ਦੋ ਪੀ.ਈ.ਐਸ. ਕਾਡਰ ਦੇ ਅਧਿਕਾਰੀਆਂ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਇਸ ਮਾਮਲੇ ਵਿੱਚ ਇਨਸਾਫ ਦਿੱਤਾ ਜਾਵੇ। ਮੰਤਰੀ ਵੱਲੋਂ ਜਥੇਬੰਦੀ ਦੀਆਂ ਮੰਗਾਂ ਉੱਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ। ਵਫ਼ਦ ਵਿੱਚ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਪ੍ਰੈਸ ਸਕੱਤਰ ਜਸਬੀਰ ਨਮੋਲ ਅਤੇ ਬਲਾਕਾਂ ਦੇ ਆਗੂ ਰਵਿੰਦਰ ਸੁਨਾਮ, ਸੁਖਜਿੰਦਰ ਖੋਖਰ, ਜਗਤਾਰ ਲੌਂਗੋਵਾਲ, ਪਵਿੱਤਰ ਸਿੰਘ, ਅਨਿਲ ਕੁਮਾਰ, ਪਦਮ ਕੁਮਾਰ, ਰਿਟਾਇਰਡ ਪ੍ਰਿੰਸੀਪਲ ਅਨਿਲ ਕੁਮਾਰ ਸ਼ਾਮਲ ਸਨ।

## ਨਵੇਂ ਵਰਕਰ ਪਾਰਟੀ ਨੂੰ ਹੋਰ ਮਜ਼ਬੂਤ ਕਰਨ 'ਚ ਯੋਗਦਾਨ ਪਾਉਣਗੇ : ਅਮਰਜੀਤ, ਜਗਮੋਹਨ , ਵਿੱਕੀ



**ਬਾਘਾ ਪੁਰਾਣਾ, (ਮਨੀ ਸਿੰਗਲਾ)**- ਸ਼੍ਰੋਮਣੀ ਅਕਾਲੀ ਦਲ ਦੇ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਸਰਪੰਚ ਜਗਮੋਹਨ ਸਿੰਘ ਜੈ ਸਿੰਘ ਵਾਲਾ ਅਤੇ ਯੂਥ ਅਕਾਲੀ ਆਗੂ ਵਿੱਕੀ ਫੂਲੇਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਉੱਤੇ ਸੰਤੁਸ਼ਟੀ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਲੋਕ ਵੱਡੀ ਗਿਣਤੀ ਵਿਚ ਅਕਾਲੀ ਦਲ ਵੱਲ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਅੱਗੇ ਰਹੀ ਹੈ ਅਤੇ ਭਵਿੱਖ ਵਿਚ ਵੀ ਲੋਕਾਂ ਦੀ ਭਲਾਈ ਲਈ ਕੰਮ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਹੋਏ ਹਾਲੀਆ ਇਤਿਹਾਸਕ ਫੈਸਲੇ ਨੇ ਸਿਆਸੀ ਪੱਧਰ 'ਤੇ ਨਵੀਂ ਦਿਸ਼ਾ ਦਿੱਤੀ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਲੋਕ ਵੀ ਇਕੋ ਜਿਹੇ ਜ਼ਮੀਨੀ ਪੱਧਰ 'ਤੇ ਫੈਸਲੇ ਲੈਣ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਹੀ ਇਕੱਲੀ ਪਾਰਟੀ ਹੈ, ਜਿਸ ਨੇ ਹਰ ਸਮੇਂ ਕਿਸਾਨਾਂ, ਕਾਰੋਬਾਰੀਆਂ, ਮੁਲਾਜ਼ਮਾਂ ਅਤੇ ਗਰੀਬ ਵਰਗ ਦੇ ਹੱਕ ਵਿਚ ਸਵਰ ਉਠਾਈ ਹੈ। ਉਨ੍ਹਾਂ ਨੇ ਆਉਣ ਵਾਲੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਨ ਦੇਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਮੇਸ਼ਾ ਆਪਣਾ ਇਤਿਹਾਸਕ ਫੈਸਲਾ ਸਮੇਂ ਦੀ ਲੋੜ ਮੁਤਾਬਿਕ ਲਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਚ ਸ਼ਾਮਲ ਹੋ ਰਹੇ ਨਵੇਂ ਵਰਕਰ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਿਚ ਯੋਗਦਾਨ ਪਾਉਣਗੇ ਅਤੇ ਪੰਜਾਬ ਵਿਚ ਵਧੀਆ ਪੱਧਰ ਦੀ ਰਾਜਨੀਤੀ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਨੇ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਉਹ ਘਰ-ਘਰ ਜਾ ਕੇ ਪਾਰਟੀ ਦੀ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਪਹੁੰਚਾਉਣ। ਉਨ੍ਹਾਂ ਦੱਸਿਆ ਕਿ ਪਿੰਡ ਪੱਧਰ 'ਤੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਦੁਬਾਰਾ ਮਜ਼ਬੂਤ ਦੇਖਣਾ ਚਾਹੁੰਦੇ ਹਨ, ਜਿਸ ਕਰ ਕੇ ਮੈਂਬਰਸ਼ਿਪ ਮੁਹਿੰਮ ਨੂੰ ਵਧੀਆ ਰਿਸਪਾਂਸ ਮਿਲ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਹੋਰ ਵੀ ਵਿਅਕਤੀ ਇਸ ਮੁਹਿੰਮ ਦਾ ਹਿੱਸਾ ਬਣ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ।



## ਵਿਦਿਆਰਥੀਆਂ ਤੋਂ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ

**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਬੌਧਿਕ ਅਤੇ ਮਾਨਸਿਕ ਵਿਕਾਸ ਲਈ ਸਮੇਂ ਸਮੇਂ 'ਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਸ ਦੌਰਾਨ ਸਕੂਲ ਵਿੱਚ ਵਿਦਿਆਰਥੀਆਂ ਤੋਂ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਹਨਾਂ ਗਤੀਵਿਧੀਆਂ 'ਚ ਜਿਵੇਂ ਛੋਟੇ ਬੱਚਿਆਂ ਦੇ ਰਾਹੀਂ ਵੇਸਟ ਮਟੀਰੀਅਲ ਦੇ ਦੁਆਰਾ ਬੱਚਿਆਂ ਤੋਂ ਟੈਡੀ ਬੀਅਰ ਅਤੇ ਫੋਟੋ ਫਰੇਮ ਬਣਾਏ ਗਏ। ਇਸ ਤੋਂ ਇਲਾਵਾ ਬੱਚਿਆਂ ਤੋਂ ਪੱਤਿਆਂ ਦੇ ਰਾਹੀਂ ਅਲੱਗ ਅਲੱਗ ਸੀਟਾਂ 'ਤੇ ਰੰਗ ਕਰਵਾਏ ਗਏ। ਇਸ ਮੌਕੇ ਅਧਿਆਪਕਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਅਜਿਹੇ ਮੁਕਾਬਲੇ ਕਰਵਾਉਣ ਨਾਲ ਉਨ੍ਹਾਂ 'ਚ ਹੋਰ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਨਾਲ ਵਿਦਿਆਰਥੀਆਂ ਦੀ ਯਾਦ ਸ਼ਕਤੀ ਵੀ ਵਧਦੀ ਹੈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਵਿਕਾਸ ਕਰਨਾ ਹੈ। ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਭਾਸ਼ਣ



**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵੱਲੋਂ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਭਗਤ ਰਵਿਦਾਸ ਜੀ ਦੀ ਬਾਣੀ ਦੀਆਂ ਵੱਖ—ਵੱਖ ਪੜ੍ਹਤਾਂ ਵਿਸ਼ੇ ਉਤੇ ਵਿਸ਼ੇਸ਼ ਭਾਸ਼ਣ ਕਰਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਨੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਧਾਰਮਿਕ ਏਕਤਾ ਅਤੇ ਭਾਈਚਾਰੇ ਦੇ ਸੁਨੇਹੇ ਨੂੰ ਅੱਜ ਦੇ ਸਮਾਜ ਵਿੱਚ ਜ਼ਰੂਰੀ ਦੱਸਿਆ। ਪ੍ਰੋਗਰਾਮ ਦਾ ਆਗਾਜ਼ ਡਾ. ਹਰਦੇਵ ਸਿੰਘ, ਮੁਖੀ, ਧਰਮ ਅਧਿਐਨ ਵਿਭਾਗ ਵਲੋਂ ਸਵਾਗਤੀ ਸ਼ਬਦਾਂ ਨਾਲ ਕੀਤਾ ਗਿਆ।ਉਨ੍ਹਾਂ ਨੇ ਮਹਿਮਾਨਾਂ ਦੇ ਸਵਾਗਤ ਦੇ ਨਾਲ ਵਿਸ਼ੇ ਦੀ ਮਹੱਤਤਾ ਨੂੰ ਵੀ ਸਾਂਝਾ ਕੀਤਾ। ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਡਾ ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਭਗਤ ਰਵਿਦਾਸ ਜੀ ਦੀ ਬਾਣੀ ਦੀਆਂ ਵੱਖ—ਵੱਖ ਪੜ੍ਹਤਾਂ ਉਤੇ ਚਰਚਾ ਕਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਨੂੰ ਵਧਾਈ ਦਿੱਤੀ। ਵਿਦਵਾਨ ਵਕਤਾ ਡਾ. ਸਿਕੰਦਰ ਸਿੰਘ, ਡੀਨ ਤੇ ਮੁਖੀ, ਪੰਜਾਬੀ ਵਿਭਾਗ ਨੇ ਭਗਤ ਰਵਿਦਾਸ ਜੀ ਦੀ ਬਾਣੀ ਦੀਆਂ ਸਾਹਿਤਿਕ, ਮਾਨਵਵਾਦੀ, ਸਮਾਜਵਾਦੀ ਤੇ ਦਲਿਤਵਾਦੀ ਵੱਖ-ਵੱਖ ਪੜ੍ਹਤਾਂ ਸਬੰਧੀ ਵਿਸਤਾਰ ਸਹਿਤ ਚਰਚਾ ਕੀਤੀ।ਬਾਣੀ ਦੇ ਬਹੁਮੁਖੀ ਅਰਥਾਂ ਨੂੰ ਸਮਝਾਉਂਦੇ ਹੋਏ ਦੱਸਿਆ ਕਿ ਇਹ ਬਾਣੀ ਮਨੁਖਤਾ ਅਤੇ ਸਮਾਜ ਸੁਧਾਰ ਲਈ ਮਦਦਗਾਰ ਹੈ। ਸਮਾਗਮ ਦੀ ਸਮਾਪਤੀ ਡਾ ਜਸਪਾਲ ਕੌਰ ਕਾਂਗ ਦੇ ਧੰਨਵਾਦੀ ਮਤੇ ਨਾਲ ਹੋਈ।ਉਨ੍ਹਾਂ ਨੇ ਵਾਈਸ ਚਾਂਸਲਰ, ਡੀਨ ਅਕਾਦਮਕ ਮਾਮਲੇ, ਵਿਦਵਾਨ ਵਕਤਾ ਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

## ਐਸ.ਡੀ.ਐਮ. ਦੀ ਪ੍ਰਧਾਨਗੀ 'ਚ ਹੋਈ ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ

**ਸੰਗਰੂਰ, (ਪ੍ਰਵੀਨ ਸਿੰਘ)** ਜ਼ਿਲ੍ਹਾ ਸੈਨਿਕ ਬੋਰਡ, ਸੰਗਰੂਰ ਦੀ ਤਿਮਾਹੀ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਸੈਨਿਕ ਬੋਰਡ ਦੇ ਮੈਂਬਰਜ਼ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਵੱਲੋਂ ਸ਼ਿਰਕਤ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਸੈਨਿਕ ਬੋਰਡ ਦੇ ਪ੍ਰਧਾਨ-ਕਮ-ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਦੇ ਪ੍ਰਤੀਨਿਧ ਦੇ ਤੌਰ 'ਤੇ ਉਪ ਮੰਡਲ ਮੈਜਿਸਟ੍ਰੇਟ ਵਿਕਾਸ ਹੀਰਾ ਵੱਲੋਂ ਕੀਤੀ ਗਈ। ਮੀਟਿੰਗ ਦੌਰਾਨ ਐਸ.ਡੀ.ਐਮ. ਵਿਕਾਸ ਹੀਰਾ ਨੇ ਜ਼ਿਲ੍ਹੇ ਦੇ ਸ਼ਹੀਦ ਸੈਨਿਕਾਂ ਦੇ ਪਰਵਾਰਾਂ, ਸਾਬਕਾ ਸੈਨਿਕਾਂ, ਵਿਧਵਾਵਾਂ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਸੁਣਨ ਉਪਰੰਤ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ। ਮੀਟਿੰਗ ਦੌਰਾਨ ਝੰਡਾ ਦਿਵਸ ਫੰਡ ਦੀ ਇੱਕਤਰਤਾ, ਸ਼ਿਕਾਇਤਾਂ ਨਿਵਾਰਨ, ਬੈਂਕਾਂ ਵੱਲੋਂ ਜੀਵਤ ਸਰਟੀਫਿਕੇਟ ਅਪਡੇਟ ਅਤੇ ਪੈਨਸ਼ਨ ਦੀ ਰਾਸ਼ੀ ਦੀ ਰਿਕਵਰੀ ਸਬੰਧੀ, ਸਰਕਾਰੀ ਅਦਾਰਿਆਂ ਦਾ ਨਾਮ ਬਦਲਣ ਸੰਬੰਧੀ ਆਦਿ ਮੁੱਦਿਆਂ 'ਤੇ ਵਿਸਥਾਰ ਸਹਿਤ ਵਿਚਾਰ-ਚਰਚਾ ਕੀਤੀ ਗਈ।ਮੀਟਿੰਗ ਦੌਰਾਨ 9 ਲਾਭਪਾਤਰੀਆਂ ਨੂੰ ਐਸ.ਡੀ.ਐਮ. ਵਿਕਾਸ ਹੀਰਾ ਦੀ ਅਗਵਾਈ ਵਿੱਚ ਕੁੱਲ 9,30,000 ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੀ ਤਕਸੀਮ ਕੀਤੇ।ਇਸ ਤੋਂ ਪਹਿਲਾਂ ਮੀਟਿੰਗ ਦੀ ਸ਼ੁਰੂਆਤ ਕਮਾਂਡਰ ਦਿਲਪ੍ਰੀਤ ਸਿੰਘ ਕੰਗ (ਰਿਟਾ.) ਸਕੱਤਰ ਜ਼ਿਲ੍ਹਾ ਸੈਨਿਕ ਬੋਰਡ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ, ਸੰਗਰੂਰ ਵੱਲੋਂ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਕੀਤੀ ਗਈ।ਇਸ ਉਪਰੰਤ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਸੰਗਰੂਰ ਦੀ ਕਾਰਗੁਜ਼ਾਰੀ ਰਿਪੋਰਟ ਵੀ ਪੇਸ਼ ਕੀਤੀ ਗਈ।

## ਮੁਲਾਜਮ ਤੇ ਪੈਨਸ਼ਨਰ ਸਾਂਝਾ ਫਰੰਟ ਨੇ ਭਰਾਜ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਮੰਗ ਪੱਤਰ ਭੇਜਿਆ। ਵਫ਼ਦ ਦੀ ਅਗਵਾਈ ਜ਼ਿਲ੍ਹਾ ਕਨਵੀਨਰ ਜਗਦੀਸ਼ ਸ਼ਰਮਾ, ਅਭਿਨਾਸ਼ ਸ਼ਰਮਾ, ਰਾਜ ਕੁਮਾਰ ਅਰੋੜਾ, ਮੇਲਾ ਸਿੰਘ ਪੁੰਨਾਂਵਾਲ, ਹਰਜੀਤ ਵਾਲੀਆ, ਚਮਕੌਰ ਮਹਿਲਾਂ, ਮਾਲਵਿੰਦਰ ਸਿੰਘ ਨੇ ਕੀਤੀ। ਆਗੂਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ ਦੌਰਾਨ ਪੰਜਾਬ ਦੇ 3 ਲੱਖ ਮੁਲਾਜ਼ਮਾਂ ਤੇ 3 ਲੱਖ ਪੈਨਸ਼ਨਰਾਂ ਦੀ ਅਹਿਮ ਮੰਗ ਤਨਖਾਹ, ਪੈਨਸ਼ਨ ਰਵੀਜਨ ਦੇ ਬਕਾਏ ਦੇਣ ਦਾ ਨਿਪਟਾਰਾ ਕਰਨ ਨੂੰ ਇਤਿਹਾਸਕ ਫੈਸਲਾ ਦੱਸਦੇ ਹੋਏ ਪ੍ਰਚਾਰਿਆ ਜਾਣਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਸੰਤੁਸ਼ਟੀ ਨਹੀਂ ਕਰਾਉਂਦਾ, ਕਿਉਂਕਿ ਪੰਜਾਬ ਸਰਕਾਰ ਨੇ ਇਹ ਸਾਰੇ ਬਕਾਏ ਸਾਲ 2028 ਤੱਕ ਅਦਾ ਕਰਨ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਵੱਖ-ਵੱਖ ਉਮਰਾਂ ਦੇ ਚਾਰ ਗਰੁੱਪਾਂ ਵਿੱਚ ਵੰਡ ਕੇ ਆਪਸੀ ਟਕਰਾਅ ਪੈਦਾ ਕਰਨ ਦਾ ਕੋਝਾ ਯਤਨ ਕੀਤਾ ਗਿਆ ਹੈ।ਆਗੂਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਤਨਖਾਹ ਕਮਿਸ਼ਨ ਤੇ ਲੀਵ ਇਨਕੈਸ਼ਮੈਂਟ ਦੇ ਸਾਰੇ ਬਕਾਏ ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕਰਕੇ ਤੇ ਰਹਿੰਦੀਆਂ ਤਰੁਟੀਆਂ ਦੂਰ ਕਰਕੇ ਯਕਮੁਸ਼ਤ ਦੇਣੇ ਯਕੀਨੀ ਬਣਾਏ ਜਾਣ।ਇਸ ਤੋਂ ਇਲਾਵਾ ਕੇਂਦਰੀ ਪੈਟਰਨ ਅਨੁਸਾਰ ਡੀ ਏ ਦੀਆਂ ਬਕਾਇਆ ਪਈਆਂ 11 ਫ਼ੀਸਦੀ ਤਿੰਨ ਕਿਸ਼ਤਾਂ ਅਤੇ ਡੀ ਏ ਦੀਆਂ ਸਾਰੀਆਂ ਕਿਸ਼ਤਾਂ ਦੇ ਪਿਛਲੇ ਬਕਾਏ ਤੁਰੰਤ ਦਿੱਤੇ ਜਾਣ ਅਤੇ ਕੇਂਦਰ ਸਰਕਾਰ ਦੀ ਤਰਾਂ ਸੱਤਵੇਂ ਪੇ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ ਚੋਣ ਵਾਅਦੇ ਅਨੁਸਾਰ ਜਨਵਰੀ 2004 ਤੋਂ ਬਾਅਦ ਭਰਤੀ ਸਮੂਹ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਹਰ ਤਰ੍ਹਾਂ ਦੇ ਕੱਚੇ, ਠੇਕਾ ਤੇ ਆਊਟ ਸੋਰਸ ਅਤੇ ਸਮੂਹ ਸਕੀਮ ਵਰਕਰਾਂ ਨੂੰ ਰੈਗੂਲਰ ਕੀਤਾ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਪੰਜਾਬ ਵਿੱਚ ਤੁਰੰਤ ਮਰਜ਼ ਕੀਤਾ ਜਾਵੇ, ਮਾਨਯੋਗ ਉੱਚ ਅਦਾਲਤਾਂ ਦੇ ਫੈਸਲਿਆਂ ਮੁਤਾਬਕ 15 ਜਨਵਰੀ 2015 ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ ਤੇ 17 ਜੁਲਾਈ 2020 ਦੇ ਪੱਤਰ ਅਨੁਸਾਰ ਭਰਤੀ ਸਮੂਹ ਮੁਲਾਜ਼ਮਾਂ ਤੇ ਪੰਜਾਬ ਦੇ ਤਨਖਾਹ ਸ਼ਕੇਲ ਲਾਗੂ ਕੀਤੇ ਜਾਣ ਤੇ ਮਾਨਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਸਾਰੇ ਫੈਸਲੇ ਤੁਰੰਤ ਜਨਰਲਾਈਜ਼ ਕੀਤੇ ਜਾਣ।



20 Feb Page-5.qxd 2/19/2025 10:41 PM Page 1

20 Feb Page-7.qxd 2/19/2025 10:40 PM Page 1



# ਪੁਲਸ ਵੱਲੋਂ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ



**ਬੱਧਨੀ ਕਲਾਂ (ਲਵਲੀ ਮਾਛੀਕੇ)**- ਬੱਧਨੀ ਕਲਾਂ ਪੁਲਸ ਨੇ ਪਿੰਡ ਦੌਧਰ ਵਿਖੇ ਹੋਏ ਅੰਨ੍ਹੇ ਕਤਲ ਦੀ ਗੁੱਥੀ ਸੁਲਝਾ ਲਈ ਹੈ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।10 ਫਰਵਰੀ ਨੂੰ ਬਲਦੇਵ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਮੱਲਾ ਰੋਡ, ਡੱਲਾ (ਜਗਰਾਉਂ) ਨੇ ਪੁਲਸ ਕੋਲ ਆਪਣਾ ਬਿਆਨ ਦਰਜ ਕਰਵਾਇਆ ਸੀ ਕਿ 10 ਫਰਵਰੀ ਦੀ ਦਰਮਿਆਨੀ ਰਾਤ ਨੂੰ ਕੋਈ ਨਾ- ਮਲੂਮ ਵਿਅਕਤੀ ਮੁੱਦਈ ਦੀ ਸੱਸ ਗੁਰਮੇਲ ਕੌਰ ਪਤਨੀ ਨਾਹਰ ਸਿੰਘ ਵਾਸੀ ਦੌਧਰ ਸ਼ਰਕੀ ਦੀ ਹੱਤਿਆ ਕਰਕੇ ਸੋਨੇ ਦੀਆਂ ਵਾਲੀਆਂ ਤੇ ਕੋਕਾ ਚੋਰੀ ਕਰਕੇ ਲੈ ਗਏ। ਇਸ ਸਬੰਧੀ ਥਾਣਾ ਬੱਧਨੀ ਕਲਾਂ ਵਿਖੇ ਨਾ-ਮਲੂਮ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ। ਅਜੇ ਗਾਂਧੀ ਐਸ. ਐਸ. ਪੀ. ਮੋਗਾ ਦੀ ਯੋਗ ਅਗਵਾਈ ਹੇਠ ਅਨਵਰ ਅਲੀ ਉਪ ਕਪਤਾਨ ਪੁਲਸ ਸਬ ਡਵੀਜ਼ਨ ਨਿਹਾਲ ਸਿੰਘ ਵਾਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫ਼ਸਰ ਥਾਣਾ ਬੱਧਨੀ ਕਲਾਂ ਵੱਲੋਂ ਪੁਲਸ ਦੀਆਂ ਸਪੈਸ਼ਲ ਟੀਮਾਂ ਬਣਾ ਕੇ ਟੈਕਨੀਕਲ ਤਰੀਕੇ ਨਾਲ ਦੋਸ਼ੀਆਂ ਨੂੰ ਟ੍ਰੇਸ ਕਰਨ ਲਈ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ। ਤਫਤੀਸ਼ ਦੌਰਾਨ ਪਤਾ ਲੱਗਾ ਕਿ ਗੁਰਮੇਲ ਕੌਰ ਦਾ ਕਤਲ ਮਨਪ੍ਰੀਤ ਸਿੰਘ ਉਰਫ ਬਿੱਟੂ ਪੁੱਤਰ ਜਗਦੀਸ਼ ਸਿੰਘ ਵਾਸੀ ਦੌਧਰ ਸਰਕੀ ਵੱਲੋਂ ਕੀਤਾ ਗਿਆ ਹੈ। ਜਿਸ 'ਤੇ ਮਨਪ੍ਰੀਤ ਸਿੰਘ ਉਕਤ ਨੂੰ ਇਸ ਮੁਕੱਦਮਾ 'ਚ ਦੋਸ਼ੀ ਨਾਮਜ਼ਦ ਕੀਤਾ ਗਿਆ ਅਤੇ ਦੋਸ਼ੀ ਮਨਪ੍ਰੀਤ ਸਿੰਘ ਉਰਫ ਬਿੱਟੂ ਉਕਤ ਨੂੰ 16 ਫ਼ਰਵਰੀ ਨੂੰ ਹੀ ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫਸਰ ਥਾਣਾ ਬੱਧਨੀ ਕਲਾਂ ਵੱਲੋਂ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਹ ਗੁਰਮੇਲ ਕੌਰ ਦੇ ਘਰ ਚੋਰੀ ਕਰਨ ਦੀ ਨੀਅਤ ਨਾਲ ਦਾਖਲ ਹੋਇਆ ਸੀ। ਗੁਰਮੇਲ ਕੌਰ ਨੇ ਦੋਸ਼ੀ ਨੂੰ ਪਛਾਣ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਦੋਸ਼ੀ ਨੇ ਗੁਰਮੇਲ ਕੌਰ ਦਾ ਨੱਕ ਅਤੇ ਮੂੰਹ ਬੰਦ ਕਰਕੇ ਗਲਾ ਦਬਾ ਕੇ ਕਤਲ ਕਰ ਦਿੱਤਾ ਅਤੇ ਗੁਰਮੇਲ ਕੌਰ ਦੀਆਂ ਕੰਨਾਂ ਦੀਆਂ ਵਾਲੀਆਂ ਅਤੇ ਕੋਕਾ ਚੋਰੀ ਕਰ ਲਿਆ। ਦੋਸ਼ੀ ਮਨਪ੍ਰੀਤ ਸਿੰਘ ਉਰਫ ਬਿੱਟੂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਦੋਸ਼ੀ ਵੱਲੋਂ ਚੋਰੀ ਕੀਤੀਆਂ ਸੋਨੇ ਦੀਆਂ ਵਾਲੀਆਂ ਬਰਾਮਦ ਕੀਤੀਆਂ ਗਈਆਂ। ਦੋਸ਼ੀ ਖ਼ਿਲਾਫ਼ ਪਹਿਲਾਂ ਵੀ ਮੁਕਦਮਾ ਥਾਣਾ ਸਦਰ ਜਗਰਾਓਂ ਵਿੱਚ ਦਰਜ ਹੈ।

# ਦਿਆਲਪੁਰਾ ਸਕੂਲ ਦਾ ਸਾਲਾਨਾ ਸਮਾਰੋਹ ਸੰਪੰਨ



**ਬਰੇਟਾ (ਰੀਤਵਾਲ)** ਸਰਕਾਰੀ ਹਾਈ ਸਕੂਲ ਦਿਆਲਪੁਰਾ ਦੇ ਵਿਹੜੇ 'ਚ ਸਾਲਾਨਾ ਸਮਾਰੋਹ ਕਰਾਇਆ ਗਿਆ।ਸਮਾਰੋਹ 'ਚ ਗਿੱਧੇ, ਭੰਗੜੇ, ਸੱਭਿਆਚਾਰ ਦੇ ਵੱਖ ਵੱਖ ਰੰਗ ਦਿਖਾਏ ਅਤੇ ਨੁੱਕੜ ਨਾਟਕ, ਸਕਿੱਟ, ਕੋਰੀਓਗ੍ਰਾਫੀ ਰਾਹੀਂ ਵੱਖ-ਵੱਖ ਸਮਾਜਿਕ ਮੁੱਦੇ ਜਿਵੇਂ ਮੋਬਾਇਲ ਦੀ ਦੁਰਵਰਤੋਂ, ਬੇਟੀ ਬਚਾਓ ਬੇਟੀ ਪੜ੍ਹਾਓ ਆਦਿ ਬਾਰੇ ਵਿਦਿਆਰਥੀਆਂ, ਮਾਪਿਆਂ ਨੂੰ ਸੁਚੱਜਾ ਸੰਦੇਸ਼ ਦਿੰਦੇ ਹੋਏ ਸਮਾਜਿਕ ਕੁਰੀਤੀਆਂ ਦੇ ਖਿਲਾਫ ਜਾਗਰੂਕ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਉਪ ਅਫ਼ਸਰ ਡਾ. ਪਰਮਜੀਤ ਸਿੰਘ, ਤੇ ਪ੍ਰਧਾਨਗੀ ਮੰਡਲ ਵਿੱਚ ਹੈੱਡਮਾਸਟਰ ਹਰਪ੍ਰੀਤ ਸਿੰਘ ਜੱਸਲ, ਪੰਚਾਇਤ ਯੂਨੀਅਨ ਪ੍ਰਧਾਨ ਰਜਿੰਦਰ ਸ਼ਰਮਾ, ਧਨਪੁਰਾ ਬਲਾਕ ਪ੍ਰਧਾਨ ਜਗਵਿੰਦਰ ਸਿੰਘ, ਸਰਪੰਚ ਗੁਰਦੀਪ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇ ਬਦਲਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸਕਿੱਲ, ਟੈਕਨਾਲੋਜੀ ਵਿਚ ਵੀ ਮੁਹਾਰਤ ਪ੍ਰਾਪਤ ਕਰਨ ਦੀ ਲੋੜ ਹੈ।ਉਨ੍ਹਾਂ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੇ ਵਧਦੇ ਮਿਆਰ ਅਤੇ ਸੁਵਿਧਾਵਾਂ ਬਾਰੇ ਚਰਚਾ ਕੀਤੀ।ਉਨ੍ਹਾਂ ਸਕੂਲ ਦੇ ਸਾਲਾਨਾ ਸਮਾਗਮ ਦੀ ਸ਼ਲਾਘਾ ਕੀਤੀ।ਸਕੂਲ ਦੀ ਵਿਦਿਆਰਥੀ ਨਵਜੋਤ ਕੌਰ ਨੈਸ਼ਨਲ ਕਰਾਟੇ ਚੈਂਪੀਅਨ ਅਤੇ ਵੱਖ-ਵੱਖ ਵਿੱਦਿਅਕ ਅਤੇ ਸਹਿ ਵਿਦਿਅਕ ਗਤੀਵਿਧੀਆਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਮੁਖੀ ਅਨੀਤਾ ਰਾਣੀ ਨੂੰ ਸਮੂਹ ਪੰਚਾਇਤ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਾਲਾਨਾ ਸਮਾਗਮ ਮਨਾਉਂਦਿਆਂ ਸਾਰੇ ਸਕੂਲੀ ਬੱਚਿਆਂ, ਮਾਪਿਆਂ ਤੇ ਪਤਵੰਤਿਆਂ ਲਈ ਸਕੂਲ ਪ੍ਰਬੰਧਕਾਂ ਵੱਲੋਂ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਬੰਧ ਕਮੇਟੀ ਚੇਅਰਮੈਨ ਅਮਨਦੀਪ ਕੌਰ, ਉਪ ਚੇਅਰਮੈਨ ਦਰਸ਼ਨ ਸਿੰਘ, ਰੋਹਤਾਸ਼ ਕੁਮਾਰ, ਅਰੁਣ ਕੁਮਾਰ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਭੂਸ਼ਣ ਕੁਮਾਰ, ਅਮਨਦੀਪ ਸਿੰਘ ਤੋਂ ਇਲਾਵਾ ਸਕੂਲ ਪ੍ਰਬੰਧਕ ਕਮੇਟੀ, ਮਾਪੇ ਪਤਵੰਤੇ, ਸਮੂਹ ਸਕੂਲ ਸਟਾਫ਼ ਹਾਜ਼ਰ ਸਨ।

# ਕਿੰਨੂ ਅਧਾਰਤ ਇੰਡਸਟਰੀ ਨੂੰ ਕੀਤਾ ਜਾਵੇਗਾ ਉਤਸ਼ਾਹਤ : ਅਮਨ ਅਰੋੜਾ

**ਫਾਜ਼ਿਲਕਾ ( ਨਿਸ਼ਾ ਸ਼ਰਮਾ)**- ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਆਖਿਆ ਹੈ ਕਿ ਅਬੋਹਰ ਇਲਾਕੇ ਵਿੱਚ ਕਿੰਨੂ ਅਧਾਰਤ ਇੰਡਸਟਰੀ ਨੂੰ ਉਤਸ਼ਾਹਤ ਕੀਤਾ ਜਾਵੇਗਾ। ਉਹ ਅੱਜ ਅਬੋਹਰ ਦੌਰੇ ਦੌਰਾਨ ਸਾਬਕਾ ਵਿਧਾਇਕ ਅਰੁਣ ਨਾਰੰਗ ਦੇ ਘਰ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਅਮਨ ਅਰੋੜਾ ਨੇ ਇਸ ਮੌਕੇ ਆਖਿਆ ਕਿ ਕਿੰਨੂ ਫਾਜ਼ਿਲਕਾ ਜ਼ਿਲ੍ਹੇ ਦਾ ਪ੍ਰਮੁੱਖ ਫਲ ਹੈ ਅਤੇ ਸੂਬਾ ਸਰਕਾਰ ਵੱਲੋਂ ਇੱਥੇ ਕਿੰਨੂੰ ਅਧਾਰਤ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਲਈ ਉਪਰਾਲੇ ਆਰੰਭੇ ਗਏ ਹਨ। ਉਹਨਾਂ ਕਿਹਾ ਕਿ ਇੱਥੇ ਕਿੰਨੂ ਅਧਾਰਤ ਜੋ ਕੋਈ ਵੀ ਇੰਡਸਟਰੀ ਲਗਾਉਣਾ ਚਾਹੇਗਾ ਤਾਂ ਉਸ ਨੂੰ ਸਰਕਾਰ ਵੱਲੋਂ ਸਾਰੀਆਂ ਪ੍ਰਵਾਨਗੀਆਂ ਪਹਿਲ ਦੇ ਅਧਾਰ 'ਤੇ ਦਿੱਤੀਆਂ ਜਾਣਗੀਆਂ।ਇਸ ਮੌਕੇ ਉਹਨਾਂ ਨੇ ਇਲਾਕੇ ਵਿੱਚ ਸੇਮ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਇਸ ਦੇ ਨਿਪਟਾਰੇ ਲਈ ਪ੍ਰਤੀਬੱਧ ਹੈ ਅਤੇ 100 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ।ਉਹਨਾਂ ਨੇ ਇਸ ਮੌਕੇ ਆਖਿਆ ਕਿ ਅੰਡਰਗਰਾਊਂਡ ਪਾਈਪਲਾਈਨ ਪਾਉਣ ਦੇ ਪ੍ਰੋਜੈਕਟ ਵੀ ਚਲਾਏ ਜਾ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਪੂਰਾ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਹੋ ਸਕੇ। ਇਸ ਮੌਕੇ ਉਹਨਾਂ ਸਥਾਨਕ ਹਸਪਤਾਲ ਵਿੱਚ ਡਾਕਟਰਾਂ ਦੀ ਤਾਇਨਾਤੀ ਕਰਨ ਦਾ ਵੀ ਭਰੋਸਾ ਦਿੱਤਾ। ਉਹਨਾਂ ਐਲਾਨ ਕੀਤਾ ਕਿ ਅਬੋਹਰ ਦੇ ਬਕਾਇਆ ਪਏ ਵਿਕਾਸ ਕੰਮ ਪਹਿਲ ਦੇ ਅਧਾਰ 'ਤੇ ਹੋਣਗੇ ਅਤੇ ਇੱਥੇ ਬਣਨ ਵਾਲੇ ਰੇਲਵੇ ਅੰਡਰ ਬ੍ਰਿਜ ਦਾ ਪ੍ਰੋਜੈਕਟ ਤਿਆਰ ਕਰਨ ਦੇ ਨਿਰਦੇਸ਼ ਵੀ ਉਹਨਾਂ ਨੇ ਅਧਿਕਾਰੀਆਂ ਨੂੰ ਦਿੱਤੇ।ਇਸ ਤੋਂ ਪਹਿਲਾਂ ਇੱਥੇ ਪਹੁੰਚਣ ਤੇ ਸਾਬਕਾ ਵਿਧਾਇਕ ਅਰੁਣ ਨਾਰੰਗ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਹਲਕੇ ਦੀਆਂ ਮੰਗਾਂ ਉਹਨਾਂ ਦੇ ਸਨਮੁੱਖ ਰੱਖੀਆਂ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਨੀਲ ਸਚਦੇਵਾ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਬਜਾਜ, ਉਪਕਾਰ ਸਿੰਘ ਜਾਖੜ ਸਮੇਤ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ।

# ਖ਼ੂਨਦਾਨ ਨੂੰ ਸਮਰਪਤ ਹਰਦੀਪ ਸਨੌਰ ਦਾ ਸਨਮਾਨ



**ਪਟਿਆਲਾ/ਦੇਵੀਗੜ੍ਹ, (ਰਾਜਿੰਦਰ ਸਿੰਘ ਥਿੰਦ)** ਖ਼ੂਨਦਾਨ ਸੇਵਾ ਦੇ ਖੇਤਰ ਵਿਚ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਸਾਥੀਆਂ ਵੱਲੋਂ ਲਗਾਤਾਰ 19 ਸਾਲਾਂ ਤੋਂ ਸੇਵਾ ਲਗਾਤਾਰ ਜਾਰੀ ਰੱਖ ਕੇ ਵੱਡਾ ਮਾਅਰਕਾ ਮਾਰਿਆ ਹੈ, ਜਿਸ ਕਾਰਨ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੇੜਲੇ ਪਿੰਡ ਨਨਿਓਲਾ ਦੇ ਸਿੰਘ ਸਭਾ ਗੁਰਦੁਆਰਾ ਸਿੰਘ ਸ਼ਹੀਦਾਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਦੀਪ ਸਿੰਘ ਨੇ ਹਰਦੀਪ ਸਿੰਘ ਸਨੌਰ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕਰਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਸੇਵਕਾਂ ਦਾ ਸਨਮਾਨ ਕਰਨਾ ਸਾਡਾ ਫਰਜ਼ ਹੈ ਤਾਂ ਜੁ ਹੋਰ ਨੌਜਵਾਨ ਵੀ ਪਰਉਪਕਾਰ ਦੀ ਸੇਵਾ ਨਾਲ ਜੁੜ ਕੇ ਇੱਕ-ਦੂਜੇ ਦਾ ਸਹਿਯੋਗ ਕਰਨ।ਸਨਮਾਨ ਹਾਸਲ ਕਰਨ ਉਪਰੰਤ ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਸਾਲ 2006 ਤੋਂ ਮਨੁੱਖੀ ਜਾਨਾਂ ਬਚਾਉਣ ਲਈ ਖ਼ੂਨਦਾਨ ਕਰਨ, ਖ਼ੂਨਦਾਨ ਕੈਂਪ ਲਗਾਉਣ ਤੇ ਲਵਾਉਣ ਦੀ ਸੇਵਾ ਸ਼ੁਰੂ ਕੀਤੀ ਸੀ, ਜਿਸ ਤਹਿਤ 1030 ਤੋਂ ਵੱਧ ਖ਼ੂਨਦਾਨ ਕੈਂਪਾਂ ਵਿਚ 35000 ਤੋਂ ਵੱਧ ਖ਼ੂਨ ਦੇ ਯੂਨਿਟ ਵੱਖ-ਵੱਖ ਬਲੱਡ ਬੈਂਕਾਂ ਵਿਚ ਜਮ੍ਹਾਂ ਕਰਾਏ ਜਾ ਚੁੱਕੇ ਹਨ ਤੇ ਇਹ ਸੇਵਾ ਨਿਰੰਤਰ ਜਾਰੀ ਹੈ।ਪਿਛਲੇ 13 ਸਾਲਾਂ ਤੋਂ ਹਰ ਮਹੀਨੇ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਚ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ ਤਾਂ ਜੁ ਹਰ ਲੋੜਵੰਦ ਮਰੀਜ਼ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ ਤੇ ਬੇਸ਼ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ।

# ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਾਏ



**ਬਾਘਾਪੁਰਾਣਾ (ਮਨੀ ਸਿੰਗਲਾ)** ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਜੋ ਸੰਸਥਾ ਦੇ ਸੰਸਥਾਪਕ ਗੁਰਦੇਵ ਸਿੰਘ, ਪ੍ਰਿੰਸੀਪਲ ਅਤੇ ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ ਦੀ ਅਗਵਾਈ ਵਿੱਚ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ, ਵਿਖੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਦੇ ਸਮੇਂ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰਮਾਤਮਾ ਦਾ ਓਟ ਆਸਰਾ ਲੈ ਕੇ ਅੱਗੇ ਵਧਣ ਲਈ ਪ੍ਰੇਰਨਾ ਦੇਣਾ ਹੈ, ਕਿਉਂਕਿ ਅੱਜ ਦੇ ਸਮੇਂ ਜਦੋਂ ਨੌਜਵਾਨ ਪੀੜੀ ਕੁਰਾਹੇ ਪੈਂਦੀ ਜਾ ਰਹੀ ਹੈ ਤਾਂ ਉਸ ਸਮੇਂ ਵਿਦਿਆਰਥੀਆਂ ਨੂੰ ਸਹੀ ਸੇਧ ਦੇਣ ਲਈ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਵੱਲੋਂ ਇੱਕ ਚੰਗਾ ਉਪਰਾਲਾ ਕੀਤਾ ਗਿਆ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਆਪਣੇ ਸਮੇਂ ਦੀ ਯੋਗ ਵਰਤੋਂ ਕਰਕੇ ਕਿਸੇ ਹੁਨਰ ਦੀ ਸਿਖਲਾਈ ਲੈ ਕੇ ਉਸ ਵਿੱਚ ਮੁਹਾਰਤ ਹਾਸਲ ਕਰਨੀ ਚਾਹੀਦੀ ਹੈ।ਪ੍ਰਿੰਸੀਪਲ ਤੇ ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਅਰਦਾਸ ਕਰਦਿਆਂ ਉਨ੍ਹਾਂ ਨੂੰ ਹਮੇਸ਼ਾ ਪੜ੍ਹਾਈ ਦੇ ਨਾਲ-ਨਾਲ ਚੰਗੇ ਇਨਸਾਨ ਬਣਨ ਲਈ ਤੇ ਭਵਿੱਖ ਵਿੱਚ ਕਾਮਯਾਬ ਹੋਣ ਲਈ ਪ੍ਰੇਰਤ ਕੀਤਾ।

# 'ਦੁੱਧ-ਇਕ ਸੰਪੂਰਨ ਖੁਰਾਕ' ਵਿਸ਼ੇ ਸੰਬੰਧੀ ਲਾਇਆ ਸੈਮੀਨਾਰ

**ਸੰਗਰੂਰ, (ਪ੍ਰਵੀਨ ਸਿੰਘ)** ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਚਲਾਈ ਜਾ ਰਹੀ ਦੁੱਧ ਖਪਤਕਾਰ ਜਾਗਰੂਕਤਾ ਮੁਹਿੰਮ ਤਹਿਤ ਮਦਨ ਸਿੰਘ ਕਪੂਰ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਸੰਗਰੂਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਦਾਮਪੁਰ ਵਿਖੇ ਬੱਚਿਆਂ ਨੂੰ ਦੁੱਧ ਦੀ ਗੁਣਵੱਤਾ ਤੇ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਲਾਇਆ ਗਿਆ। ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੀ ਰਹਿਨੁਮਾਈ ਹੇਠ ਲਗਾਏ ਇਸ ਸੈਮੀਨਾਰ ਵਿੱਚ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ, ਸੰਗਰੂਰ ਚਰਨਜੀਤ ਸਿੰਘ ਨੇ ਬੱਚਿਆਂ ਨੂੰ ਦੁੱਧ ਦੀ ਮਹੱਤਤਾ ਤੇ ਦੁੱਧ ਦੀ ਗੁਣਵੱਤਾ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਬੱਚਿਆਂ ਨੂੰ ਕੋਲਡ ਡ੍ਰਿੰਕ, ਜੰਕ ਫੂਡਜ਼ ਆਦਿ ਲੈਣ ਦੀ ਬਜਾਏ ਦੁੱਧ ਅਤੇ ਦੁੱਧ ਦੇ ਬਣੇ ਪਦਾਰਥ ਲੈਣ ਬਾਰੇ ਪ੍ਰੇਰਿਤ ਕੀਤਾ ਗਿਆ ਤਾਂ ਜੋ ਦੁੱਧ ਵਿਚ ਮੌਜੂਦ ਜ਼ਰੂਰੀ ਤੱਤ ਬੱਚਿਆਂ ਨੂੰ ਮਿਲ ਸਕਣ। ਡੇਅਰੀ ਵਿਕਾਸ ਇੰਸਪੈਕਟਰ ਦਵਿੰਦਰ ਸਿੰਘ ਵਲੋਂ ਵਿਦਿਆਰਥੀਆਂ ਨੂੰ ਦੁੱਧ ਵਿੱਚ ਮੌਜੂਦ ਪ੍ਰੋਟੀਨ, ਕੈਲਸ਼ੀਅਮ, ਲੈਕਟਜ਼, ਫੈਟ, ਮਿਨਰਲ ਵਿਟਾਮਿਨ ਆਦਿ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਤੇ ਵੱਖ-ਵੱਖ ਦੁੱਧ ਪਦਾਰਥਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਡੇਅਰੀ ਫੀਲਡ ਸਹਾਇਕ ਚਰਨਜੀਤ ਧੀਰ ਨੇ ਵਿਭਾਗ ਵੱਲੋਂ ਚਲਾਈਆਂ ਜਾਂਦੀਆਂ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ।ਸਕੂਲਾਂ ਦੇ ਸਟਾਫ ਵਲੋਂ ਇਸ ਸੈਮੀਨਾਰ ਵਿੱਚ ਬਹੁਤ ਸਹਿਯੋਗ ਦਿੱਤਾ ਗਿਆ ਤੇ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਸੈਮੀਨਾਰ ਬੱਚਿਆਂ ਲਈ ਬਹੁਤ ਹੀ ਲਾਹੇਵੰਦ ਅਤੇ ਲਾਭਦਾਇਕ ਸਾਬਿਤ ਹੋਣਗੇ, ਕਿਉਂਕਿ ਜਿੱਥੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੋਵੇਗਾ, ਉੱਥੇ ਬੱਚਿਆਂ ਵਿੱਚ ਦੁੱਧ ਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਵਰਤੋਂ ਕਰਨ ਲਈ ਪ੍ਰੇਰਨਾ ਮਿਲੇਗੀ।

# ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀ. ਸੈਕੰ. ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ

**ਮਾਛੀਵਾੜਾ ਸਾਹਿਬ ( ਜਗਦੀਸ਼ ਰਾਏ, ਸ਼ੈਂਕੀ ਸ਼ਰਮਾ )** ਇਲਾਕੇ ਦੀ ਪ੍ਰਸਿੱਧ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀ. ਸੈਕੰ. ਸਕੂਲ ਮਾਛੀਵਾੜਾ ਵਿਖੇ ਪਿਛਲੇ ਦਿਨੀਂ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ। ਇਸ ਸਮਾਰੋਹ ਨੂੰ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰੀ ਸੁਰਿੰਦਰ ਕੁੰਦਰਾ ਜੀ, ਸਕੱਤਰ ਸਰਦਾਰ ਗੁਰਨਾਮ ਸਿੰਘ ਨਾਗਰਾ, ਖ਼ਜਾਨਚੀ ਜੇ ਪੀ ਮੱਕੜ ਅਤੇ ਸਹਾਇਕ ਸਕੱਤਰ ਜੈ ਦੀਪ ਕਾਹਲੋਂ ਦੁਆਰਾ ਸ਼ਮਾਂ ਜਲਾਕੇ ਸ਼ੁਰੂ ਕਰਵਾਇਆ ਗਿਆ। ਇਸ ਦੇ ਨਾਲ ਹੀ ਸੁਰਿੰਦਰ ਕੁੰਦਰਾ ਨੇ ਓਹਨਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਜਿਹਨਾਂ ਨੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ। ਪ੍ਰਧਾਨ ਨੇ ਨਾਲ ਹੀ ਇਹ ਵੀ ਕਿਹਾ ਕਿ ਇਹ ਸਕੂਲ ਇਲਾਕੇ ਦੇ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਸਮਰਪਿਤ ਹੈ। ਸਕੂਲ ਪ੍ਰਬੰਧਕਾਂ ਦੀ ਦਿਲੀ ਇੱਛਾ ਹੈ ਕੋਈ ਵੀ ਬੱਚਾ ਵਿੱਦਿਆ ਤੋਂ ਵਾਂਝਾ ਨਾ ਰਹੇ। ਇਸ ਸਮਾਗਮ ਦੀ ਸਫ਼ਲਤਾ ਲਈ ਉਹਨਾਂ ਨੇ ਸਮੂਹ ਸਕੂਲ ਸਟਾਫ਼ ਨੂੰ ਵੀ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ: ਬਲਜੀਤ ਸਿੰਘ ਨੇ ਸੈਸ਼ਨ 2024-25 ਦੀਆਂ ਪ੍ਰਾਪਤੀਆਂ ਵੀ ਸਾਂਝੀਆਂ ਕੀਤੀਆਂ। ਇਸ ਤਰ੍ਹਾਂ ਇਹ ਸਮਾਰੋਹ ਸਕੂਲ ਪ੍ਰਿੰਸੀਪਲ ਅਤੇ ਸਟਾਫ਼ ਦੀ ਮਿਹਨਤ ਸਦਕਾ ਸਫ਼ਲ ਹੋ ਨਿਬੜਿਆ। ਇਸ ਸਮੇਂ ਸਮੂਹ ਸਟਾਫ ਜਿਹਨਾਂ ਵਿੱਚ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ, ਹਰਿੰਦਰ ਦੀਪ ਸ਼ਰਮਾ, ਕਾਜਲ ਅਨੰਦ, ਸਿਮਰਜੀਤ ਕੌਰ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਮਨਜੋਤ ਕੌਰ, ਨਰਿੰਦਰ ਸਿੰਘ (ਕਮਿਸਟਰੀ) ਅਤੇ ਮਨਦੀਪ ਕੌਰ ਆਦਿ ਹਾਜ਼ਰ ਸਨ।



# 400 ਲੀਟਰ ਲਾਹਣ ਸਮੇਤ ਔਰਤ ਗ੍ਰਿਫ਼ਤਾਰ, ਦੋ ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**: ਥਾਣਾ ਮਖੂ ਪੁਲਿਸ ਨੇ ਗਸ਼ਤ ਤੇ ਚੈਕਿੰਗ ਦੌਰਾਨ 400 ਲੀਟਰ ਲਾਹਣ ਸਮੇਤ ਇਕ ਔਰਤ ਨੂੰ ਗ੍ਰਿਫਤਾਰ ਕਰਕੇ ਦੋ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਜੋਗੇ ਵਾਲਾ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਕਰਨੈਲ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਸੁਖਦੇਵ ਸਿੰਘ ਉਰਫ ਸੁੱਖਾ ਵਾਸੀਅਨ ਪਿੰਡ ਸ਼ੇਰਾ ਮੰਡਾਰ ਆਪਣੇ ਘਰ ਵਿਚ ਨਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦੇ ਆਦੀ ਹਨ, ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਨਜਾਇਜ਼ ਸ਼ਰਾਬ ਜਾਂ ਲਾਹਣ ਬਰਾਮਦ ਹੋ ਸਕਦੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਛਾਪੇਮਾਰੀ ਕਰਕੇ 400 ਲੀਟਰ ਲਾਹਣ ਸਮੇਤ ਔਰਤ ਜਸਵਿੰਦਰ ਕੌਰ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਜ਼ਿਲ੍ਹਾ ਪ੍ਰਸ਼ਾਸਨ ਤੇ ਅਲਿਮਕੋ ਵੱਲੋਂ ਦਿਵਿਆਂਗਜਨਾਂ ਲਈ ਸਹਾਇਕ ਸਮਗਰੀ ਵੰਡ ਕੈਂਪ



**ਮੋਗਾ, (ਇਕਬਾਲ ਸਿੰਘ ਖਹਿਰਾ)** ਪਾਵਰ ਫਾਇਨਾਂਸ ਕਾਰਪੋਰੇਸ਼ਨ ਲਿਮ. ਦੇ ਸੀ.ਐਸ.ਆਰ. ਪ੍ਰੋਗਰਾਮ ਅਧੀਨ ਜ਼ਿਲ੍ਹਾ ਪ੍ਰਸ਼ਾਸ਼ਨ ਮੋਗਾ ਤੇ ਅਲਿਮਕੋ ਦੇ ਸਾਂਝੇ ਸਹਿਯੋਗ ਨਾਲ ਭੁਪਿੰਦਰਾ ਖਾਲਸਾ ਸਕੂਲ ਵਿਖੇ ਦਿਵਿਆਂਗਜਨਾਂ ਲਈ ਸਹਾਇਕ ਸਮੱਗਰੀ ਵੰਡ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਪਹਿਲਾਂ ਤੋਂ ਅਸਿਸਮੈਂਟ ਕੀਤੇ ਗਏ 100 ਦਿਵਿਆਂਗਜਨਾਂ ਨੂੰ ਕੁੱਲ 16.21 ਲੱਖ ਰੁਪਏ ਦੀ ਲਾਗਤ ਵਾਲੀਆਂ 100 ਮੋਟਰਾਇਜ਼ਡ ਟਰਾਈਸਾਈਕਲਾਂ ਦੀ ਵੰਡ ਕੀਤੀ ਗਈ। ਕੈਂਪ ਵਿੱਚ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨਾਲ ਨਗਰ ਨਿਗਮ ਮੇਅਰ ਬਲਜੀਤ ਸਿੰਘ ਚਾਨੀ ਵੀ ਮੌਜੂਦ ਸਨ।ਜ਼ਿਲ੍ਹਾ ਪ੍ਰਸ਼ਾਸ਼ਨ ਤਰਫੋਂ ਵਧੀਕ ਡਿਪਟੀ ਕਮਿਸ਼ਨਰ (ਜ) ਚਾਰੂਮਿਤਾ ਨੇ ਸ਼ਿਰਕਤ ਕੀਤੀ। ਕੈਂਪ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੋਗਾ ਇੰਦਰਪ੍ਰੀਤ ਕੌਰ ਅਤੇ ਅਲਿਮਕੋ ਦੇ ਨੁਮਾਇੰਦੇ ਵੀ ਹਾਜ਼ਰ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦਿਵਿਆਂਗਜਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੀ ਭਲਾਈ ਲਈ ਹਰ ਯੋਗ ਉਪਰਾਲੇ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਉਪਕਰਨਾਂ ਨਾਲ ਉਨ੍ਹਾਂ ਨੂੰ ਆਪਣੇ ਰੋਜ਼ਮਰਾ ਦੇ ਕੰਮ ਆਸਾਨੀ ਨਾਲ ਕਰਨ ਵਿੱਚ ਮਦਦ ਮਿਲੇਗੀ। ਦਿਵਿਆਂਗਜਨ ਕਿਸੇ ਤੋਂ ਪਿੱਛੇ ਨਹੀਂ ਹਨ ਕਿਉਂਕ ਸਰਕਾਰ ਉਨ੍ਹਾਂ ਨੂੰ ਹਰੇਕ ਖੇਤਰ ਵਿੱਚ ਬਰਾਬਰ ਦੇ ਮੌਕੇ ਪ੍ਰਦਾਨ ਕਰ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਚਾਰੂਮਿਤਾ ਨੇ ਕੈਂਪ 'ਚ ਸ਼ਿਰਕਤ ਕਰਕੇ ਦੱਸਿਆ ਕਿ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕਰਿਤ੍ਰਮ ਅੰਗ ਨਿਰਮਾਣ ਨਿਗਮ (ਅਲਿਮਕੋ), ਜ਼ਿਲ੍ਹਾ ਸਮਾਜ ਭਲਾਈ ਵਿਭਾਗ, ਮੋਗਾ ਦੀ ਭਾਗੀਦਾਰੀ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕਰਕੇ ਸਫ਼ਲ ਬਣਾਇਆ ਗਿਆ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਤਰਫੋਂ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦਿਵਿਆਂਗਜਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਾ ਕੇ ਉਨ੍ਹਾਂ ਨੂੰ ਹਰੇਕ ਪੱਖੋਂ ਉਪਰ ਚੁੱਕਿਆ ਜਾ ਸਕੇ।

# ਸ਼ਹੀਦ ਸ਼ੁਭਕਰਨ ਦੀ ਬਰਸੀ ਭਲਕੇ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**- ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਵੱਲੋਂ ਸ਼ੇਰੇ ਏ ਪੰਜਾਬ ਮੋਗਾ ਜ਼ਿਲ੍ਹੇ ਦੀ ਸਮੁੱਚੀ ਟੀਮ ਅਤੇ ਜ਼ਿਲ੍ਹਾ ਫਿਰੋਜ਼ਪੁਰ ਫਾਜ਼ਿਲਕਾ ਨੂੰ ਅਪੀਲ ਕਿ 21 ਫਰਵਰੀ ਨੂੰ ਬੱਲੋ ਵਿਖੇ ਸ਼ਹੀਦ ਸ਼ੁੱਭਕਰਨ ਦੀ ਬਰਸੀ ਮਨਾਈ ਜਾ ਰਹੀ ਹੈ। ਇਸ ਵਿੱਚ ਸ਼ੇਰੇ ਏ ਪੰਜਾਬ ਯੂਨੀਅਨ ਦੀ ਸਮੁੱਚੀ ਟੀਮ ਨੂੰ ਹਾਜ਼ਰੀ ਭਰਨ ਦੀ ਅਪੀਲ ਕੀਤੀ ਹੈ।


## ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ
V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਂਅ : ਚਰਨਜੀਤ ਕੌਰ ਪਿਤਾ/ਪਤੀ ਦਾ ਨਾਂਅ : ਰਘਬੀਰ ਸਿੰਘ
ਪਤਾ : Village Kiri Bodal Vairowal, PO. Vairowal, Tehsil Khadur Sahib, District Tarn Taran, Village- Kiri Bodal /Tehsil-Khadur Sahib/ District Tarn Taran, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ, ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ :-
ਨਾਮ : ਅਰਸ਼ਬੀਰ ਸਿੰਘ, ਪੱਕਾ ਪਤਾ : Village Kiri Bodal Vairowal, PO. Vairowal, Tehsil Khadur Sahib, District Tarn Taran, Kiri Bodal, Khadur Sahib, Tarn Taran, Punjab
ਵਿਦੇਸ਼ੀ ਪਤਾ : Rua Oliveira Martins Edificio Maresia A 11, Albufeira 8200-619 Albufeira Portugal/ ਰੁਆ ਓਲੀਵੀਰਾ ਮਾਰਟਿਨਸ ਐਡੀਫਿਸ਼ੀਓ ਮਾਰੇਸ਼ੀਆ ਏ 11 ਅਲਬੂਫੇਰਾ 8200-619 ਅਲਬੂਫੇਰਾ ਪੁਰਤਗਾਲ
ਉਮਰ/ਜਨਮ ਮਿਤੀ : 25-(21-01-2000)
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ। ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 18.2.25 ਨੂੰ ਜਾਰੀ ਹੋਇਆ।
ਨੰਬਰ: ਐੱਮ. ਏ./ਐੱਮ ਸੀ-1/236-38 ਮਿਤੀ : 18.02.2025
ਸਹੀ/- ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ।



YES BANK
Registered Office: Yes Bank House, Western Express Highway, Santacruz (E), Mumbai-400 055.
Also At :- SCO No. 129-130 2nd Floor, Sector 9-C, Madhya Marg, Chandigarh -160009.
Also At :- B-XX 2427–928, 1st Floor, Gobind Nagar, Ferozepur Road, Ludhiana-141001.

## (ਰੂਲ-8 (1) ) ਕਬਜ਼ਾ ਸੂਚਨਾ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਧੀਨ ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਨੋਟਿਸ 'ਚ ਦਰਸਾਈ ਰਕਮ ਦੀ ਇਸ ਉਪਰ ਬਣਦੇ ਵਿਆਜ ਸਮੇਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਦਰਸਾਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਬਣਦੇ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| (1) ਮਨੋਜ ਕੁਮਾਰ ਪੁੱਤਰ ਤਰਸੇਮ ਲਾਲ, ਪਤਾ : ਮਕਾਨ ਨੰ. 134, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ-I, ਜਲੰਧਰ - 144002 (2) ਬਿਮਲਾ ਰਾਣੀ ਪਤਨੀ ਤਰਸੇਮ ਲਾਲ, ਪਤਾ : ਮਕਾਨ ਨੰ. 134, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ-I , ਜਲੰਧਰ - 144002 | ਵਾਕਿਆ ਰਕਬਾ ਦਾਨਿਸ਼ਮੰਦਾਂ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਜਮਾਂਬੰਦੀ 2017-18 ਅਨੁਸਾਰ ਖਸਰਾ ਨੰ. 613, 618, 616, 617 ਹਦਬਸਤ ਨੰ. 312 ਵਿੱਚ ਸ਼ਾਮਲ ਗੈਰ-ਖੇਤੀਬਾੜੀ ਜ਼ਮੀਨ ਰਕਬਾ 5 ਮਰਲੇ ਦੇ ਸਾਰੇ ਹਿੱਸੇ । ਹੱਦਾਂ ਇੰਝ ਹਨ : ਪੂਰਬ : ਕ੍ਰਿਸ਼ਨ, ਪੱਛਮ : ਗਲੀ ਅਤੇ ਰਜਨੀ, ਉੱਤਰ : ਹੋਰ, ਦੱਖਣ : ਮੱਖਣ। ਗਿਰਵੀਕਾਰ : ਮਨੋਜ ਕੁਮਾਰ ਪੁੱਤਰ ਤਰਸੇਮ ਲਾਲ। | 21 ਸਤੰਬਰ 2024 | 18 ਫਰਵਰੀ 2025 | ਆਈ ਐਨ ਆਰ 17,66, 790.02 (ਰੁਪਏ ਸਤਾਰਾਂ ਲੱਖ ਛਿਆਹਟ ਹਜ਼ਾਰ ਸੱਤ ਸੌ ਨੱਬੇ ਅਤੇ ਦੋ ਪੈਸੇ ਕੇਵਲ ਮਿਤੀ 21 ਸਤੰਬਰ 2024 ਅਨੁਸਾਰ, ਮਿਤੀ 18 ਫਰਵਰੀ 2025 ਤੋਂ ਇਸ ਉੱਪਰ ਬਣਦੇ ਹੋਰ ਵਿਆਜ ਅਤੇ ਹੋਰ ਖਰਚਿਆਂ ਸਮੇਤ। |

ਮਿਤੀ : 18.02.2025
ਸਥਾਨ : ਪੰਜਾਬ
ਵਾਸਤੇ ਯੈੱਸ ਬੈਂਕ ਲਿਮਟਿਡ
ਸ੍ਰੀ ਅਦਿਤਿਆ, ਅਧਿਕਾਰਤ ਅਫਸਰ


# ਮੁੱਖ ਮੰਤਰੀ ਦੀ ਅਗਵਾਈ 'ਚ ਕਰਾਏ ਜਾ ਰਹੇ ਵੱਡੇ ਪੱਧਰ 'ਤੇ ਵਿਕਾਸ ਕਾਰਜ : ਜੱਸੀ ਸੋਹੀਆਂ ਵਾਲਾ, ਸ਼ਰਮਾ



**ਨਾਭਾ (ਵਰਿੰਦਰ ਵਰਮਾ)** ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਪਟਿਆਲਾ ਨੇ ਇੰਪਰੂਵਮੈਂਟ ਟਰੱਸਟ ਦੇ ਦਫਤਰ ਵਿਖੇ ਚੇਅਰਮੈਨ ਸ੍ਰੀ ਸੁਰਿੰਦਰਪਾਲ ਸ਼ਰਮਾ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ।ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਤੇ ਬਣਦਾ ਮਾਣ ਸਨਮਾਨ ਦਿੱਤਾ। ਸ਼ਹਿਰ ਦੇ ਵਿਕਾਸ ਕਾਰਜਾਂ ਬਾਰੇ ਵੀ ਵਿਚਾਰ ਚਰਚਾ ਕੀਤੀ।ਜੱਸੀ ਸੋਹੀਆਂਵਾਲਾ ਅਤੇ ਸੁਰਿੰਦਰ ਪਾਲ ਸ਼ਰਮਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦਾ ਅਸੀਂ ਸਮਰਥਨ ਕਰਦੇ ਹਾਂ।ਉਨ੍ਹਾਂ ਕਿਹਾ ਕਿ ਤਾਂ ਇਹ ਸੂਬਾ ਰੰਗਲਾ ਪੰਜਾਬ ਬਣੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਨਹਿਰੀ ਪਾਣੀ ਪੁਚਾਉਣ ਵੱਲ ਇੱਕ ਹੋਰ ਵੱਡੀ ਪੁਲਾਂਘ ਪੁੱਟਦਿਆਂ ਸੂਬੇ ਦੇ ਚਾਰ ਜ਼ਿਲ੍ਹਿਆਂ ਪਟਿਆਲਾ, ਸੰਗਰੂਰ, ਮਾਲੇਰਕੋਟਲਾ ਤੇ ਮਾਨਸਾ ਦੇ ਖੇਤਾਂ ਨੂੰ ਪਾਣੀ ਪਹੁੰਚਾਉਣ ਵਾਲੀ ਸੈਕੰਡ ਪਟਿਆਲਾ ਫੀਡਰ ਨਹਿਰ ਦੇ 24 ਕਿਲੋਮੀਟਰ ਹਿੱਸੇ ਨੂੰ ਰਿਕਾਰਡ ਸਮੇਂ (ਸਵਾ ਮਹੀਨਾ) ਵਿੱਚ ਪੂਰਾ ਕਰਕੇ ਸੂਬਾ ਵਾਸੀਆਂ ਨੂੰ ਵੱਡੀ ਸੌਗਾਤ ਦਿੱਤੀ ਹੈ। ਉਨ੍ਹਾਂ ਕਿਹਾ ਕਿ 42 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲਾ ਇਹ ਕੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਇਮਾਨਦਾਰ ਸਰਕਾਰ ਵੱਲੋਂ 36 ਕਰੋੜ ਰੁਪਏ ਵਿੱਚ ਹੀ ਕਰਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਦਿਨਾਂ ਦੇ ਕੰਮਾਂ ਨੂੰ ਸਾਲਾਂ ਵਿੱਚ ਕਰਾਉਂਦੀਆਂ ਸਨ ਤੇ ਲਾਗਤ ਅੰਦਾਜ਼ੇ ਨਾਲੋਂ ਕਈ ਗੁਣਾਂ ਵੱਧ ਬਣਾਉਂਦੀਆਂ ਸਨ, ਉਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਲਾਂ ਵਿੱਚ ਹੋਣ ਵਾਲਾ ਕੰਮ ਸਵਾ ਮਹੀਨੇ ਵਿੱਚ ਅਤੇ ਖਰਚ ਵੀ ਅੰਦਾਜ਼ਨ ਲਾਗਤ ਨਾਲੋਂ 6 ਕਰੋੜ ਘੱਟ ਕਰਕੇ ਸੂਬਾ ਵਾਸੀਆਂ ਦੀਆਂ ਆਸਾ ਨੂੰ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਸੂਬੇ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਕਿਸਾਨੀ ਨੂੰ ਮਜ਼ਬੂਤ ਕਰ ਰਹੀ ਹੈ।

# ਸਮਾਜਿਕ ਵਿਸੰਗਤੀਆਂ ਤੋਂ ਬਚਣ ਲਈ ਸਾਪੇਖ ਸਾਹਿਤ ਦੀ ਸਿਰਜਣਾ ਜ਼ਰੂਰੀ : ਡਾ. ਤੇਜਵੰਤ ਮਾਨ

**ਸੰਗਰੂਰ (ਪ੍ਰਵੀਨ ਸਿੰਘ)**- ਪੰਜਾਬੀ ਭਾਸ਼ਾ ਸਾਹਿਤ ਸੱਭਿਆਚਾਰ, ਸਮਾਜਿਕ, ਰਾਜਨੀਤਿਕ, ਆਰਥਿਕ ਪ੍ਰਸੰਗਾਂ ਬਾਰੇ ਵਿਚਾਰ ਚਰਚਾ ਕਰਨ ਲਈ ਨਿਰੰਤਰ ਕਾਰਜਸ਼ੀਲ ਮਾਲਵਾ ਰਿਸਰਚ ਸੈਂਟਰ ਪਟਿਆਲਾ ਵੱਲੋਂ ਸੱਭਿਆਚਾਰ ਦੇ ਸੰਦਰਭ ਵਿਚ ਅਜੋਕੀਆਂ ਪੰਜਾਬੀ ਪ੍ਰਸਥਿਤੀਆਂ ਬਾਰੇ ਇਕ ਗੰਭੀਰ ਸਾਹਿਤਕ ਗੋਸ਼ਟੀ ਦਾ ਆਯੋਜਨ ਡਾ. ਤੇਜਵੰਤ ਮਾਨ ਸਾਹਿਤ ਰਤਨ ਦੀ ਪ੍ਰਧਾਨਗੀ ਹੇਠ ਗਰੀਨ ਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ ਗਿਆ। ਇਸ ਸਮੇਂ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਪਵਨ ਹਰਚੰਦਪੁਰੀ ਪ੍ਰਧਾਨ, ਜੋਰਾ ਸਿੰਘ ਮੰਡਰ ਕੈਨੇਡਾ, ਅਨੋਖ ਸਿੰਘ ਵਿਰਕ ਅਤੇ ਡਾ. ਭਗਵੰਤ ਸਿੰਘ ਸ਼ਾਮਲ ਹੋਏ। ਇਸ ਮੌਕੇ ਅਮਰ ਗਰਗ ਕਲਮਦਾਨ ਨੇ ਪੂਰਬੀ ਦਰਸ਼ਨ ਦੇ ਪ੍ਰਸੰਗ ਵਿਚ ਪੇਪਰ ਪ੍ਰਸਤੁਤ ਕੀਤਾ, ਜਿਸ ਵਿਚ ਉਸ ਨੇ ਰੂਹਾਨੀਅਤ ਦੇ ਸੰਕਲਪਾਂ ਨੂੰ ਉਭਾਰਿਆ। ਬਹਿਸ ਦਾ ਅਰੰਭ ਕਰਦੇ ਹੋਏ ਨਿਹਾਲ ਸਿੰਘ ਮਾਨ ਨੇ ਗੁਰਮਤਿ ਦੇ ਆਸ਼ੇ ਅਨੁਸਾਰ ਲੇਖਕਾਂ ਨੂੰ ਸ਼ਾਵਨਵਾਦ ਤੋਂ ਬਚਣ ਦਾ ਸੁਨੇਹਾ ਦਿੱਤਾ ਅਤੇ ਸੁਰਿੰਦਰ ਸ਼ਰਮਾ ਨਾਗਰਾ ਨੇ ਸੰਕੀਰਣਤਾ ਤੋਂ ਬਚਣ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਸੰਤ ਸਿੰਘ ਬੀਹਲਾ ਨੇ ਗੁਰਬਾਣੀ ਹਵਾਲੇ ਨਾਲ ਗਿਆਨ ਹੰਕਾਰ ਦੇ ਨਕਾਰਾਤਮਕ ਪਹਿਲੂਆਂ ਨੂੰ ਦਰਸਾਇਆ। ਜੋਰਾ ਸਿੰਘ ਮੰਡੇਰ ਨੇ ਕਿਹਾ ਕਿ ਪ੍ਰਵਾਸ ਨੇ ਪੰਜਾਬ ਨੂੰ ਉਜਾੜ ਕੇ ਰੱਖ ਦਿੱਤਾ ਹੈ। ਅਨੋਖ ਸਿੰਘ ਵਿਰਕ, ਜਗਦੀਪ ਸਿੰਘ ਗੰਧਾਰਾ, ਗੁਲਜ਼ਾਰ ਸਿੰਘ, ਗੁਰਨਾਮ ਸਿੰਘ, ਰਣਜੀਤ ਆਜ਼ਾਦ ਕਾਂਝਲਾ, ਸ਼ੇਰ ਸਿੰਘ, ਡਾ. ਰਾਕੇਸ਼ ਸ਼ਰਮਾ ਨੇ ਵੀ ਚਰਚਾ ਵਿਚ ਭਾਗ ਲਿਆ। ਪਵਨ ਹਰਚੰਦਪੁਰੀ ਦਾ ਇਹ ਮੰਨਣਾ ਸੀ ਕਿ ਲੇਖਕਾਂ ਨੂੰ ਸਾਡੇ ਗੁਰਮਤਿ ਸਾਹਿਤ ਅਤੇ ਪੂਰਬੀ ਫ਼ਲਸਫ਼ੇ ਤੋਂ ਸੇਧ ਲੈ ਕੇ ਉਸਾਰੂ ਰਚਨਾ ਕਰਨੀ ਚਾਹੀਦੀ ਹੈ। ਡਾ. ਭਗਵੰਤ ਸਿੰਘ ਨੇ ਸਾਹਿਤ ਵਿਚ ਉਲਾਰੂ ਪ੍ਰਵਿਰਤੀ ਦੇ ਮਾੜੇ ਰੁਝਾਨਾ ਬਾਰੇ ਕਿਹਾ ਕਿ ਸਾਨੂੰ ਪੂਰਬੀ ਦਰਸ਼ਨ ਅਨੁਸਾਰ ਮਾਡਲ ਦਾ ਅਨੁਸਰਨ ਕਰਨਾ ਚਾਹੀਦਾ ਹੈ। ਇਸ ਮੌਕੇ ਡਾ. ਤੇਜਵੰਤ ਮਾਨ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਅਜਿਹੀਆਂ ਸਾਰਥਕ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਾਹਿਤ ਨੂੰ ਸਾਪੇਖੀ ਹੋਣਾ ਲਾਜ਼ਮੀ ਹੈ ਤਾਂ ਹੀ ਸਮਾਜ ਅਜੋਕੀਆਂ ਵਿਸੰਗਤੀਆਂ ਤੋਂ ਉਭਰ ਸਕੇਗਾ। ਡਾ. ਰਾਕੇਸ਼ ਸ਼ਰਮਾ ਨੇ ਪੁਰਖਲੂਸ ਅੰਦਾਜ਼ ਵਿਚ ਗਜ਼ਲ ਗਾ ਕੇ ਗੋਸ਼ਟੀ ਨੂੰ ਰਸਮਈ ਬਣਾ ਦਿੱਤਾ।

# ਗਲਾਡਾ ਵੱਲੋਂ ਮਿਸਿੰਗ ਲਿੰਕ ਰੋਡ ਦੇ ਨਜਾਇਜ਼ ਕਬਜ਼ਿਆਂ 'ਤੇ ਕਾਰਵਾਈ



**ਲੁਧਿਆਣਾ (ਰਾਜ ਸਿੰਗਲਾ)**- ਮੁੱਖ ਪ੍ਰਸ਼ਾਸ਼ਕ ਗਲਾਡਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵੱਡੀ ਕਾਰਵਾਈ ਕਰਦਿਆਂ ਗਲਾਡਾ ਟੀਮ ਵੱਲੋਂ ਢੰਡਾਰੀ ਕਲਾਂ ਵਿਖੇ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾਇਆ ਗਿਆ।ਮੁੱਖ ਪ੍ਰਸ਼ਾਸਕ ਗਲਾਡਾ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਸ਼ਿਕਾਇਤ ਮਿਲੀ ਸੀ ਜਿਸ 'ਤੇ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਮਿਸਿੰਗ ਲਿੰਕ-2 ਰੋਡ ਫਿਰੋਜ਼ਪੁਰ ਰੋਡ ਲੁਧਿਆਣਾ ਤੋਂ ਮਲੇਰਕੋਟਲਾ ਰੋਡ ਨੂੰ ਜੋੜਨ ਵਾਲੀ ਸੜਕ ਦੀ ਉਸਾਰੀ ਜਿਸ ਦੀ ਲੰਬਾਈ ਕਰੀਬ 10 ਕਿਲੋਮੀਟਰ ਹੈ, 'ਤੇ ਕੁੱਝ ਵਿਅਕਤੀਆਂ ਵੱਲੋਂ ਨਜਾਇਜ਼ ਕਬਜ਼ੇ ਕੀਤੇ ਹੋਏ ਸਨ।ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਜਨਤਾ ਦੀ ਸਹੂਲਤ ਅਤੇ ਸ਼ਹਿਰ ਦੀ ਟਰੈਫਿਕ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਮਿਸਿੰਗ ਲਿੰਕ-2 ਰੋਡ (ਫਿਰੋਜ਼ਪੁਰ ਰੋਡ ਤੋਂ ਮਲੇਰਕੋਟਲਾ ਰੋਡ) ਤੱਕ ਦੀ ਉਸਾਰੀ ਕੀਤੀ ਜਾਣੀ ਹੈ।ਗਲਾਡਾ ਅਧਿਕਾਰੀਆਂ ਵੱਲੋਂ ਮੌਕੇ 'ਤੇ ਪਹੁੰਚ ਕੇ ਪੁਲਸ ਸਹਾਇਤਾ ਨਾਲ ਨਜਾਇਜ ਕਬਜ਼ੇ ਖਾਲੀ ਕਰਵਾਏ ਗਏ। ਮੁੱਖ ਪ੍ਰਸ਼ਾਸ਼ਕ ਗਲਾਡਾ ਨੇ ਦੱਸਿਆ ਕਿ ਮਲੇਰਕੋਟਲਾ ਰੋਡ ਤੱਕ ਸੜਕ ਦੀ ਉਸਾਰੀ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਰੇਲਵੇ ਬ੍ਰਿਜ ਦਾ ਕੰਮ ਵੀ ਰੇਲਵੇ ਵਿਭਾਗ ਵੱਲੋਂ ਜਲਦ ਮੁਕੰਮਲ ਕਰ ਲਿਆ ਜਾਵੇਗਾ, ਉਪਰੰਤ ਇਹ ਸੜਕ ਆਵਾਜਾਈ ਲਈ ਸਮਰਪਤ ਕਰ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਢੰਡਾਰੀ ਕਲਾਂ ਵਿਖੇ ਐਚ.ਆਈ.ਜੀ. ਮਕਾਨ ਨੂੰ ਵੀ ਨਜਾਇਜ਼ ਕਬਜ਼ੇ ਤੋਂ ਮੁਕਤ ਕਰਵਾਇਆ ਗਿਆ ਹੈ। ਇਸ ਸਬੰਧੀ ਅਸਟੇਟ ਅਫ਼ਸਰ ਅਮਨ ਗੁਪਤਾ ਨੇ ਦੱਸਿਆ ਕਿ ਇੱਕ ਸ਼ਿਕਾਇਤ ਦੇ ਆਧਾਰ 'ਤੇ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਇਸ ਮੌਕੇ ਸੂਰਜ ਮੰਨਚੰਦਾ, ਐਸ.ਡੀ.ਈ. ਵਰਿੰਦਰ ਸਿੰਘ, ਜੂਨੀਅਰ ਇੰਜੀਨੀਅਰ ਅਤੇ ਗਲਾਡਾ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਜੋਤੀ ਦੇ ਵਰਿੰਦਾਵਨ 'ਚ ਲੱਡੂ ਗੋਪਾਲ ਨੂੰ ਵਰ ਚੁਣਨ ਦੇ ਚਾਰੇ ਪਾਸੇ ਚਰਚੇ



**ਸਿਰਸਾ (ਸੁਰਿੰਦਰ ਪਾਲ ਸਿੰਘ)** ਜੋਤੀ ਦਾ ਵਰਿੰਦਾਵਨ ਵਿੱਚ ਹੋਇਆ ਅਨੋਖਾ ਵਿਆਹ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।ਜੋਤੀ ਪੇਸ਼ੇ ਤੋਂ ਨਰਸ ਹੈ, ਜੋ ਪਿਛਲੇ ਇੱਕ ਸਾਲ ਤੋਂ ਵ੍ਰਿੰਦਾਵਨ ਵਿੱਚ ਰਹਿਕੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਪੂਜਾ ਕਰ ਰਹੀ ਹੈ।ਦਰਅਸਲ ਜੋਤੀ ਨੇ ਹੁਣ ਆਪਣੇ ਪਿਆਰੇ ਲੱਡੂ ਗੋਪਾਲ ਨਾਲ ਵਿਆਹ ਕਰਾ ਲਿਆ ਹੈ। ਜੋਤੀ ਦੇ ਵਿਆਹ ਵਿੱਚ ਸ਼ਾਨਦਾਰ ਜਲੂਸ ਨਿਕਲਿਆ ਤੇ ਉਸਦੇ ਸੁੰਦਰ ਲਾੜੇ ਨੂੰ ਦੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੋਈ ਤੇ ਵਿਆਹ ਦੀਆਂ ਸਾਰੀਆਂ ਰਸਮਾਂ ਸ਼੍ਰੀ ਧਾਮ ਵ੍ਰਿੰਦਾਵਨ ਵਿੱਚ ਨਿਭਾਈਆਂ ਗਈਆਂ। 34 ਸਾਲਾਂ ਦੀ ਜੋਤੀ ਭਦਵਾਜ ਆਪਣੇ ਵਿਆਹੁਤਾ ਜੀਵਨ ਤੋਂ ਤੰਗ ਆ ਗਈ ਸੀ, ਜਿਸਤੋਂ ਬਾਅਦ ਉਸਨੇ ਭਗਵਾਨ ਕ੍ਰਿਸ਼ਨ ਨੂੰ ਆਪਣਾ ਪਤੀ ਚੁਣਿਆ।ਜੋਤੀ ਆਪਣੇ ਪਿਤਾ ਵਿਵੇਕਾਨੰਦ ਤੇ ਮਾਂ ਨਾਲ ਵ੍ਰਿੰਦਾਵਨ ਵਿੱਚ ਰਹਿੰਦੀ ਹੈ ਤੇ ਉਹ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਪਰਮ ਭਗਤ ਹੈ। ਜਦੋਂ ਉਸਨੇ ਆਪਣਾ ਵਿਆਹ ਲੱਡੂ ਗੋਪਾਲ ਨਾਲ ਕਰਾਇਆ ਤਾ ਵਿਆਹ ਵੇਲੇ ਉਸ ਦੇ ਗੁਰੂ ਡਾ. ਗੌਤਮ ਨੇ ਉਸਨੂੰ ਧੀ ਦੇ ਰੂਪ ਵਿੱਚ ਵਿਆਹ ਦਿੱਤਾ ਤੇ ਲੱਡੂ ਗੋਪਾਲ ਤੇ ਜੋਤੀ ਦੇ ਵਿਆਹ ਵਿੱਚ ਸਾਰੀਆਂ ਰਸਮਾਂ ਆਮ ਵਿਆਹ ਵਾਂਗ ਹੀ ਨਿਭਾਈਆਂ ਗਈਆਂ।ਵਿਆਹ ਲਈ ਜੋਤੀ ਮੀਰਾ ਬਣ ਗਈ ਤੇ ਵ੍ਰਿੰਦਾਵਨ ਦੇ ਛੇ ਚੋਟੀਆਂ ਤੇ ਸਥਿਤ ਹਰੇ ਕ੍ਰਿਸ਼ਨ ਧਾਮ ਸੁਸਾਇਟੀ ਵੀ ਪਹੁੰਚੀ।


YES BANK
Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED. B-XX 2427 – 928, 1st Floor, Gobind Nagar, Ferozepur Road, Ludhiana – 141001.
Branch Office : SCO No 129-130, 2nd floor Sector 9-C, Madhya Marg, Chandigarh -160009. website: www.yesbank.in

## ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ/(ਗਰੰਟਰਾਂ)/ਨਿਰਦੇਸ਼ਕਾਂ/ਗਿਰਵੀਕਾਰ (ਗਿਰਵੀਕਾਰਾਂ), ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ 'ਐੱਸਟ ਕਲਾਸੀਫਿਕੇਸ਼ਨ ਗਾਈਡਲਾਈਨਜ਼' ਦੀਆਂ ਸ਼ਰਤਾਂ ਤੋਂ ਬਾਹਰੀ ਹੋਣ ਕਾਰਨ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰ/ ਗਰੰਟਰ (ਗਰੰਟਰਾਂ)/ਸਕਿਊਰਟੀ ਪ੍ਰੋਵਾਈਡਰ/ਪ੍ਰੋਵਾਈਡਰਾਂ ਦੇ ਨਾਂਅ | ਜਾਇਦਾਦਾਂ ਦੇ ਵੇਰਵੇ/ਕਬਜ਼ੇ 'ਚ ਲਏ ਜਾਣ ਵਾਲੇ ਸਕਿਉਰਡ ਐੱਸਟਸ ਦਾ ਪਤਾ ਅਤੇ ਗਿਰਵੀਕਾਰ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. ਡਿੰਪਲ ਕੁਮਾਰ ਪੁੱਤਰ ਚਮਨ ਲਾਲ, ਪਤਾ : ਪਿੰਡ ਗੜ੍ਹਾ, ਫਿਲੌਰ ਅਤੇ ਜ਼ਿਲ੍ਹਾ ਜਲੰਧਰ-144410 ("ਕਰਜ਼ਦਾਰ") 2. ਕੁਸ਼ਲੀਆ ਦੇਵੀ ਪਤਨੀ ਚਮਨ ਲਾਲ ਪਤਾ : ਪਿੰਡ ਗੜ੍ਹਾ, ਫਿਲੌਰ ਅਤੇ ਜ਼ਿਲ੍ਹਾ ਜਲੰਧਰ-144410 ("ਸਹਿ-ਕਰਜ਼ਦਾਰ ਅਤੇ ਗਿਰਵੀਕਾਰ") | ਪਿੰਡ ਗੜ੍ਹਾ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੀ ਜਮ੍ਹਾਂਬੰਦੀ ਵਾਸਤੇ ਸਾਲ 2018-2019 ਅਨੁਸਾਰ ਖਾਤਾ ਨੰ. 23/30, 24/31, ਖਸਰਾ ਨੰ. 6//15/1, 6//14/2 ਵਿੱਚ ਸ਼ਾਮਲ ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : (ਸਥਾਨ ਅਨੁਸਾਰ) : ਉੱਤਰ : ਗਲੀ 70'0", ਦੱਖਣ : ਖਾਲੀ ਪਲਾਟ 70'0", ਪੂਰਬ : ਗਲੀ 30'0", ਪੱਛਮ : ਖਾਲੀ ਪਲਾਟ 30' ਗਿਰਵੀਕਾਰ : ਕੁਸ਼ਲੀਆ ਦੇਵੀ ਪਤਨੀ ਚਮਨ ਲਾਲ। | 06 ਫਰਵਰੀ 2025 | 01 ਦਸੰਬਰ 2024 | 06.02.2025 ਨੂੰ ਰੁਪਏ 18,80,399.68 |
| 1. ਅਮਨਦੀਪ ਸਿੰਘ ਪੁੱਤਰ ਜਸਵੰਤ ਸਿੰਘ ਪਤਾ : ਪਿੰਡ ਡੱਲਾ, ਭਾਲੋਵਾਲ, ਜਲੰਧਰ-144039 ("ਕਰਜ਼ਦਾਰ ਅਤੇ ਗਿਰਵੀਕਾਰ") 2. ਵਰਿੰਦਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਪਤਾ : ਪਿੰਡ ਡੱਲਾ, ਭਾਲੋਵਾਲ, ਜਲੰਧਰ-144039 ("ਸਹਿ-ਕਰਜ਼ਦਾਰ") 3. ਜਸਵੰਤ ਸਿੰਘ ਪੁੱਤਰ ਕਰਤਾਰ ਸਿੰਘ ਪਤਾ: ਪਿੰਡ ਡੱਲਾ, ਭਾਲੋਵਾਲ, ਜਲੰਧਰ-144039 ("ਸਹਿ-ਕਰਜ਼ਦਾਰ") 4. ਹਰਵਿੰਦਰ ਕੌਰ ਮਾਰਫਤ ਵਰਿੰਦਰਜੀਤ ਸਿੰਘ ਪਤਾ: ਪਿੰਡ ਡੱਲਾ, ਭਾਲੋਵਾਲ, ਜਲੰਧਰ-144039 ("ਸਹਿ-ਕਰਜ਼ਦਾਰ") | ਵਾਕਿਆ ਪ੍ਰੋਫੈਸਰ ਕਾਲੋਨੀ ਨੂਰਮਹਿਲ ਹੱਦਬਸਤ ਨੰ. 64 ਫਿਲੌਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਾਤਾ ਨੰ. 1038/1256 ਕਿਲਾ ਨੰ. 56//10/3 (2-13), 11/1 (4-0), 20/5 (4-0), 21/1 (3-16), 57//6 (6-9), 7 (2-18), 14 (3-16), 15 (7-12), 16/2 (5-13), 7/1 (3-5), 25/3 (4-18), 25 (7-4), 26 (2-2), 61//4/2 (3-17), 5 (8-17), 62//1 (8-0), 0 (2-18) 'ਚ ਸ਼ਾਮਲ ਕੁੱਲ ਰਕਬਾ 81 ਕਨਾਲ 19 ਮਰਲੇ ਵਿੱਚੋਂ ਗੈਰ-ਖੇਤੀਬਾੜੀ ਜਾਇਦਾਦ ਰਕਬਾ 1 ਕਨਾਲ 3 ਸਰਸਾਈ ਦੇ ਸਾਰੇ ਹਿੱਸੇ। ਹੱਦਾਂ : ਉੱਤਰ : ਰਸਤਾ, ਦੱਖਣ : ਹੋਰ ਮਾਲਕ, ਪੂਰਬ : ਪਲਾਟ ਕੁਲਵੀਰ ਸਿੰਘ, ਪੱਛਮ : ਰਸਤਾ। ਗਿਰਵੀਕਾਰ : ਅਮਨਦੀਪ ਸਿੰਘ ਪੁੱਤਰ ਜਸਵੰਤ ਸਿੰਘ | 06 ਫਰਵਰੀ 2025 | 13 ਸਤੰਬਰ 2024 | 06.02.2025 ਨੂੰ ਰੁਪਏ 17,16,199.74 |
| 1. ਰੁਪਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪਤਾ : ਕੋਹਰਾ -ਸਾਹਨੇਵਾਲ ਰੋਡ (ਸਰਵਿਸ ਰੋਡ) ਸਾਹਮਣੇ ਰੇਲਵੇ ਪੁਲ, ਮੇਨ ਮਾਰਕੀਟ ਸਾਹਨੇਵਾਲ, ਪਿੰਡ ਨੰਦਪੁਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ। ਵਿਖੇ ਵੀ : ਮਕਾਨ ਨੰ. ਬੀ-1/266 ਕੋਹਾੜਾ ਰੋਡ, ਸਾਹਨੇਵਾਲ ਕਲਾਂ, ਲੁਧਿਆਣਾ, ਪੰਜਾਬ-141120 ("ਕਰਜ਼ਦਾਰ") 2. ਹਰਜਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪਤਾ : ਮਕਾਨ ਨੰ. ਬੀ-1/266, ਨੇੜੇ ਗੁਰਦੁਆਰਾ ਰਵਿਦਾਸ, ਕੋਹਾੜਾ ਰੋਡ, ਸਾਹਨੇਵਾਲ ਖੁਰਦ, ਸਾਹਨੇਵਾਲ, ਲੁਧਿਆਣਾ, ਪੰਜਾਬ-141120 ("ਸਹਿ-ਕਰਜ਼ਦਾਰ") 3. ਗੁਰਦੇਵ ਸਿੰਘ ਪੁੱਤਰ ਗੁਰਨਾਮ ਸਿੰਘ ਪਤਾ : ਕੋਹਾੜਾ ਰੋਡ, ਨੰਦਪੁਰ, ਸਾਹਨੇਵਾਲ, ਲੁਧਿਆਣਾ, ਪੰਜਾਬ-141120 ("ਸਹਿ-ਕਰਜ਼ਦਾਰ ਅਤੇ ਗਿਰਵੀਕਾਰ") 4. ਸੁਰਜੀਤ ਕੌਰ ਪਤਨੀ ਗੁਰਦੇਵ ਸਿੰਘ ਪਤਾ: ਮਕਾਨ ਨੰ. ਬੀ-1/266, ਸਾਹਮਣੇ ਗੁਰਦੁਆਰਾ ਰਵਿਦਾਸ ਜੀ, ਕੋਹਾੜਾ ਰੋਡ, ਸਾਹਨੇਵਾਲ, ਸਾਹਨੇਵਾਲ ਕਲਾਂ, ਲੁਧਿਆਣਾ, ਪੰਜਾਬ-141120 ("ਸਹਿ-ਕਰਜ਼ਦਾਰ ਅਤੇ ਗਿਰਵੀਕਾਰ") | ਪਿੰਡ ਨੰਦਪੁਰ ਹੱਦਬਸਤ ਨੰ. 233, ਤਹਿਸੀਲ ਸਾਹਨੇਵਾਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ ਵਾਸਤੇ ਸਾਲ 2013-2014 ਅਨੁਸਾਰ ਖਾਤਾ ਨੰ. 362/408 ਖਸਰਾ ਨੰ. 355 ਵਿੱਚ ਸ਼ਾਮਲ ਨੰਦਪੁਰ ਵਿਖੇ ਸਥਿਤ ਗੈਰ-ਖੇਤੀਬਾੜੀ ਜਾਇਦਾਦ ਰਕਬਾ 120 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ : ਉੱਤਰ : ਰਾਮ ਕਰਨ 60', ਦੱਖਣ : ਬਲਵਿੰਦਰ ਕੌਰ 60', ਪੂਰਬ : ਕੋਹਾੜਾ ਰੋਡ 15' 18", ਪੱਛਮ : ਗਲੀ 17'6" ਚੌੜੀ। ਗਿਰਵੀਕਾਰ : ਗੁਰਦੇਵ ਸਿੰਘ ਪੁੱਤਰ ਗੁਰਨਾਮ ਸਿੰਘ ਅਤੇ ਸੁਰਜੀਤ ਕੌਰ ਪਤਨੀ ਗੁਰਦੇਵ ਸਿੰਘ | 06 ਫਰਵਰੀ 2025 | 06 ਨਵੰਬਰ 2024 | 06.02.2025 ਨੂੰ ਰੁਪਏ 42,19,384.86 |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ(ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਸਰਫੇਸੀ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 18-02-2025, ਸਥਾਨ : ਪੰਜਾਬ
ਸਹੀ/- ਅਧਿਕਾਰਤ ਅਫਸਰ, ਵਾਸਤੇ ਯੈੱਸ ਬੈਂਕ ਲਿਮਟਿਡ

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਮੁੱਖ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ



**ਫ਼ਗਵਾੜਾ (ਡਾ. ਰਮਨ, ਢੱਡਾ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਵਰਗ ਦੀਆਂ ਮੰਗਾਂ ਸਬੰਧੀ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸੇ ਸੰਘਰਸ਼ ਦੀ ਲੜੀ ਤਹਿਤ ਮੋਹਣ ਸਿੰਘ ਭੱਟੀ, ਹੰਸ ਰਾਜ ਬੰਗੜ,ਗੁਰਮੁਖ ਲੋਕ ਪ੍ਰੇਮੀ,ਜਸਵੀਰ ਸਿੰਘ ਸੈਣੀ ਆਦਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਫਗਵਾੜਾ ਦੀ ਅਗਵਾਈ ਵਿੱਚ ਮੁੱਖ ਮੰਤਰੀ ਦੇ ਨਾਂਅ 'ਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਗੈਰ ਮੌਜੂਦਗੀ ਵਿੱਚ ਉਹਨਾਂ ਦੇ ਪੀ.ਏ. ਅਮਰਿੰਦਰ ਸਿੰਘ ਨੂੰ ਮੰਗ ਸੌਂਪਦੇ ਹੋਏ ਬੇਨਤੀ ਕੀਤੀ ਗਈ ਕਿ ਇਕੱਲਾ ਮੁੱਖ ਮੰਤਰੀ ਪੰਜਾਬ ਦੇ ਨਾਂਅ 'ਤੇ ਪੱਤਰ ਹੀ ਨਹੀਂ ਭੇਜਣਾ ਸਗੋਂ ਸਾਂਝਾ ਫਰੰਟ ਦੇ ਆਗੂਆਂ ਵਲੋਂ ਵਿਧਾਇਕ ਨੂੰ ਬੇਨਤੀ ਕਰਨੀ ਹੈ ਕਿ ਉਪਰੋਕਤ ਮੰਗਾਂ ਸਬੰਧੀ ਵਿਧਾਨ ਸਭਾ ਵਿੱਚ ਜ਼ੋਰਦਾਰ ਆਵਾਜ਼ ਉਠਾ ਕੇ ਆਪਣਾ ਬਣਦਾ ਵਿਰੋਧੀ ਧਿਰ ਦਾ ਰੋਲ ਵੀ ਨਿਭਾਉਣ। ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸਾਬਕਾ ਸੂਬਾਈ ਆਗੂਆਂ ਕਰਨੈਲ ਸਿੰਘ ਸੰਧੂ, ਗਿਆਨ ਚੰਦ ਨਈਅਰ ਅਤੇ ਪ.ਸ.ਸ.ਫ.ਦੇ ਆਗੂ ਨਿਰਮੋਲਕ ਸਿੰਘ ਹੀਰਾ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁਲਾਜ਼ਮ ਮੰਗਾਂ ਸਬੰਧੀ ਗੱਲਬਾਤ ਤੋਂ ਟਾਲ ਮਟੋਲ ਕਰਦੇ ਹੋਏ ਮੀਟਿੰਗ ਦੀ ਮਿਤੀ ਵਾਰ ਵਾਰ ਅੱਗੇ ਕੀਤੀ ਗਈ।ਮੁਲਾਜ਼ਮ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ ਨਹੀਂ ਤਾਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀ ਵਿਰੁੱਧ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ। ਇਸ ਸਮੇਂ ਕੁਲਦੀਪ ਸਿੰਘ ਕੌੜਾ, ਡਾ.ਤਰਲੋਕ ਸਿੰਘ, ਸੀਤਲ ਰਾਮ ਬੰਗਾ, ਹਰਜਿੰਦਰ ਨਿਆਣਾ, ਸਵਰਨ ਸਿੰਘ ਫ਼ੌਜੀ, ਸਤਪਾਲ ਸਿੰਘ ਖੱਟਕੜ, ਬਲਵੀਰ ਸਿੰਘ, ਪ੍ਰਮੋਦ ਕੁਮਾਰ ਜੋਸ਼ੀ, ਸੁਰਜੀਤ ਸਿੰਘ ਮਾਹੀ, ਕੇ ਕੇ ਪਾਂਡੇ, ਗੁਰਮੇਲ ਸਿੰਘ, ਹਰਭਜਨ ਲਾਲ ਕੌਲ, ਮਨਜੀਤ ਕੌਰ, ਕਮਲਜੀਤ ਕੌਰ, ਬਲਵੀਰ ਕੌਰ, ਸੁਨੀਤਾ, ਮੀਨਾ ਕੁਮਾਰੀ, ਸੀਮਾ ਰਾਣੀ, ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

# ਦਫ਼ਤਰੀ ਕਾਮਿਆਂ ਵੱਲੋਂ ਭਲਕੇ ਸਿੱਖਿਆ ਭਵਨ ਦਾ ਘਿਰਾਓ ਕਰਨ ਦਾ ਐਲਾਨ

**ਜਲੰਧਰ ( ਰਾਜੇਸ਼ ਥਾਪਾ)**

ਮੁੱਖ ਮੰਤਰੀ ਅਤੇ ਕੈਬਨਿਟ ਸਬ ਕਮੇਟੀ ਵੱਲੋਂ ਵਾਰ ਵਾਰ ਸੂਬੇ ਦੀ ਅਫ਼ਸਰਸ਼ਾਹੀ ਨੂੰ ਹੁਕਮ ਕਰਨ ਦੇ ਬਾਵਜੂਦ ਵੀ ਮੁਲਾਜ਼ਮਾਂ ਦੇ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਦਫ਼ਤਰੀ ਕਾਮਿਆਂ ਵੱਲੋਂ 21 ਫਰਵਰੀ ਨੂੰ ਸਿੱਖਿਆ ਭਵਨ ਦਾ ਘਿਰਾਓ ਕਰਨ ਦੇ ਨਾਲ ਗੇਟ ਬੰਦ ਕਰਕੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕਰ ਦਿੱਤਾ ਹੈ।ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਕ੍ਰਮਵਾਰ 14 ਮਾਰਚ 2024, 06 ਨਵੰਬਰ 2024, 09 ਦਸੰਬਰ 2024 ਅਤੇ 26 ਦਸੰਬਰ 2024 ਨੂੰ ਹੋਈਆਂ ਮੀਟਿੰਗਾਂ ਵਿੱਚ ਮੰਗਾਂ ਨੂੰ ਤੁਰੰਤ ਨਿਬੇੜਨ ਦੇ ਆਦੇਸ਼ ਦਿੱਤੇ ਪਰ ਅੱਜ ਤੱਕ ਮੰਗਾਂ ਦੀ ਸਥਿਤੀ ਜਿਓਂ ਦੀ ਤਿਉਂ ਬਣੀ ਹੋਈ ਹੈ।ਆਗੂਆਂ ਨੇ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਮੀਟਿੰਗਾਂ ਕਰਕੇ ਮੁਲਾਜ਼ਮਾਂ ਦੇ ਮਸਲੇ ਨਿਬੇੜਨ ਦੇ ਯਤਨ 'ਚ ਹੈ ਅਤੇ ਦੂਜੇ ਪਾਸੇ ਅਫਸਰਸ਼ਾਹੀ ਮੁਲਾਜ਼ਮਾਂ ਦਾ ਸ਼ੋਸ਼ਣ ਕਰਨ 'ਤੇ ਉਤਾਰੂ ਹੈ।ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂਆਂ ਕੁਲਦੀਪ, ਜਗਮੋਹਨ, ਚਮਕੌਰ,ਪ੍ਰਵੀਨ ਸ਼ਰਮਾ, ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਾਜੀਵ ਸ਼ਰਮਾ ਨੇ ਐਲਾਨ ਕੀਤਾ ਕਿ ਸਰਕਾਰ ਹਮੇਸ਼ਾ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੋਣ ਦਾ ਦਾਅਵਾ ਕਰਦੀ ਹੈ ਪਰ ਕਿਤੇ ਨਾ ਕਿਤੇ ਅਫ਼ਸਰਸ਼ਾਹੀ ਵੱਲੋਂ ਮਸਲਿਆਂ ਨੂੰ ਉਲਝਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜਦੋਂ ਸਰਕਾਰ ਬਣੀ ਸੀ ਤਾਂ ਸਰਕਾਰ ਦਾ ਏਜੰਡਾ ਸੀ ਕਿ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ 'ਤੇ ਪੱਕਾ ਕੀਤਾ ਜਾਵੇਗਾ। ਸਰਕਾਰ ਦੇ ਕਾਰਜਕਾਲ ਨੂੰ ਤਕਰੀਬਨ 3 ਸਾਲ ਦਾ ਸਮਾਂ ਲੰਘ ਚੁੱਕਿਆ ਹੈ, ਪਰ ਅਜੇ ਵੀ ਦਫ਼ਤਰੀ ਕਾਮਿਆਂ ਨੂੰ ਪੱਕਾ ਕਰਨ ਸਬੰਧੀ ਕੋਈ ਵੀ ਠੋਸ ਫੈਸਲਾ ਨਹੀਂ ਲਿਆ ਜਾ ਰਿਹਾ ਜਿਸ ਕਰਕੇ ਮੁਲਾਜ਼ਮਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ।ਮੁਲਾਜ਼ਮ ਆਗੂਆਂ ਨੇ ਕਿਹਾ ਕਿ ਜੇਕਰ 20 ਫ਼ਰਵਰੀ ਨੂੰ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਵਿੱਚ ਮੰਗਾਂ ਦਾ ਹੱਲ ਨਹੀਂ ਹੁੰਦਾ ਤਾਂ ਮੰਗਾਂ ਪ੍ਰਤੀ ਲਗਾਤਾਰ ਅਪਣਾਈ ਜਾ ਰਹੀ ਟਾਲਮਟੋਲ ਦੀ ਨੀਤੀ ਵਿਰੁੱਧ ਮੁਲਾਜ਼ਮ 21 ਫਰਵਰੀ ਨੂੰ ਸਿੱਖਿਆ ਭਵਨ ਮੋਹਾਲੀ ਦੇ ਗੇਟ ਬੰਦ ਕਰਕੇ ਮਸਲੇ ਹੱਲ ਹੋਣ ਤੱਕ ਦਿਨ ਰਾਤ ਉੱਥੇ ਹੀ ਬੈਠਣਗੇ ਅਤੇ ਗੁਪਤ ਐਕਸ਼ਨ ਕਰਨ ਲਈ ਮਜ਼ਬੂਰ ਹੋਣਗੇ।



# ਵਿਦਿਆਰਥੀਆਂ ਦੀ ਦਿੱਲੀ ਪੁਲਸ ਵੱਲੋਂ ਕੁੱਟਮਾਰ ਕਰਨ ਦੀ ਪੀ ਐੱਸ ਯੂ ਵੱਲੋਂ ਨਿਖੇਧੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਭਗਤ ਸਿੰਘ ਛਾਤਰਾ ਏਕਤਾ ਮੰਚ ਦੇ ਵਿਦਿਆਰਥੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ , ਝੂਠੇ ਪਰਚੇ ਦਰਜ ਕਰਨ ਅਤੇ ਉਨ੍ਹਾਂ ਦੀ ਪੁਲਿਸ ਕਸਟੱਡੀ 'ਚ ਕੁੱਟਮਾਰ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਦੋਸ਼ੀ ਪੁਲਿਸ ਅਧਿਕਾਰੀਆਂ 'ਤੇ ਸਖਤ ਕਾਰਵਾਈਕੀਤੀ ਜਾਵੇ ਅਤੇ ਝੂਠੇ ਪਰਚੇ ਰੱਦ ਕੀਤੇ ਜਾਣ।ਇਸ ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਵਿਦਿਆਰਥੀ ਕੇਂਦਰ ਸਰਕਾਰ ਦੀਆਂ ਫਾਸ਼ੀਵਾਦੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਖ਼ਿਲਾਫ਼ ਕੰਧਾਂ 'ਤੇ ਨਾਅਰੇ ਲਿਖ ਕੇ ਆਪਣਾ ਵਿਰੋਧ ਦਰਜ ਕਰਾ ਰਹੇ ਸਨ। ਜਦੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।ਆਗੂਆਂ ਕਿਹਾ ਕਿ ਬੋਲਣ ਲਿਖਣ ਦੇ ਸੰਵਿਧਾਨਕ ਅਧਿਕਾਰ ਨੂੰ ਕੇਂਦਰ ਅਤੇ ਕੇਂਦਰੀ ਏਜੰਸੀਆਂ ਕੁਚਲ ਦੇਣਾ ਚਾਹੁੰਦੀਆਂ ਹਨ। ਹਰ ਸੱਤਾ ਵਿਰੋਧੀ ਅਵਾਜ ਨੂੰ ਦਬਾ ਦੇਣਾ ਚਾਹੁੰਦੇ ਹਨ।ਯੂਨੀਅਨ ਮੰਗ ਕਰਦੀ ਹੈ ਆਦਿਵਾਸੀਆਂ ਤੇ ਹਰ ਨਾਗਰਿਕ ਦੇ ਅਧਿਕਾਰ ਸੁਰੱਖਿਅਤ ਕੀਤੇ ਜਾਣ ਅਤੇ ਜਾਮੀਆ ਇਸਲਾਮੀਆ ਯੂਨੀਵਰਸਿਟੀ ਵਿਦਿਆਰਥੀਆਂ ਦੇ ਸੰਘਰਸ਼ ਨੂੰ ਕੇਂਦਰ ਧੱਕੇ ਨਾਲ ਦਬਾਉਣਾ ਬੰਦ ਕਰੇ।

## 258 ਗ੍ਰਾਮ ਹੈਰੋਇਨ ਸਮੇਤ ਕਾਬੂ

**ਜਲੰਧਰ (ਸ਼ੈਲੀ ਐਲਬਰਟ)**- ਪੁਲਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਹੈਰੋਇਨ ਦੀ ਤਸਕਰੀ ਕਰਨ ਵਾਲੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਇੱਕ ਇਤਲਾਹ 'ਤੇ ਪਿੰਡ ਕਾਕੀ ਗੁਰਦੁਆਰਾ ਸਾਹਿਬ, ਜਲੰਧਰ ਨੇੜੇ ਜਾਲ ਵਿਛਾਇਆ ਸੀ।ਚੈਕਿੰਗ ਦੌਰਾਨ ਪੁਲਿਸ ਨੇ ਰਾਜਪਾਲ ਉਰਫ਼ ਪਾਲੀ ਪੁੱਤਰ ਗੁਰਮੀਤਪਾਲ ਵਾਸੀ ਰਵਿਦਾਸ ਕਲੋਨੀ, ਜਲੰਧਰ ਨੂੰ ਰੋਕਿਆ । ਤਲਾਸ਼ੀ ਦੌਰਾਨ ਪੁਲਿਸ ਨੇ 52 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਸਬੰਧੀ ਥਾਣਾ ਰਾਮਾ ਮੰਡੀ, ਜਲੰਧਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਪੁਲਿਸ ਕਮਿਸ਼ਨਰ ਨੇ ਕਿਹਾ ਕਿ ਅੱਗੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਲੀ ਨਸ਼ਾ ਤਸਕਰੀ ਦੇ ਵੱਡੇ ਆਪ੍ਰੇਸ਼ਨ ਵਿੱਚ ਸ਼ਾਮਲ ਸੀ।ਉਸ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਪੁਲਿਸ ਟੀਮ ਨੇ ਪਿੰਡ ਡੱਲਵਾਂ, ਜਲੰਧਰ ਦੇ ਨੇੜੇ ਇਕ ਦੂਰ-ਦੁਰਾਡੇ ਟਿਕਾਣੇ ਤੋਂ 206 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ



# ਸੌਂਦ ਦੇ ਹੁਕਮਾਂ ਤੋਂ ਬਾਅਦ 65,607 ਮਗਨਰੇਗਾ ਦੇ ਨਵੇਂ ਜੌਬ ਕਾਰਡ ਬਣੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਭਰ ਵਿੱਚ ਪਿਛਲੇ ਕਰੀਬ ਡੇਢ ਮਹੀਨੇ ਵਿੱਚ 65,607 ਮਗਨਰੇਗਾ ਦੇ ਨਵੇਂ ਜੌਬ ਕਾਰਡ ਬਣੇ ਹਨ। ਜਨਵਰੀ ਮਹੀਨੇ ਵਿੱਚ ਵਿਭਾਗ ਦੀ ਪਹਿਲੀ ਸਮੀਖਿਆ ਮੀਟਿੰਗ ਦੌਰਾਨ ਸੌਂਦ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਹੁਕਮ ਦਿੱਤੇ ਸਨ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਕੈਂਪ ਲਗਾ ਕੇ ਲੋੜਵੰਦ ਅਤੇ ਬਾਕੀ ਰਹਿੰਦੇ ਲੋਕਾਂ ਦੇ ਮਗਨਰੇਗਾ ਅਧੀਨ ਕਾਰਡ ਤੁਰੰਤ ਬਣਾਏ ਜਾਣ।ਪੰਚਾਇਤ ਮੰਤਰੀ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ ਪੰਜਾਬ ਭਰ ਦੇ ਪਿੰਡਾਂ ਵਿੱਚ 10,533 ਕੈਂਪ ਲਗਾ ਕੇ 65,607 ਨਵੇਂ ਜੌਬ ਕਾਰਡ ਬਣਾਏ ਗਏ ਹਨ। ਇਸ ਵਿੱਚ 2180 ਜੌਬ ਕਾਰਡ ਦਿਵਿਆਂਗ ਲੋਕਾਂ ਦੇ ਵੀ ਹਨ। ਇਸ ਤਰ੍ਹਾਂ ਮੌਜੂਦਾ ਸਮੇਂ ਪੰਜਾਬ ਵਿੱਚ ਮਗਨਰੇਗਾ ਤਹਿਤ ਕੁੱਲ 12 ਲੱਖ 27 ਹਜ਼ਾਰ 603 ਜੌਬ ਕਾਰਡ ਚੱਲ ਰਹੇ ਹਨ।ਸੌਂਦ ਨੇ ਕਿਹਾ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਰੋਜ਼ਗਾਰ ਦੇਣ ਦੇ ਮਕਸਦ ਨਾਲ ਮਗਨਰੇਗਾ ਦੇ ਜੌਬ ਕਾਰਡ ਬਣਾਉਣ ਲਈ ਪਿੰਡਾਂ 'ਚ ਵਿਸ਼ੇਸ਼ ਕੈਂਪ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਇਹ ਪ੍ਰਕਿਰਿਆ ਅੱਗੋਂ ਵੀ ਜਾਰੀ ਰੱਖੀ ਜਾਵੇ ਤਾਂ ਜੋ ਕੋਈ ਵੀ ਲੋੜਵੰਦ ਵਿਅਕਤੀ ਕਾਰਡ ਬਣਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਵਿੱਚ ਹੁਣ ਤੱਕ 2.68 ਕਰੋੜ ਤੋਂ ਜ਼ਿਆਦਾ ਮਨੁੱਖੀ ਦਿਹਾੜੀਆਂ ਪੈਦਾ ਕੀਤੀਆਂ ਗਈਆਂ ਹਨ ਅਤੇ 7 ਲੱਖ ਤੋਂ ਵਧੇਰੇ ਪੇਂਡੂ ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

# ਓਮਾਨ 'ਚੋਂ ਵਤਨ ਪਰਤੀ ਪੀੜਤਾ ਨੇ ਸੁਣਾਈ ਹੱਡਬੀਤੀ



**ਸੁਲਤਾਨਪੁਰ ਲੋਧੀ,**
**(ਬਲਵਿੰਦਰ ਸਿੰਘ ਧਾਲੀਵਾਲ)**

ਅਰਬ ਦੇਸ਼ਾਂ ਦੇ ਵਿੱਚ ਲਗਾਤਾਰ ਦੇਸ਼ ਦੀਆਂ ਧੀਆਂ 'ਤੇ ਤਸ਼ੱਦਦ ਦੇ ਮਾਮਲੇ ਰੁਕਣ ਦਾ ਨਾਂਅ ਨਹੀ ਲੈ ਰਹੇ ਹਨ। ਅਰਬ ਨਾਲ ਸੰਬੰਧਤ ਹੀ ਇੱਕ ਮਾਮਲਾ ਸਾਹਮਣੇ ਜਿਸ ਵਿੱਚ ਜਲੰਧਰ ਜ਼ਿਲ੍ਹੇ ਨਾਲ ਸੰਬੰਧ ਰੱਖਣ ਵਾਲੀ ਇੱਕ ਪੀੜਤਾ ਓਮਾਨ ਵਿੱਚ 2 ਸਾਲ ਦੀ ਨਰਕ ਭਰੀ ਜ਼ਿੰਦਗੀ ਬਤੀਤ ਕਰਕੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਵਾਪਿਸ ਪਹੁੰਚੀ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਸੰਤ ਸੀਚੇਵਾਲ ਦਾ ਧੰਨਵਾਦ ਕਰਨ ਪਹੁੰਚੀ ਇਸ ਪੀੜਤਾ ਨੇ ਦੱਸਿਆ ਕਿ ਇਹ ਉਸਦਾ ਦੂਸਰਾ ਜਨਮ ਹੈ।ਪੀੜਤਾ ਨੇ ਦੱਸਿਆ ਕਿ ਉਹ ਦੋ ਸਾਲ ਪਹਿਲਾਂ ਮਸਕਟ (ਓਮਾਨ) ਦੇ ਵਿੱਚ ਚੰਗੇ ਭਵਿੱਖ ਦੀ ਭਾਲ ਦੇ ਲਈ ਗਈ ਸੀ।ਪਰ ਉੱਥੇ ਜਾ ਕੇ ਜਦੋਂ ਲੜਕੀ ਦੇ ਵੀਜ਼ੇ ਦੀ ਮਿਆਦ ਖਤਮ ਹੋ ਗਈ ਤਾਂ ਉਸਨੂੰ ਪਤਾ ਲੱਗਾ ਕਿ ਉਸ ਨੂੰ ਉੱਥੇ ਕੰਮ ਕਰਨ ਦੇ ਲਈ ਨਹੀਂ ਭੇਜਿਆ ਗਿਆ ਬਲਕਿ ਉਸ ਨੂੰ ਵੇਚ ਦਿੱਤਾ ਗਿਆ ਹੈ।ਉਸਨੇ ਦੱਸਿਆ ਕਿ ਜਿਸ ਜਗ੍ਹਾ ਉਸਨੂੰ ਵੇਚਿਆ ਗਿਆ ਉੱਥੇ ਉਸਦੇ ਨਾਲ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਗਿਆ। ਉਸਨੂੰ ਮਾਰਿਆ ਕੁੱਟਿਆ ਜਾਂਦਾ ਅਤੇ ਉਸਦੇ ਨਾਲ ਧੱਕੇਸ਼ਾਹੀ ਵੀ ਕੀਤੀ ਜਾਂਦੀ ਸੀ। ਉਸਨੇ ਦੱਸਿਆ ਕਿ ਉੱਥੇ ਨਾਲ 50 ਤੋਂ ਵਧੇਰੇ ਹੋਰ ਵੀ ਲੜਕੀਆਂ ਫਸੀਆਂ ਹੋਈਆਂ ਹਨ ਜੋ ਇਸੇ ਹੀ ਤਸ਼ੱਦਦ ਦਾ ਸ਼ਿਕਾਰ ਹੋ ਰਹੀਆਂ ਸਨ। ਉਸਨੇ ਕਿਹਾ ਕਿ ਸੰਤ ਸੀਚੇਵਾਲ ਜੀ ਦੇ ਯਤਨਾ ਸਦਕਾ ਨਾ ਸਿਰਫ ਉਸਦੀ ਬਲਕਿ ਉੱਥੇ ਉਸਦੇ ਨਾਲ ਫਸੀਆਂ ਕਿੰਨੀਆਂ ਹੀ ਲੜਕੀਆਂ ਦੀਆਂ ਘਰ ਵਾਪਸੀ ਹੋ ਸਕੀ ਹੈ ਜੋ ਲੜਕੀਆਂ ਜਿਉਣ ਦੀ ਵੀ ਆਸ ਛੱਡ ਚੁੱਕੀਆਂ ਸਨ।

# ਨਡਾਲਾ ਦੇ ਆਈਲੈਟਸ ਸੈਂਟਰਾਂ ਤੇ ਟਰੈਵਲ ਏਜੰਸੀਆਂ ਦੀ ਚੈਕਿੰਗ



**ਭੁਲੱਥ, (ਮਨਪ੍ਰੀਤ ਸਿੰਘ)**

ਹਲਕਾ ਭੁਲੱਥ ਦੇ ਅਧੀਨ ਆਉਂਦੇ ਕਸਬਾ ਨਡਾਲਾ ਵਿਖੇ ਐੱਸ ਡੀ ਐੱਮ ਭੁਲੱਥ ਡੈਵੀ ਗੋਇਲ ਦੀ ਅਗਵਾਈ ਹੇਠ ਨਾਇਬ ਤਹਿਸੀਲਦਾਰ ਹਰਪ੍ਰੀਤ ਸਿੰਘ ਗਿੱਲ ਵੱਲੋਂ ਆਈਲੈਟਸ ਸੈਂਟਰਾਂ ਅਤੇ ਟਰੈਵਲ ਏਜੰਸੀਆਂ ਦੀ ਚੈਕਿੰਗ ਕੀਤੀ ਗਈ।ਨਾਇਬ ਤਹਿਸੀਲਦਾਰ ਹਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਜੇਕਰ ਕੋਈ ਟਰੈਵਲ ਏਜੰਸੀ ਲਾਇਸੈਂਸ ਪੇਸ਼ ਨਹੀਂ ਕਰ ਸਕੀ ਤਾਂ ਟਰੈਵਲ ਏਜੰਸੀ ਨੂੰ ਸੀਲ ਕਰ ਦਿਤਾ ਜਾਵੇਗਾ। ਜੇਕਰ ਕਾਰਵਾਈ ਕਰਨ ਤੱਕ ਲਾਇਸੈਂਸ ਦਿਖਾ ਦਿੱਤਾ ਗਿਆ ਤਾਂ ਅਗਲੇਰੀ ਕਾਰਵਾਈ ਨਹੀਂ ਹੋਵੇਗੀ।ਉਹਨਾਂ ਕਿਹਾ ਕਿ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਤਹਿਤ ਬਣਾਏ ਪੰਜਾਬ ਟਰੈਵਲਜ਼ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਤਹਿਤ ਭੁਲੱਥ ਹਲਕੇ ' ਆਈਲੈਟਸ ਸੈਂਟਰਾਂ, ਟਰੈਵਲ ਏਜੰਸੀਆਂ ਤੇ ਹਵਾਈ ਟਿਕਟਾਂ ਦੇ ਸੈਂਟਰਾਂ ਦੀ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਇਨ੍ਹਾਂ ਕੋਲ ਸਬੰਧਤ ਕੰਮ ਦੇ ਲਾਇਸੈਂਸ ਚੈੱਕ ਕੀਤੇ ਜਾ ਰਹੇ ਹਨ ।ਉਹਨਾਂ ਕਿਹਾ ਕਿ ਆਈਲੈਟਸ ਸੈਂਟਰਾਂ, ਟਰੈਵਲ ਏਜੰਸੀਆਂ ਤੇ ਹਵਾਈ ਟਿਕਟਾਂ ਨਾਲ ਸਬੰਧਤ ਕੰਮ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਇਨ੍ਹਾਂ ਕੰਮਾਂ ਨੂੰ ਕਰਨ ਤੋਂ ਪਹਿਲਾਂ ਲਾਇਸੈਂਸ ਜ਼ਰੂਰ ਲੈ ਲੈਣ ਅਤੇ ਬਿਨਾਂ ਲਾਇਸੈਂਸ ਤੋਂ ਇਨ੍ਹਾਂ ਕੰਮਾਂ ਨਾਲ ਸਬੰਧਤ ਕੋਈ ਕੰਮ ਨਾ ਕੀਤਾ ਜਾਵੇ ਤੇ ਉਹਨਾਂ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਈਲੈਟਸ ਸੈਂਟਰ, ਟਰੈਵਲ ਏਜੰਸੀ ਤੇ ਹਵਾਈ ਟਿਕਟਾਂ ਨਾਲ ਸਬੰਧਤ ਕੰਮ ਲਾਇਸੈਂਸ ਤੋਂ ਬਿਨਾਂ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਚਾਚੋਕੀ ਵਿਖੇ ਸਤਿਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ 22 ਨੂੰ ਮਨਾਇਆ ਜਾਵੇਗਾ

**ਫਗਵਾੜਾ (ਡਾ. ਰਮਨ)**-ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪ੍ਰਬੰਧਕ ਕਮੇਟੀ ( ਰਜਿ.) ਚਾਚੋਕੀ ਫਗਵਾੜਾ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਮਿਤੀ 22 ਫਰਵਰੀ ਦਿਨ ਸ਼ਨੀਵਾਰ ਨੂੰ ਬੜੀ ਹੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਪ੍ਰਧਾਨ ਬਲਵਿੰਦਰ ਬਿੰਦਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ 22 ਫਰਵਰੀ ਨੂੰ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਸਮਾਗਮ ਵਿੱਚ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ,ਆਪ ਦੇ ਹਲਕਾ ਇੰਚਾਰਜ ਜੁਗਿੰਦਰ ਸਿੰਘ ਮਾਨ,ਨਗਰ ਨਿਗਮ ਦੇ ਮੇਅਰ ਰਾਮਪਾਲ ਉੱਪਲ,ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ, ਡਿਪਟੀ ਮੇਅਰ ਵਿੱਕੀ ਸੂਦ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸ਼ੀਅਤਾਂ ਸ਼ਿਰਕਤ ਕਰਨਗੀਆਂ।

# ਕ੍ਰਿਸਟ ਚਰਚ ਵਿਖ਼ੇ ਹੱਡੀਆਂ ਦਾ ਫ੍ਰੀ ਚੈੱਕਅੱਪ ਕੈਂਪ



**ਜਲੰਧਰ (ਰਾਜੇਸ਼ ਥਾਪਾ)**- ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੋਸਾਇਟੀ ਅਤੇ ਓ ਐਨ ਜੀ ਸੀ ਫਾਊਂਡੇਸ਼ਨ ਵੱਲੋਂ ਹੱਡੀਆਂ ਦਾ ਫ੍ਰੀ ਚੈਕਅੱਪ ਕੈਂਪ ਕ੍ਰਿਸਟ ਚਰਚ ਸੀ ਐਨ ਆਈ ਨੰਦਨਪੁਰ ਵਿਖ਼ੇ ਲਗਾਇਆਂ ਗਿਆ, ਜਿਸ ਵਿੱਚ ਡਾਕਟਰ ਹਰਸ਼ਦੀਪ ਸਿੰਘ ਵੱਲੋਂ 196 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਹੱਡੀਆਂ ਦਾ ਸਕੈਨ ਵੀ ਮੁਫ਼ਤ ਕੀਤਾ ਗਿਆ। ਇਹ ਕੈਂਪ ਪ੍ਰਧਾਨ ਡਾਕਟਰ ਗੁਰਵਿੰਦਰ ਪਾਲ ਸਿੰਘ ਛਾਬੜਾ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਪ੍ਰਧਾਨ ਡਾਕਟਰ ਗੁਰਵਿੰਦਰ ਪਾਲ ਸਿੰਘ ਛਾਬੜਾ ਨੇ ਇਹ ਦੱਸਿਆ ਕਿ ਇਸ ਸੋਸਾਇਟੀ ਦੀ ਸਥਾਪਨਾ ਸਰਦਾਰ ਗੁਰਦੀਪ ਸਿੰਘ ਛਾਬੜਾ ਵੱਲੋਂ 2013 'ਚ ਕੀਤੀ ਗਈ । ਇਸ ਮੌਕੇ ਚਰਚ ਦੀ ਕਮੇਟੀ ਵੱਲੋਂ ਸਹਿਯੋਗ ਦਿਤਾ ਗਿਆ ਅਤੇ ਪ੍ਰਵੀਨ ਸ਼ਰਮਾ, ਕਮਲਜੀਤ ਕੌਰ ਗਿੱਲ, ਚੰਦਰ ਸ਼ੇਖਰ, ਲਖਵਿੰਦਰ ਸਿੰਘ , ਸੁਖਪਾਲ ਸਿੰਘ ,ਮਨਜੀਤ ਸਿੰਘ ,ਪ੍ਰਵੀਨ ਕੁਮਾਰ ਰਾਮਦਾਸੀਆ ,ਪਰਮਿੰਦਰ ਪਾਲ ਸਿੰਘ, ਬਰਿੰਦਰਜੀਤ ਸਿੰਘ ਗਰੇਵਰ (ਮੋਗੇ ਵਾਲੇ)ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸੰਧਾ ਬਣੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਪ੍ਰਭਾਕਰ ਸੈਕਟਰੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਰੂਮ ਸੁਲਤਾਨਪੁਰ ਲੋਧੀ ਵਿਖੇ ਹੋਈ ਤੇ ਸਰਬਸੰਮਤੀ ਨਾਲ ਐਡਵੋਕੇਟ ਜਰਨੈਲ ਸਿੰਘ ਸੰਧਾ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਸ਼ੈਲ ਪ੍ਰਭਾਕਰ ਨੂੰ ਸੈਕਟਰੀ ਚੁਣਿਆ ਗਿਆ। ਨਵੇਂ ਚੁਣੇ ਗਏ ਪ੍ਰਧਾਨ ਅਤੇ ਸੈਕਟਰੀ ਨੂੰ ਸਮੂਹ ਵਕੀਲਾਂ ਵੱਲੋਂ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ, ਖੁਸ਼ੀ ਵਿੱਚ ਲੱਡੂ ਵੀ ਵੰਡੇ ਗਏ ਅਤੇ ਵਧਾਈ ਦਿੱਤੀ। ਸੰਧਾ ਨੇ ਕਿਹਾ ਕਿ ਉਹ ਬਾਰ ਐਸੋਸੀਏਸ਼ਨ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਸਮੂਹ ਵਕੀਲਾਂ ਦੇ ਸਹਿਯੋਗ ਨਾਲ ਯਤਨ ਕਰਨਗੇ। ਉਹਨਾਂ ਦਿੱਤੇ ਗਏ ਮਾਣ-ਸਨਮਾਨ ਲਈ ਸਮੂਹ ਵਕੀਲਾਂ ਦਾ ਧੰਨਵਾਦ ਵੀ ਕੀਤਾ। ਉਹਨਾਂ ਨੂੰ ਵਧਾਈ ਦੇਣ ਵਾਲਿਆਂ ਵਿੱਚ ਐਡਵੋਕੇਟ ਸੁੱਚਾ ਸਿੰਘ ਮੋਮੀ, ਮੋਹਨ ਸਿੰਘ ਨੰਡਾ, ਕੇਹਰ ਸਿੰਘ, ਤਾਰਾ ਚੰਦ ਉੱਪਲ, ਜੀਤ ਸਿੰਘ ਮੋਮੀ, ਕੁਲਬੀਰ ਸਿੰਘ, ਦਲਬੀਰ ਸਿੰਘ, ਰਜਿੰਦਰ ਸਿੰਘ ਰਾਣਾ, ਭੁਪਿੰਦਰ ਸਿੰਘ, ਮਲਕੀਤ ਸਿੰਘ, ਸੁਰਜੀਤ ਸਿੰਘ, ਗੁਰਮੀਤ ਸਿੰਘ ਵਿਰਦੀ, ਰਾਜਵਿੰਦਰ ਕੌਰ, ਸਤਨਾਮ ਸਿੰਘ ਮੋਮੀ ਸਾਬਕਾ ਪ੍ਰਧਾਨ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ, ਵਿਕਾਸਦੀਪ ਸਿੰਘ ਨੰਡਾ, ਪਰਮਿੰਦਰ ਸਿੰਘ ਨੰਢਾ, ਜਗਦੀਸ਼ ਸਿੰਘ ਸੋਢੀ, ਰਾਜਵਿੰਦਰ ਕੌਰ, ਨਵਜੋਤ ਸਿੰਘ ਚੰਦੀ, ਆਸ਼ੂਤੋਸ਼ ਪਾਲ, ਸਤਵੀਰ ਮਹੀਪਾਲ, ਗੁਰਮੀਤ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਸਹੋਤਾ, ਵਿਕਰਮਜੀਤ ਸਿੰਘ, ਪ੍ਰਗਟ ਸਿੰਘ, ਰਾਜਵੀਰ ਕੌਰ, ਹਰਪ੍ਰੀਤ ਸਿੰਘ ਥਾਪਰ, ਲਵਪ੍ਰੀਤ ਸਿੰਘ, ਆਕਾਸ਼ਦੀਪ ਸਿੰਘ, ਰਾਮ ਸਿੰਘ, ਵਿਕਾਸ ਕੁਮਾਰ, ਹਰਮਨਪ੍ਰੀਤ ਸਿੰਘ, ਸ਼ੰਕਰ ਧੀਰ, ਰਾਜਵਿੰਦਰ ਕੌਰ, ਰਵਜੀਤ ਸਿੰਘ, ਮਨਦੀਪ ਕੌਰ, ਜਸਪ੍ਰੀਤ ਕੌਰ, ਰੂਬੀ ਸ਼ਰਮਾ, ਸੁਖਵਿੰਦਰ ਸਿੰਘ, ਰੋਹਿਤ ਕੇਸ਼ਵ ਆਦਿ ਵੀ ਸ਼ਾਮਲ ਸਨ।



# ਸ਼ੂਟਿੰਗ ਮੁਕਾਬਲਿਆਂ 'ਚ ਮੈਡਲ ਜਿੱਤਣ ਵਾਲੇ ਖਿਡਾਰੀ ਸਨਮਾਨਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਡਿਸਟ੍ਰਿਕਟ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਕਪੂਰਥਲਾ ਵੱਲੋਂ ਜ਼ਿਲ੍ਹੇ ਦੇ ਸਕੂਲ ਪੱਧਰ ਤੋਂ ਲੈ ਕੇ ਕੌਮੀ ਸ਼ੂਟਿੰਗ ਮੁਕਾਬਲਿਆਂ ਤੱਕ ਸੋਨੇ, ਚਾਂਦੀ ਅਤੇ ਸਿਲਵਰ ਦੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਜਰਨੈਲ ਸਿੰਘ ਹਾਂਡਾ ਦੀ ਅਗਵਾਈ ਵਿੱਚ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੌਮੀ ਸ਼ੂਟਰ ਪ੍ਰਕਾਸ਼ਦੀਪ ਸਿੰਘ ਅਤੇ ਲਖਵਿੰਦਰ ਵੀ ਹਾਜ਼ਰ ਸਨ। ਇਸ ਮੌਕੇ ਆਰਮੀ ਪਬਲਿਕ ਸਕੂਲ ਬਿਆਸ ਵਿਖੇ ਪ੍ਰਿੰਸੀਪਲ ਲਵੀਨਾ ਰਾਜਪੂਤ ਦੀ ਦੇਖ-ਰੇਖ ਹੇਠ ਕਰਵਾਏ ਗਏ ਸਮਾਗਮ ਦੌਰਾਨ ਐਸੋਸੀਏਸ਼ਨ ਨੇ ਖਿਡਾਰੀਆਂ ਨੂੰ ਖੇਡ ਕਿੱਟਾਂ ਦੇ ਕਿ ਸਨਮਾਨਿਤ ਕੀਤਾ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਮਾ. ਜਰਨੈਲ ਸਿੰਘ ਹਾਂਡਾ ਨੇ ਕਿਹਾ ਕਿ ਖੇਡਾਂ ਪ੍ਰਤੀ ਬੱਚੇ ਦੀ ਲਗਨ ਅਤੇ ਮਿਹਨਤ ਉਸ ਦੀ ਜ਼ਿੰਦਗੀ ਨੂੰ ਸੰਵਾਰ ਸਕਦੀ ਹੈ। ਸ਼ੂਟਿੰਗ ਇੱਕ ਅਜਿਹੀ ਖੇਡ ਹੈ, ਜਿਸ ਨਾਲ ਖਿਡਾਰੀ ਜਿੱਥੇ ਆਤਮ ਵਿਸ਼ਵਾਸ ਨਾਲ ਭਰ ਜਾਂਦਾ ਹੈ, ਉਥੇ ਇਹ ਖੇਡ ਖਿਡਾਰੀ ਲਈ ਜ਼ਿੰਦਗੀ ਨੂੰ ਸੁਖਦਮਈ ਮਾਨਣ ਦੇ ਰਾਹ ਖੋਹਲਦੀ ਹੈ। ਇਸ ਮੌਕੇ ਆਰਮੀ ਪਬਲਿਕ ਸਕੂਲ ਦੇ ਖੇਡ ਵਿਭਾਗ ਦੇ ਮੁਖੀ ਮੁਕੇਸ਼ ਕੁਮਾਰ ਚੌਧਰੀ ਅਤੇ ਸ਼ੂਟਿੰਗ ਕੋਚ ਪੰਕਜ ਅਟਲ ਨੇ ਦੱਸਿਆ ਕਿ ਖਿਡਾਰੀਆਂ ਨੇ ਵਿੱਖ-ਵੱਖ ਸ਼ੂਟਿੰਗ ਮੁਕਾਬਲਿਆਂ 'ਚ ਕੁੱਲ 55 ਮੈਡਲ ਹਾਸਲ ਕਰਕੇ ਬੱਚਿਆਂ ਨੇ ਆਪਣੇ ਜ਼ਿਲ੍ਹੇ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਭੋਪਾਲ ਅਤੇ ਨਵੀਂ ਦਿੱਲੀ ਵਿਖੇ ਹੋਈ 67ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਦੌਰਾਨ ਔਰਤਾਂ ਦੀ ਜੂਨੀਅਰ ਸ਼ੂਟਿੰਗ ਟੀਮ ਨੇ ਛੇਵਾਂ ਸਥਾਨ ਅਤੇ ਸੀਨੀਅਰ ਟੀਮ ਨੇ 13 ਸਥਾਨ ਹਾਸਿਲ ਕੀਤਾ। ਜਦਕਿ 3 ਬੱਚੇ ਹਰਜੋਤ ਕੌਰ, ਨੰਦਨੀ, ਆਰੀਅਨ ਰਾਜਪੂਤ ਅਤੇ ਗੁਰਕੀਰਤ ਸਿੰਘ ਭਾਰਤੀ ਸ਼ੂਟਿੰਗ ਟੀਮ ਦੇ ਚੋਣ ਟਰਾਇਲ ਲਈ ਨਾਮਜਦ ਹੋਏ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਹਾਂਡਾ, ਪ੍ਰਿੰ. ਲਵੀਨਾ ਰਾਜਪੂਤ, ਰਾਸ਼ਟਰੀ ਪੱਧਰ ਦੇ ਸ਼ੂਟਰ ਲਖਵਿੰਦਰ ਸਿੰਘ ਅਤੇ ਪ੍ਰਕਸ਼ਦੀਪ ਸਿੰਘ, ਖੇਡ ਵਿਭਾਗ ਦੇ ਮੁਖੀ ਮੁਕੇਸ਼ ਚੌਧਰੀ, ਸ਼ੂਟਿੰਗ ਕੋਚ ਪੰਕਜ ਅਟਲ, ਪੀ ਟੀ ਆਈ ਰਸ਼ਪਾਲ ਸਿੰਘ ਅਤੇ ਪੀ ਟੀ ਆਈ ਨਿਰਮਲ ਕੌਰ ਆਦਿ ਹਾਜ਼ਰ ਸਨ।



# ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਹਰੀਆਂ ਸਬਜ਼ੀਆਂ ਦਾ ਲੰਗਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਵਿਸ਼ੇਸ਼ ਉਪਰਾਲੇ ਨਾਲ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਸਥਾਨਕ ਖੇੜਾ ਰੋਡ 'ਤੇ ਸਬਜ਼ੀਆਂ ਦਾ ਲੰਗਰ ਲਗਾਇਆ ਗਿਆ।ਇਸ ਦੌਰਾਨ ਮੁਹੱਲਾ ਪ੍ਰੇਮ ਨਗਰ, ਮਾਸਟਰ ਸਾਧੂ ਰਾਮ ਨਗਰ, ਗੁਰੂ ਨਾਨਕ ਪੁਰਾ ਅਤੇ ਖੇੜਾ ਰੋਡ ਦੇ ਵਸਨੀਕਾਂ ਨੂੰ ਮੁਫ਼ਤ ਸਬਜ਼ੀਆਂ ਵੰਡੀਆਂ ਗਈਆਂ।ਮਲਕੀਅਤ ਸਿੰਘ ਰਘਬੋਤਰਾ ਨੇ ਹਰੀਆਂ ਸਬਜ਼ੀਆਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਲੋਕਾਂ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਹਰੀਆਂ ਸਬਜ਼ੀਆਂ ਦਾ ਸੇਵਨ ਕਰਨ ਲਈ ਪ੍ਰੇਰਿਤ ਕਰਨਾ ਹੈ,ਕਿਉਂਕਿ ਹਰੀਆਂ ਸਬਜ਼ੀਆਂ ਵਿਟਾਮਿਨ, ਪ੍ਰੋਟੀਨ ਅਤੇ ਖਣਿਜਾਂ ਦਾ ਭੰਡਾਰ ਹੁੰਦੀਆਂ ਹਨ।ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਹਰ ਮਹੀਨੇ ਇੱਕ ਵਾਰ ਕੀਤਾ ਜਾਂਦਾ ਹੈ। ਉਨ੍ਹਾਂ ਇਸ ਸੇਵਾ ਨੂੰ ਲਗਾਤਾਰ ਜਾਰੀ ਰੱਖਣ ਦੀ ਗੱਲ ਵੀ ਕਹੀ। ਸਬਜ਼ੀਆਂ ਵੰਡਣ ਦੀ ਸੇਵਾ ਸੁਸਾਇਟੀ ਮੈਂਬਰ ਮਲਕੀਅਤ ਸਿੰਘ ਰਘਬੋਤਰਾ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਵਿਜੇ ਕੁਮਾਰ ਵਲੋਂ ਨਿਭਾਈ ਗਈ। ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਨੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ।



# ਸਰਕਾਰ ਵਿਧਾਨ ਸਭਾ ਅਜਲਾਸ ਦੌਰਾਨ ਪੁਰਾਣੀ ਪੈਨਸ਼ਨ ਬਹਾਲੀ 'ਤੇ ਲਗਾਏ ਪੱਕੀ ਮੋਹਰ : ਅਜਨੋਹਾ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਦੀ ਇੱਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਉਂਕਾਰ ਦੀ ਅਗਵਾਈ ਵਿੱਚ ਈਸਪੁਰ ਵਿਖੇ ਹੋਈ। ਮੀਟਿੰਗ ਵਿੱਚ ਐਨ.ਪੀ.ਐਸ ਮੁਲਾਜ਼ਮਾਂ ਵਲੋਂ ਭਾਗ ਲਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨਰਿੰਦਰ ਅਜਨੋਹਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਦਾ ਦੋ-ਦਿਨਾ ਇਜਲਾਸ ਜੋ ਕਿ 24 ਫਰਵਰੀ ਨੂੰ ਬੁਲਾਇਆ ਜਾ ਰਿਹਾ ਹੈ ਉਸ ਵਿੱਚ ਪੰਜਾਬ ਸਰਕਾਰ ਮੁਲਾਜ਼ਮਾਂ ਦੀ 21 ਸਾਲ ਤੋਂ ਲਟਕ ਰਹੀ ਪੁਰਾਣੀ ਪੈਨਸ਼ਨ ਬਹਾਲ ਕਰਨ ਉੱਪਰ ਮੋਹਰ ਲਗਾ ਕੇ ਮੁਲਾਜ਼ਮ ਹਤੈਸ਼ੀ ਹੋਣ ਦਾ ਆਪਣਾ ਵਾਅਦਾ ਪੂਰਾ ਕਰੇ। ਪੰਜਾਬ ਸਰਕਾਰ ਵਲੋਂ 18 ਨਵੰਬਰ 2022 ਨੂੰ ਇੱਕ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸਨੂੰ ਅਮਲੀ ਜਾਮਾ ਪਹਿਨਾਉਣ ਦਾ ਸਮਾਂ ਆ ਗਿਆ ਹੈ। ਆਗੂਆਂ ਵਲੋਂ ਕਿਹਾ ਗਿਆ ਕਿ ਜੇਕਰ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਨਹੀਂ ਕਰਦੀ ਤਾਂ 2027 ਦੇ ਵਿਧਾਨ ਸਭਾ ਚੋਣਾਂ ਦੇ ਨਤੀਜੇ ਦਿੱਲੀ ਇਲੈਕਸ਼ਨ ਵਾਲੇ ਹੋਣਗੇ। ਇਸ ਮੌਕੇ ਬਲਜੀਤ ਸਿੰਘ, ਕੁਲਵੰਤ ਸਿੰਘ, ਸ਼ਿੰਗਾਰਾ ਸਿੰਘ, ਗੁਰਪ੍ਰੀਤ ਸਿੰਘ, ਸਤਪਾਲ ਸਿੰਘ, ਅਸ਼ਨੀ ਕੁਮਾਰ, ਕਰਨੈਲ ਸਿੰਘ, ਮਨਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਅਸ਼ਵਨੀ ਕੁਮਾਰ, ਸੁਖਮੀਨ ਕੌਰ, ਰੂਬੀ ਰਾਣੀ, ਰੀਨਾ ਰਾਏ, ਰਣਜੀਤ ਕੌਰ, ਨੀਲਮ ਕੁਮਾਰੀ, ਰਿਪਨਦੀਪ, ਸੰਦੀਪ ਕੌਰ, ਗਗਨਦੀਪ ਕੌਰ, ਅਮਨਦੀਪ ਕੌਰ, ਮਨਵੀਰ ਕੌਰ, ਰਚਨਾ ਬਿਰਲਾ, ਦਲਜੀਤ ਕੌਰ ਆਦਿ ਐਨ.ਪੀ.ਐਸ ਮੁਲਾਜ਼ਮ ਮੌਜੂਦ ਸਨ।

# ਬੱਚਿਆਂ ਦੇ ਖੇਡ ਤੇ ਸੱਭਿਆਚਾਰਕ ਮੁਕਾਬਲੇ ਕਰਵਾਏ

**ਨਵਾਂਸ਼ਹਿਰ**
**(ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਗੁਰੂ ਤੇਗ ਬਹਾਦਰ ਨਗਰ ਨਵਾਂਸ਼ਹਿਰ ਵਿਖੇ ਬੱਚਿਆਂ ਦੇ ਖੇਡ ਅਤੇ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ।ਇਹਨਾਂ ਦਾ ਅਯੋਜਨ ਬੱਬਰ ਅਕਾਲੀ ਮੈਮੋਰੀਅਲ ਕਾਲਜ ਦੇ ਪ੍ਰੋਫੈਸਰ ਸੰਘਾ ਗੁਰਬਖਸ਼ ਕੌਰ (ਡਾ.) ਨੇ ਕੀਤਾ।ਇਹ ਮੁਕਾਬਲੇ ਦੌੜਾਂ, ਕਵਿਤਾ,ਗੀਤ,ਹਾਸ-ਵਿਅੰਗ ਅਤੇ ਡਾਨਸ ਦੇ ਸਨ ।100 ਮੀਟਰ ਦੌੜ (ਗਰੁੱਪ ਏ-5 ਤੋਂ 8 ਸਾਲ ਉਮਰ) ਵਿੱਚ ਮੁਹੰਮਦ ਅਰਸ਼ਦ, ਅੰਕੁਸ਼, ਅਨਮੋਲ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਗਰੁੱਪ ਬੀ (ਉਮਰ ਵਰਗ 9-12 ਸਾਲ )ਵਿੱਚ ਪਾਇਲ, ਜਾਨਵੀ ਅਤੇ ਅਵਨੀਤ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।200 ਮੀਟਰ ਦੌੜ ਵਿੱਚ (ਗਰੁੱਪ ਏ ਉਮਰ ਵਰਗ 5-8)ਵਿੱਚ ਜੀਆ,ਰੀਆ ਅਤੇ ਅਰਸ਼ਿਤਾ ਕਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਗਰੁੱਪ ਬੀ(ਉਮਰ ਵਰਗ 9-12 ਸਾਲ) ਵਿੱਚ ਪਾਇਲ, ਜਾਨਵੀ ਅਤੇ ਲਵਪ੍ਰੀਤ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ।ਲੰਗੜੀ ਦੌੜ (ਲੜਕੇ): ਲਵ ਪਹਿਲੇ ਅਤੇ ਅਰਸ਼ਦ ਦੂਜੇ ਸਥਾਨ 'ਤੇ ਰਹੇ।ਲੜਕੀਆਂ ਦੇ ਮੁਕਾਬਲੇ ਵਿੱਚ ਅਵਨੀਤ, ਪਾਇਲ, ਜਾਨਵੀ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਨਿੰਬੂ ਦੌੜ (ਲੜਕੀਆਂ) ਜੀਆ,ਲਵਜੀਤ,ਜਾਨਵੀ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਲੜਕੇ:ਲਵੀ ਪਹਿਲੇ ਅਤੇ ਧਰੁੱਵ ਦੂਜੇ ਸਥਾਨ 'ਤੇ ਰਹੇ। ਜੇਤੂ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ।



# ਯੂਗਾਂਡਾ ਤੋਂ ਪਹਿਲੀ ਵਾਰ ਸੂਰਜਕੁੰਡ ਮੇਲੇ 'ਚ ਆਈ ਅੰਚਲਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਫਰੀਦਾਬਾਦ ਵਿੱਚ ਚਲ ਰਹੇ 38ਵੇਂ ਸੂਰਜਕੁੰਡ ਕੌਮਾਂਤਰੀ ਸ਼ਿਲਪ ਮੇਲੇ ਵਿੱਚ ਐਫ਼-40 ਸ਼ਾਪ 'ਤੇ ਯੂਗਾਂਡਾ ਦੇਸ਼ ਵਿੱਚ ਬਣੇ ਉਤਪਾਦ ਅਤੇ ਸਜਾਵਟੀ ਸਾਮਾਨ ਨੂੰ ਦੇਖ ਕੇ ਨੌਜੁਆਨ ਇਨ੍ਹਾਂ ਨੂੰ ਖ਼ਰੀਦ ਰਹੇ ਹਨ। ਇਹ ਉਤਪਾਦ ਇਕੋ ਫ੍ਰੈਂਡਲੀ ਹੋਣ ਦੇ ਨਾਲ ਨਾਲ ਰੋਜ਼ ਦੀ ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਹਨ।ਯੁਗਾਂਡਾ ਦੇਸ਼ ਦੀ ਰਹਿਣ ਵਾਲੀ ਅੰਚਲਾ ਨੇ ਦੱਸਿਆ ਕਿ ਉਹ ਪਹਿਲੀ ਵਾਰ ਇਸ ਤਰ੍ਹਾਂ ਦੇ ਕੌਮਾਂਤਰੀ ਪੱਧਰ ਦੇ ਸ਼ਿਲਪ ਮੇਲੇ ਵਿੱਚ ਆਈ ਹੈ ਅਤੇ ਉਨ੍ਹਾਂ ਨੂੰ ਇੱਥੇ ਆ ਕੇ ਚੰਗਾ ਲਗ ਰਿਹਾ ਹੈ। ਉਹ ਇੱਥੇ ਬਾਰ ਬਾਰ ਆਉਣਾ ਚਾਹੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਭਾਰਤ ਸਰਕਾਰ ਅਤੇ ਹਰਿਆਣਾ ਸਰਕਾਰ ਨੇ ਯੁਗਾਂਡਾ ਦੇਸ਼ ਨੂੰ ਸਪੋਰਟ ਕੀਤਾ ਹੈ। ਇਸ ਨਾਲ ਦੋਹਾਂ ਦੇਸ਼ਾਂ ਵਿੱਚਕਾਰ ਹੋਰ ਜਿਆਦਾ ਭਰੋਸਾ ਵੱਧੇਗਾ ਅਤੇ ਉੱਥੇ ਦੇ ਕਲਾਕਾਰਾਂ ਨੂੰ ਜਿਆਦਾ ਤੋਂ ਜਿਆਦਾ ਇੱਥੇ ਆਉਣ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਦੱਸਿਆ ਕਿ ਇਹ ਸਾਰੇ ਪ੍ਰੋਡਕਟ ਹੱਥਾਂ ਨਾਲ ਬਣੇ ਹੋਏ ਹਨ। ਯੁਗਾਂਡਾ ਵਿੱਚ ਬਹੁਤ ਸਾਰੀ ਜਨਜਾਤੀਆਂ ਰਹਿੰਦੀਆਂ ਹਨ, ਜੋ ਇਸੇ ਤਰ੍ਹਾਂ ਹੱਥਾਂ ਦੇ ਉਤਪਾਦਾਂ ਨੂੰ ਬਣਾ ਕੇ ਆਪਣੀ ਆਮਦਨ ਕਮਾਉਂਦੀਆਂ ਹਨ। ਯੁਗਾਂਡਾ ਵਿੱਚ ਕਰੀਬ 30 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ ਉੱਥੇ ਦੇ ਲੋਕ ਭਾਰਤੀਆਂ ਦੇ ਵਰਤਾਓ ਤੋਂ ਕਾਫੀ ਪਸੰਦ ਕਰਦੇ ਹਨ। ਅੰਚਲਾ ਦੇ ਨਾਲ ਨਾਲ ਉਨ੍ਹਾਂ ਦੇ ਸ਼ਾਪ 'ਤੇ ਯੂਗਾਂਡਾ ਵਸਨੀਕ ਹਜ਼ਾਰਾ ਨਾਮ ਦੀ ਮਹਿਲਾ ਨੇ ਵੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਮਾਰਗ ਦਰਸ਼ਨ ਅਤੇ ਸੈਰ ਸਪਾਟਾ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਸੂਰਜਕੁੰਡ ਮੇਲੇ ਵਿੱਚ ਕੀਤੇ ਗਏ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਕੌਮਾਂਤਰੀ ਸ਼ਿਲਪ ਮੇਲਾ ਇੱਕ ਵਿਲੱਖਣ ਪਹਿਚਾਨ ਰੱਖਦਾ ਹੈ। ਯੂਗਾਂਡਾ ਵਿੱਚ ਬਣੀ ਜਵੈਲਰੀ, ਸਜਾਵਟੀ ਸਾਮਾਨ, ਚੂੜੀਆਂ ਅਤੇ ਹੋਰ ਉਤਪਾਦਾਂ ਨੂੰ ਔਰਤਾਂ ਪਸੰਦ ਕਰ ਰਹੀਆਂ ਹਨ। ਕੇਲੇ ਦੇ ਪੱਤਿਆਂ ਨਾਲ ਬਣੇ ਬੈਗ ਵੀ ਸੈਲਾਨੀ ਖ਼ਰੀਦ ਰਹੇ ਹਨ। ਯੁਗਾਂਡਾ ਦੇ ਕਲਾਕਾਰਾਂ ਵੱਲੋਂ ਕੁਦਰਤ ਨਾਲ ਜੁੜੀ ਹੋਈ ਪੇਂਟਿੰਗ ਵੀ ਸੈਲਾਨੀਆਂ ਨੂੰ ਕਾਫ਼ੀ ਪਸੰਦ ਆ ਰਹੀ ਹੈ।

# ਸਿਵਲ ਸਰਜਨ ਡਾ. ਬਲਬੀਰ ਕੁਮਾਰ ਨੇ ਅਹੁਦਾ ਸੰਭਾਲਿਆ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਹੀਦ ਭਗਤ ਸਿੰਘ ਨਗਰ ਦੇ ਨਵੇਂ ਸਿਵਲ ਸਰਜਨ ਡਾ. ਬਲਬੀਰ ਸਿੰਘ (ਵਾਧੂ ਚਾਰਜ) ਨੇ ਅੱਜ ਆਪਣਾ ਆਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਸਹਾਇਕ ਸਿਵਲ ਸਰਜਨ ਤੇ ਸੀਨੀਅਰ ਮੈਡੀਕਲ ਅਫਸਰ ਬੰਗਾ ਸਮੇਤ ਵੱਖ-ਵੱਖ ਉੱਚ ਅਹੁਦਿਆਂ 'ਤੇ ਆਪਣੀਆਂ ਬਿਹਤਰੀਨ ਸੇਵਾਵਾਂ ਨਿਭਾਅ ਚੁੱਕੇ ਹਨ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮਨਦੀਪ ਕਮਲ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਵੇਦ ਦੇਵੀ, ਸੁਪਰਡੈਂਟ ਦਰਬਾਰਾ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ, ਪੀਏ ਅਜੇ ਕੁਮਾਰ ਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਹਰਪ੍ਰੀਤ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਨਵੇਂ ਸਿਵਲ ਸਰਜਨ ਡਾ. ਬਲਬੀਰ ਕੁਮਾਰ ਨੂੰ ਜੀ ਆਇਆ ਕਹਿੰਦਿਆਂ ਸਮੁੱਚੇ ਸਟਾਫ ਵੱਲੋਂ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਜ਼ਿਲ੍ਹੇ ਵਿੱਚ ਨਿੱਘਾ ਸੁਆਗਤ ਕੀਤਾ ਗਿਆ। ਅੱਜ ਬਤੌਰ ਸਿਵਲ ਸਰਜਨ ਆਪਣਾ ਅਹੁਦਾ ਸੰਭਾਲਣ ਉਪਰੰਤ ਡਾ. ਬਲਬੀਰ ਕੁਮਾਰ ਨੇ ਸਿਹਤ ਵਿਭਾਗ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਆਪਣੀ ਪਲੇਠੀ ਮੀਟਿੰਗ ਕੀਤੀ। ਉਨ੍ਹਾਂ ਮੀਟਿੰਗ ਵਿੱਚ ਸਿਹਤ ਵਿਭਾਗ ਦੇ ਸਮੂਹ ਪ੍ਰੋਗਰਾਮ ਅਫਸਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣਾ ਕੰਮ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕਰਨ ਲਈ ਹਦਾਇਤ ਕੀਤੀ।



# ਬੱਡੋ ਵਿਖੇ ਵਿਸ਼ਾਲ ਨਗਰ ਕੀਰਤਨ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਯੋਗ ਰਹਿਨੁਮਾਈ ਸਾਰੇ ਮਹਾਂਪੁਰਸ਼ਾਂ ਦੀ ਯਾਦ ਵਿੱਚ ਸ਼੍ਰੀਮਾਨ 108 ਸ੍ਰੀ ਮਹੰਤ ਗਿਆਨ ਦੇਵ ਜੀ ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਅਤੇ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਦੀ ਦੇਖ ਰੇਖ ਹੇਠ ਨਿਰਮਲ ਕੁਟੀਆ 108 ਸੰਤ ਬਾਬਾ ਮਈਆ ਦਾਸ ਜੀ ਦੇ ਅਸਥਾਨ 'ਤੇ ਸਮੂਹ ਸੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਸਲਾਨਾ ਸੰਤ ਸਮਾਗਮ ਅਤੇ ਕੀਰਤਨ ਦਰਬਾਰ 21-22- 23 ਫਰਵਰੀ ਨੂੰ ਕਰਵਾਏ ਜਾ ਰਹੇ ਹਨ। ਕੁਟੀਆ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਨੇ ਦੱਸਿਆ ਕਿ 20 ਫਰਵਰੀ ਨੂੰ ਸਵੇਰੇ 08 ਵਜੇ ਗੁਰੂ ਗ੍ਰੰਥ ਸਾਹਿਬ ੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਹ ਵਿਸ਼ਾਲ ਨਗਰ ਕੀਰਤਨ ਪਿੰਡ ਬੱਡੋ ਤੋਂ ਆਰੰਭ ਹੋ ਕੇ ਨਡਾਲੋਂ, ਅਜਨੋਹਾ ਮਾਈਓਪੱਟੀ, ਕੂਕੋਵਾਲ, ਦਿਹਾਣਾ, ਠੱਕਰਵਾਲ, ਥੱਪਲਾ, ਰਹੱਲੀ, ਡਾਂਡੀਆਂ ਤੋਂ ਹੁੰਦਾ ਹੋਇਆ ਸ਼ਾਮ ਨੂੰਪਿੰਡ ਬੱਡੋ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ 21 ਫਰਵਰੀ ਨੂੰ ਅਖੰਡ ਪਾਠ ਸਾਹਿਬ ਸਵੇਰੇ 08 ਵਜੇ ਆਰੰਭ ਹੋਣਗੇ ਅਤੇ 23 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ 22 ਫਰਵਰੀ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਸੰਤ ਸਮਾਗਮ ਦੌਰਾਨ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਬੱਡੋ, ਬੀਬੀ ਪਰਮਜੀਤ ਕੌਰ, ਰੋਜੀ, ਅਵਿਨਾਸ਼ ਕੌਰ, ਜਸਵੀਰ ਕੌਰ, ਸਿਮਰਨ ਰਣਵੀਰ ਸਿੰਘ, ਕਰਮਵੀਰ ਸਿੰਘ, ਜਗਤਾਰ ਸਿੰਘ, ਜਸਕਰਨ ਸਿੰਘ, ਦਾਨਵੀਰ ਸਿੰਘ, ਹਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਮਨਵੀਰ ਸਿੰਘ, ਅਰਮਾਨਜੀਤ ਸਿੰਘ, ਪ੍ਰਭਜੋਤ ਸਿੰਘ, ਚੇਤਨ, ਸਮਿੱਤਰ ਸਿੰਘ, ਪਵਿੱਤਰ ਸਿੰਘ, ਬਲਜੀਤ ਸਿੰਘ, ਹਰਦੀਪ ਸਿੰਘ ਸੋਨੂੰ ਹਲਵਾਈ ਆਦਿ ਹਾਜ਼ਰ ਸਨ।

# ਬੰਗਾ ਤੇ ਰਾਣਾ ਦੀ ਨਿਯੁਕਤੀ ਨਾਲ ਭਾਜਪਾ ਛੂਹੇਗੀ ਹੋਰ ਬੁਲੰਦੀਆਂ : ਸੰਦੀਪ ਡਰੋਲੀ



**ਆਦਮਪੁਰ (ਪਰਮਜੀਤ ਸਿੰਘ)**–ਬੀਤੇ ਦਿਨੀਂ ਪੰਜਾਬ ਭਾਜਪਾ ਵਲੋਂ ਕੁਲਵਿੰਦਰ ਬੰਗਾ ਆਦਮਪੁਰ ਨੂੰ ਬੀਜੇਪੀ ਲੋਕਲ ਬੋਡੀ ਸੈੱਲ ਨੋਰਥ ਦਾ ਜ਼ਿਲ੍ਹਾ ਪ੍ਰਧਾਨ ਜਲੰਧਰ ਅਤੇ ਆਦਮਪੁਰ ਤੋਂ ਪਰਮਿੰਦਰ ਕੁਮਾਰ ਰਾਣਾ ਨੂੰ ਮੰਡਲ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਭਾਜਪਾ ਐਸ ਸੀ ਮੋਰਚਾ ਦੇ ਵਾਈਸ ਪ੍ਰਧਾਨ ਜਲੰਧਰ ਦਿਹਾਤੀ ਸੰਦੀਪ ਡਰੋਲੀ ਵਲੋਂ ਮੁਬਾਰਕਬਾਦ ਦਿੱਤੀ ਗਈ। ਸੰਦੀਪ ਡਰੋਲੀ ਨੇ ਕਿਹਾ ਕਿ ਨਵੇਂ ਚੇਹਰੇ ਆਉਣ ਨਾਲ ਆਦਮਪੁਰ ਭਾਜਪਾ ਹੋਰ ਬੁਲੰਦੀਆ 'ਤੇ ਜਾਵੇਗੀ, ਪੰਜਾਬ ਦੇ ਲੋਕ ਹੁਣ ਰਿਵਾਇਤੀ ਪਾਰਟੀਆਂ ਤੋਂ ਤੋਬਾ ਕਰ ਰਹੇ ਹਨ ਅਤੇ ਭਾਜਪਾ ਨੂੰ ਪੂਰਨ ਸਹਿਯੋਗ ਦੇ ਰਹੇ ਹਨ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਭਾਰੀ ਬੁਹਮਤ ਨਾਲ ਆਪਣਾ ਰਾਜ ਸਥਾਪਿਤ ਕਰੇਗੀ। ਅੱਜ ਹਰ ਵਰਗ ਕੇਂਦਰ ਦੀ ਭਾਜਪਾ ਸਰਕਾਰ ਦੇ ਦੇਸ਼ ਵਿਕਾਸ ਪ੍ਰਤੀ ਕੀਤੇ ਕੰਮਾਂ ਦੀ ਭਰਪੂਰ ਸ਼ਾਲਾਘਾ ਕਰ ਰਿਹਾ ਹੈ। ਇਸ ਦੌਰਾਨ ਉਹਨਾਂ ਨਾਲ ਬਲਜੀਤ ਸਿੰਘ , ਬੱਬੂ ਡਰੋਲੀ, ਰੁਪਿੰਦਰ ਲਾਲੀ, ਗੁਰਜੀਤ ਬੰਗਾ, ਸੱਤਪਾਲ ਡਰੋਲੀ, ਗੋਪੀ ਡਰੋਲੀ, ਗੁਰਕੀਰਤ ਗੈਰੀ ਅਤੇ ਹੋਰ ਭਾਜਪਾ ਮੈਂਬਰ ਮੌਜੂਦ ਸਨ।

# ਖਾਦ ਵਿਕਰੇਤਾ ਕਿਸਾਨਾਂ ਨੂੰ ਗੈਰ ਜ਼ਰੂਰੀ ਵਸਤਾਂ ਦੀ ਵਿਕਰੀ ਕਰਨ ਤੋਂ ਗੁਰੇਜ਼ ਕਰਨ : ਡਾ. ਅਮਰੀਕ ਸਿੰਘ

**ਗੁਰਦਾਸਪੁਰ, (ਜਨਕ ਮਹਾਜਨ)**



ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੇ ਹੁਕਮਾਂ 'ਤੇ ਕਿਸਾਨਾਂ ਨੂੰ ਫ਼ਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਿਸ਼ੇਸ਼ ਮੁਹਿੰਮ ਤਹਿਤ ਥੋਕ ਖਾਦ ਵਿਕ੍ਰੇਤਾਵਾਂ ਨਾਲ ਮੁੱਖ ਖੇਤੀਬਾੜੀ ਦਫ਼ਤਰ ਵਿਚ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਵਲੋਂ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਮਨਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਡਾ. ਗੁਰਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਡਾ. ਹਰਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ (ਇਨਫੋਰਸਮੈਂਟ), ਨਰੇਸ਼ ਮਰਵਾਹਾ, ਹਨੀ, ਵਰਿੰਦਰ ਮਹਾਜਨ ਸਮੇਤ ਖਾਦ ਵਿਕਰੇਤਾ ਹਾਜ਼ਰ ਸਨ। ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਹਾੜ੍ਹੀ ਦੌਰਾਨ ਤਕਰੀਬਨ ਇੱਕ ਲੱਖ ਪਚੱਤਰ ਹਜ਼ਾਰ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਡੀ ਏ ਪੀ ਖਾਦ ਦੇ ਬਦਲ ਵਜੋਂ ਕਿਸਾਨ ਖਾਦ ਅਤੇ ਟ੍ਰਿਪਲ ਸੁਪਰ ਫਾਸਫੇਟ ਖਾਦ, ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ। ਟ੍ਰਿਪਲ ਸੁਪਰ ਫਾਸਫੇਟ ਵਿੱਚ ਡੀ ਏ ਪੀ ਵਾਂਗੂ 46 ਫ਼ੀਸਦੀ ਫਾਸਫੋਰਸ ਤੱਤ ਹੁੰਦਾ ਹੈ। ਉਨ੍ਹਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਲੌ ਮਾਜਰਾ ਕਬੱਡੀ ਕੱਪ ਦਾ ਰਸਮੀ ਪੋਸਟਰ ਜਾਰੀ

**ਮੋਹਾਲੀ, (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਗਿੱਲ ਤੇ ਹਲਕਾ ਮੋਹਾਲੀ ਦੇ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਬਲੌ ਮਾਜਰਾ ਕਬੱਡੀ ਕੱਪ ਦਾ ਰਸਮੀ ਪੋਸਟਰ ਜਾਰੀ ਕੀਤਾ। ਇਹ ਕਬੱਡੀ ਕੱਪ 5 ਤੇ 6 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਆਗੂਆਂ ਨੇ ਆਖਿਆ ਕਿ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਪੰਜਾਬ ਵਿੱਚ ਵਿਸ਼ਵ ਕੱਪ ਕਬੱਡੀ ਦੇ ਵੱਡੇ ਟੂਰਨਾਮੈਂਟ ਕਰਵਾਏ ਗਏ ਸਨ, ਜਿੰਨਾਂ ਦੀ ਮਦਦ ਨਾਲ ਪੰਜਾਬ ਦੀ ਮਿੱਟੀ ਨਾਲ ਜੁੜੀ ਇਹ ਖੇਡ ਦੁਨੀਆ ਭਰ ਵਿੱਚ ਮਸ਼ਹੂਰ ਹੋਈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਵਰਤਮਾਨ ਸਰਕਾਰ ਨੇ ਕਬੱਡੀ ਖੇਡ ਦੀ ਬੇਹੱਦ ਅਣਦੇਖੀ ਕੀਤੀ ਹੈ, ਜਿਸ ਕਰਕੇ ਕਈ ਉੱਚ ਪੱਧਰੀ ਮੈਚ ਅਤੇ ਲੀਗ ਬੰਦ ਹੋ ਗਈਆਂ ਹਨ।ਇਸ ਮੌਕੇ ਯਾਦਵਿੰਦਰ ਸਿੰਘ ਯਾਦੂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਖੰਨਾ , ਕਲੱਬ ਦੇ ਪ੍ਰਧਾਨ ਗੁਰਵਿੰਦਰ ਸਿੰਘ ਗੁਰੀ, ਕਰਨਵੀਰ ਬਾਸੀ, ਮਨਜੀਤ ਸਿੰਘ ਬਾਸੀ, ਨਿਸ਼ੂ ਸ਼ਰਮਾ, ਜੀਤੂ ਬੜਮਾਜਰਾ, ਗਗਨ ਬਰਾੜ, ਰੂਪ ਕਮਲ, ਨਿਸਾਤ ਕਪੂਰ , ਹਰਤੇਜ ਬਾਸੀ, ਮਨਪ੍ਰੀਤ ਬਾਸੀ, ਜੱਸੀਬਾਸੀ, ਰੋਬਿਨ ਗਿੱਲ ਆਦਿ ਵੱਡੀ ਗਿਣਤੀ 'ਚ ਕੱਲਬ ਮੈਂਬਰ ਹਾਜ਼ਰ ਸਨ।



20-Feb- PAGE 9.qxd 2/19/2025 10:38 PM Page 1



# ਅਣਅਧਿਕਾਰਤ ਕਲੋਨੀਆਂ 'ਚ 28 ਤੱਕ ਹੋਵੇਗੀ ਬਿਨਾਂ ਐੱਨ ਓ ਸੀ ਪਲਾਟਾਂ ਦੀ ਰਜਿਸਟ੍ਰੇਸ਼ਨ : ਡੀ ਸੀ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਵੱਲੋਂ ਅਣਅਧਿਕਾਰਤ ਕਲੋਨੀਆਂ ਵਿੱਚ ਸਥਿਤ 500 ਵਰਗ ਗਜ਼ ਤੱਕ ਦੇ ਆਪਣੇ ਪਲਾਟਾਂ (ਜਿਨ੍ਹਾਂ ਦੀ ਲਿਖਤ-ਪੜ੍ਹਤ 31 ਜੁਲਾਈ, 2024 ਤੱਕ ਹੋਈ ਹੈ) ਦੀ ਰਜਿਸਟਰੀ ਕਰਵਾਉਣ ਦੀ ਆਖਰੀ ਮਿਤੀ 28 ਫ਼ਰਵਰੀ ਹੈ, ਇਸ ਲਈ ਜ਼ਿਲ੍ਹੇ ਦੇ ਜਿਹੜੇ ਲੋਕਾਂ ਨੇ ਹਾਲਾਂ ਤੱਕ ਇਸ ਪਾਲਿਸੀ ਦਾ ਲਾਭ ਨਹੀਂ ਲਿਆ, ਉਹ ਬਿਨਾਂ ਦੇਰੀ ਕੀਤਿਆਂ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਪਾਲਿਸੀ ਵਿੱਚ ਦਰਜ ਹਦਾਇਤਾਂ ਮੁਤਾਬਕ ਆਪਣੀਆਂ ਰਜਿਸਟਰੀਆਂ ਕਰਵਾ ਕੇ ਇਸ ਦਾ ਵੱਧ ਤੋਂ ਵੱਧ ਲਾਭ ਲੈਣ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ, 1 ਦਸੰਬਰ, 2024 ਤੋਂ ਲਾਗੂ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ (ਜਿਸ ਵਿੱਚ ਧਾਰਾ 20 ਦੇ ਅਧੀਨ ਉਪ ਧਾਰਾ 5 ਨੂੰ ਅਣਅਧਿਕਾਰਤ ਕਲੋਨੀਆਂ ਵਿੱਚ ਸਥਿਤ ਆਪਣੇ ਪਲਾਟਾਂ ਦੀ ਰਜਿਸਟ੍ਰੇਸ਼ਨ ਲਈ ਪਲਾਟ ਧਾਰਕਾਂ ਨੂੰ ਰਾਹਤ ਦੇਣ ਦੇ ਉਦੇਸ਼ ਨਾਲ ਪੇਸ਼ ਕੀਤਾ ਗਿਆ ਹੈ), ਵਿੱਚ ਸੋਧ ਦਾ ਲਾਭ ਆਮ ਲੋਕਾਂ ਤੱਕ ਯਕੀਨੀ ਬਣਾਉਣ ਲਈ ਜ਼ਿਲ੍ਹਾ ਐਸ.ਏ.ਐਸ.ਨਗਰ ਦੀਆਂ ਸਾਰੀਆਂ ਤਹਿਸੀਲਾਂ ਅਤੇ ਸਬ ਤਹਿਸੀਲਾਂ ਦੇ ਸਬ ਰਜਿਸਟਰਾਰਾਂ ਅਤੇ ਸੰਯੁਕਤ ਸਬ ਰਜਿਸਟਰਾਰਾਂ ਨੂੰ ਹਦਾਇਤ ਕੀਤੀ ਹੋਈ ਹੈ।ਉਨ੍ਹਾਂ ਨੇ ਕਿਹਾ ਕਿ ਕਿਉਂਕਿ ਇਸ ਸੋਧ ਮੁਤਾਬਕ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਤੋਂ ਐਨ ਓ ਸੀਜ਼ ਦੀ ਛੋਟ ਸਿਰਫ 28 ਫਰਵਰੀ, 2025 ਤੱਕ ਵੈਧ ਹੈ, ਇਸ ਲਈ ਲਾਭਪਾਤਰੀਆਂ ਨੂੰ ਇਸ ਦਿਨ ਤੋਂ ਪਹਿਲਾਂ ਜਾਂ ਅੰਤ ਤੱਕ, ਨੋਟੀਫਿਕੇਸ਼ਨ ਅਨੁਸਾਰ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੋਟੀਫਿਕੇਸ਼ਨ ਅਨੁਸਾਰ, ਕੋਈ ਵੀ ਵਿਅਕਤੀ, ਜਿਸ ਨੇ 31 ਜੁਲਾਈ, 2024 ਤੱਕ ਅਣਅਧਿਕਾਰਤ ਕਲੋਨੀ ਵਿੱਚ ਸਥਿਤ 500 ਵਰਗ ਗਜ਼ ਤੱਕ ਦੇ ਖੇਤਰ ਲਈ ਅਸ਼ਟਾਮ ਪੇਪਰ 'ਤੇ ਵਿਕਰੀ ਲਈ ਸਮਝੌਤਾ ਕੀਤਾ ਹੈ ਜਾਂ ਪਾਵਰ ਆਫ਼ ਅਟਾਰਨੀ ਬਣਾਈ ਹੈ ਜਾਂ ਕਿਸੇ ਰਜਿਸਟਰਡ ਪੇਪਰ 'ਤੇ ਜ਼ਮੀਨ ਦੇ ਟਾਈਟਲ ਵਾਲੇ ਦਸਤਾਵੇਜ਼ ਤਹਿਤ ਅਜਿਹੇ ਪਲਾਟ ਦੀ ਰਜਿਸਟਰੀ ਲਈ ਇਕਰਾਰ ਕੀਤਾ ਹੈ ਤਾਂ ਉਹ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਕੋਲ ਬਿਨਾਂ ਐਨ ਓ ਸੀ, ਰਜਿਸਟਰੀ ਕਰਵਾਉਣ ਦਾ ਹੱਕਦਾਰ ਹੋਵੇਗਾ।ਇਸ ਤੋਂ ਇਲਾਵਾ, ਪਲਾਟ ਧਾਰਕ ਅਜਿਹੇ ਪਲਾਟਾਂ ਦੀ ਵਸੀਕੇ ਦੀ ਰਜਿਸਟ੍ਰੇਸ਼ਨ ਲਈ ਬਿਨੈ ਪੱਤਰ ਦੇ ਨਾਲ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਨੂੰ ਇਹ ਵੀ ਹਲਫ਼ਨਾਮਾ ਦੇਵੇਗਾ ਕਿ ਪਲਾਟ ਕਿਸੇ ਸ਼ਡਿਊਲਡ ਸੜਕ ਅਤੇ ਰਾਸ਼ਟਰੀ ਰਾਜਮਾਰਗ ਦੇ ਨਾਲ ਮਨਾਹੀ ਵਾਲੇ ਖੇਤਰਾਂ ਵਿੱਚ ਜਾਂ ਕਿਸੇ ਕੇਂਦਰ ਜਾਂ ਰਾਜ ਦੇ ਕਾਨੂੰਨ ਅਧੀਨ ਘੋਸ਼ਿਤ ਕੀਤੇ ਗਏ ਹੋਰ ਮਨਾਹੀ ਵਾਲੇ ਖੇਤਰ ਤਹਿਤ ਨਹੀਂ ਆਉਂਦਾ ਅਤੇ ਇਸ ਪਲਾਟ ਦੀ ਰਜਿਸਟ੍ਰੇਸ਼ਨ ਅਤੇ ਵਰਤੋਂ, ਸਬੰਧਤ ਖੇਤਰੀ ਯੋਜਨਾ/ਮਾਸਟਰ ਪਲਾਨ ਅਤੇ ਅਜਿਹੇ ਪਲਾਟਾਂ ਦੀ ਰਜਿਸਟ੍ਰੇਸ਼ਨ 'ਤੇ ਲਾਗੂ ਹੋਣ ਵਾਲੀਆਂ ਹੋਰ ਲਾਜ਼ਮੀ ਪਾਬੰਦੀਆਂ ਦੇ ਉਪਬੰਧਾਂ ਦੀ ਉਲੰਘਣਾ ਨਹੀਂ ਕਰਦੀ ਹੈ।

## ਦੀਪਕ ਕੁਮਾਰ ਬਣੇ ਗ੍ਰਾਮੀਣ ਬੈਂਕ ਯੂਨੀਅਨ ਦੇ ਸੰਯੁਕਤ ਸਕੱਤਰ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੇ ਦਿਨੀਂ ਕਰਨਾਟਕ ਵਿੱਚ ਆਯੋਜਿਤ 15ਵੀਂ ਅਰੇਬੀਆ ਕਾਨਫਰੰਸ ਵਿੱਚ ਦੀਪਕ ਕੁਮਾਰ ਨੂੰ ਨੈਸ਼ਨਲ ਫੈਡਰੇਸ਼ਨ



ਆਫ਼ ਆਰ ਆਰ ਬੀ ਆਫਿਸਰਜ਼ ਦੇ ਸੰਯੁਕਤ ਸਕੱਤਰ ਵਜੋਂ ਚੁਣਿਆ ਗਿਆ। ਉਨ੍ਹਾਂ ਦੀ ਇਸ ਪ੍ਰਾਪਤੀ ਨਾਲ ਖੇਤਰ ਵਿੱਚ ਖੁਸ਼ੀ ਦੀ ਲਹਿਰ ਹੈ।ਦੀਪਕ ਕੁਮਾਰ ਆਲ ਪੰਜਾਬ ਗ੍ਰਾਮੀਣ ਬੈਂਕ ਆਫਿਸਰਜ਼ ਐਸੋਸੀਏਸ਼ਨ ਵਿੱਚ ਸਟੇਟ ਸਕੱਤਰ ਦੇ ਤੌਰ 'ਤੇ ਕੰਮ ਕਰ ਰਹੇ ਹਨ।ਉਨ੍ਹਾਂ ਨੇ ਬੈਂਕਿੰਗ ਖੇਤਰ ਵਿੱਚ ਆਪਣੇ ਤਜਰਬੇ ਅਤੇ ਮਿਹਨਤ ਦੀ ਬਦੌਲਤ ਇਹ ਮਹੱਤਵਪੂਰਨ ਪਦ ਹਾਸਲ ਕੀਤਾ ਹੈ। ਯੂਨੀਅਨ ਦੇ ਚੋਣ ਵਿੱਚ ਉਨ੍ਹਾਂ ਦੀ ਜਿੱਤ ਨੂੰ ਬੈਂਕ ਕਰਮਚਾਰੀਆਂ ਦੇ ਹੱਕਾਂ ਦੀ ਮਜ਼ਬੂਤ ਆਵਾਜ਼ ਵਜੋਂ ਵੇਖਿਆ ਜਾ ਰਿਹਾ ਹੈ।ਸਥਾਨਕ ਲੋਕਾਂ ਅਤੇ ਸਹਿਯੋਗੀਆਂ ਨੇ ਉਨ੍ਹਾਂ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਸਫਲ ਕਾਰਜਕਾਲ ਦੀ ਕਾਮਨਾ ਕੀਤੀ।

# ਸ਼ੰਕਰ ਦੀ ਹਨੇਰੀ ਦੁਨੀਆ 'ਚ ਹੋਇਆ ਚਾਨਣ

**ਮਨੁੱਖੀ ਜਨਮ ਮਨੁੱਖਤਾ ਦੇ ਕੰਮ ਆਉਣਾ ਚਾਹੀਦਾ ਹੈ : ਸੰਜੀਵ ਅਰੋੜਾ**



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਉਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਹੁਸ਼ਿਆਰਪੁਰ ਵਾਸੀ ਸ਼ੰਕਰ ਦਾਸ ਨੂੰ ਰੌਸ਼ਨੀ ਪ੍ਰਦਾਨ ਕਰਨ ਤੋਂ ਬਾਅਦ ਉਨ੍ਹਾਂ ਦੀ ਪੱਟੀ ਖੋਲਣ ਲਈ ਸਮਾਰੋਹ ਦਾ ਆਯੋਜਨ ਬਾਲੀ ਹਸਪਤਾਲ, ਮਾਡਲ ਟਾਊਨ ਵਿਖੇ ਕੀਤਾ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਵੱਜੋਂ ਸੁਖਵੰਤ ਸਿੰਘ ਸਰਪੰਚ ਪਿੰਡ ਮੰਡਿਆਲਾ ਅਤੇ ਉਨ੍ਹਾਂ ਦੀ ਧਰਮ ਪਤਨੀ ਜਤਿੰਦਰ ਕੌਰ ਮੌਜੂਦ ਸਨ। ਸਮਾਰੋਹ ਦੀ ਸ਼ੁਰੂਆਤ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਕੇ ਅਤੇ ਮੁੱਖ ਮਹਿਮਾਨ ਨੂੰ ਪ੍ਰਧਾਨ ਸੰਜੀਵ ਅਰੋੜਾ, ਜੇ ਬੀ ਬਹਿਲ ਅਤੇ ਡਾ. ਜ਼ਮੀਲ ਬਾਲੀ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਕੀਤੀ ਗਈ। ਇਸ ਮੌਕੇ 'ਤੇ ਮੁੱਖ ਮਹਿਮਾਨ ਸੁਖਵੰਤ ਸਿੰਘ ਨੇ ਸ਼ੰਕਰ ਦਾਸ ਨੂੰ ਰੌਸ਼ਨੀ ਮਿਲਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਕੋਰਨੀਆ ਅੰਨ੍ਰੇਪਨ ਨਾਲ ਪੀੜਤਾਂ ਦੀ ਜੋ ਸੇਵਾ ਰੋਟਰੀ ਆਈ ਬੈਂਕ ਕਰ ਰਿਹਾ ਹੈ, ਉਸ ਦਾ ਕੋਈ ਮੁੱਲ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਨੇਤਰਦਾਨ ਦੇ ਸੰਹੁ ਪੱਤਰ ਭਰਨ ਲਈ ਅੱਗੇ ਆਉਣ, ਤਾਂ ਕਿ ਜੋ ਲੋਕ ਹਨੇਰੀ ਜ਼ਿੰਦਗੀ ਜੀ ਰਹੇ ਹਨ ਉਹ ਵੀ ਇਸ ਸੁੰਦਰ ਸੰਸਾਰ ਨੂੰ ਵੇਖ ਸਕਣ। ਉਨ੍ਹਾਂ ਨੇ ਇਸ ਪੁੰਨ ਦੇ ਕੰਮ ਵਿੱਚ ਆਪਣੀ ਤਰਫੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ ਕੈਂਪ ਤੋਂ ਪ੍ਰਭਾਵਿਤ ਹੋਕੇ ਵਿਕਾਸ ਸੂਦ, ਉਨ੍ਹਾਂ ਦੀ ਧਰਮ ਪਤਨੀ ਸ਼ਿਵਾਨੀ ਸੂਦ ਅਤੇ ਰਾਜ ਕੁਮਾਰ ਮਲਿਕ ਨੇ ਵੀ ਨੇਤਰਦਾਨ ਦੇ ਸੰਹੁ ਪੱਤਰ ਭਰੇ।ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਅਤੇ ਜੇ ਬੀ ਬਹਿਲ ਨੇ ਸੋਸਾਇਟੀ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੋਸਾਇਟੀ ਦਾ ਹਰ ਮੈਂਬਰ ਪਰਮਾਤਮਾ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾ ਰਿਹਾ ਹੈ,ਕਿਉਂਕਿ ਮਨੁੱਖੀ ਜਨਮ ਮਨੁੱਖਤਾ ਦੇ ਕੰਮ ਆਵੇ ਇਸ ਤੋਂ ਵੱਡਾ ਕੋਈ ਹੋਰ ਕੰਮ ਨਹੀਂ ਹੋ ਸਕਦਾ। ਸ੍ਰੀ ਅਰੋੜਾ ਨੇ ਦੱਸਿਆ ਕਿ ਇਕ ਵਿਅਕਤੀ ਦੁਆਰਾ ਦਾਨ ਕੀਤੀਆਂ ਅੱਖਾਂ ਨਾਲ ਦੋ ਵਿਅਕਤੀਆਂ ਦੀ ਹਨੇਰੀ ਜ਼ਿੰਦਗੀ ਨੂੰ ਰੌਸ਼ਨੀ ਮਿਲਦੀ ਹੈ ਅਤੇ ਹੁਣ ਤਕ 4100 ਤੋਂ ਵੱਧ ਲੋਕਾਂ ਨੂੰ ਸੁਸਾਇਟੀ ਦੁਆਰਾ ਮੁਫ਼ਤ ਰੌਸ਼ਨੀ ਪ੍ਰਦਾਨ ਕੀਤੀ ਜਾ ਚੁੱਕੀ ਹੈ ਅਤੇ 24 ਸਰੀਰ ਮਰਨ ਉਪਰੰਤ ਵੱਖ ਵੱਖ ਮੈਡੀਕਲ ਕਾਲਜਾਂ ਨੂੰ ਖੋਜ ਲਈ ਭੇਜੇ ਜਾ ਚੁੱਕੇ ਹਨ।ਡਾ. ਜ਼ਮੀਲ ਬਾਲੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਆਖ਼ਰ ਵਿੱਚ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਨੇਤਰਦਾਨ ਸੰਹੁ ਪੱਤਰ ਭਰਨ ਵਾਲਿਆਂ ਨੂੰ ਵੀ ਸਰਟੀਫਿਕੇਟ ਦਿੱਤੇ ਗਏ। ਸਟੇਜ ਸੈਕਟਰੀ ਦੀ ਭੂਮਿਕਾ ਸੋਸਾਇਟੀ ਦੇ ਸਕੱਤਰ ਪ੍ਰਿੰ. ਡੀ.ਕੇ. ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਵਿਜੇ ਅਰੋੜਾ, ਅਰੁਣ ਜੈਨ, ਜਸਵੀਰ ਕੰਵਰ, ਰਮਿੰਦਰ ਸਿੰਘ, ਜਗਦੀਸ਼ ਅਗਰਵਾਲ, ਟਿੰਕੂ ਨਰੂਲਾ, ਅਮਿਤ ਨਾਗਪਾਲ, ਦਵਿੰਦਰ ਅਰੋੜਾ, ਅਜੇ ਚਾਵਲਾ, ਦਰਸ਼ਨ ਚੌਧਰੀ, ਉਮੇਸ਼ ਰਾਣਾ, ਅਨੀਤਾ ਰਾਣਾ, ਮੀਨਾ ਬਹਿਲ, ਰੇਨੂ ਕੰਵਰ, ਗੌਰਵ ਖਟੜ, ਵਰਿੰਦਰਜੀਤ ਸਿੰਘ, ਪ੍ਰੋ. ਰਜੀਵ ਸ਼ਰਮਾ, ਪ੍ਰੋ. ਹਰੀਸ਼ ਚੰਦਰ, ਜਤਿਨ ਅਰੋੜਾ, ਕੁਲਵੰਤ ਸਿੰਘ, ਰਜਿੰਦਰ ਮੋਦਗਿਲ, ਪ੍ਰਵੀਨ ਖੁਰਾਨਾ ਅਤੇ ਹੋਰ ਮੌਜੂਦ ਸਨ।

## ਬੈਂਕ ਮੈਨੇਜਰ ਨੇ ਆੜ੍ਹਤੀਏ ਨਾਲ ਮਿਲ ਕੇ ਮਾਰੀ ਲੱਖਾਂ ਦੀ ਠੱਗੀ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**

ਬੈਂਕ ਆਫ਼ ਇੰਡੀਆ ਫਗਵਾੜਾ ਦੇ ਮੈਨੇਜਰ ਵਲੋਂ ਬੈਂਕ 'ਚ ਖਾਤਾ ਖੋਲ੍ਹਣ ਲਈ ਪੈਸੇ ਲੈ ਕੇ ਖਾਤਾ ਨਾ ਖੋਲ੍ਹ ਕੇ ਪੈਸੇ ਹੋਰ ਥਾਂ ਆੜ੍ਹਤੀਏ ਪਾਸ ਲਗਾ ਕੇ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਸਬੰਧ 'ਚ ਸਿਟੀ ਪੁਲਸ ਨੇ ਬੈਂਕ ਮੈਨੇਜਰ ਤੇ ਇੱਕ ਆੜ੍ਹਤੀਏ ਖਿਲਾਫ਼ ਧਾਰਾ 420 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ। ਐਸ.ਪੀ. ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਸਬੀਰ ਸਿੰਘ ਪੁੱਤਰ ਧਰਮ ਸਿੰਘ ਵਾਸੀ ਰੇਲਵੇ ਰੋਡ ਜੋ ਕਾਰੋਬਾਰੀ ਹੈ ਉਸ ਦੀ ਬੈਂਕ ਆਫ਼ ਇੰਡੀਆ ਦੇ ਫਗਵਾੜਾ ਬ੍ਰਾਂਚ ਮੈਨੇਜਰ ਨਿਰਮਲ ਸਿੰਘ ਨਾਲ ਚੰਗੀ ਜਾਣ ਪਛਾਣ ਸੀ। ਮੈਨੇਜਰ ਨੇ ਸ਼ਿਕਾਇਤ ਕਰਤਾ ਨੂੰ ਭਰੋਸਾ ਦਿੱਤਾ ਕਿ ਉਹ ਉਸਦੇ ਬੈਂਕ 'ਚ ਇੱਕ ਖਾਤਾ ਖੁਲ੍ਹਵਾਏ ਤੇ ਉਹ ਉਸਦੇ ਪੈਸੇ ਚੰਗੀਆਂ ਸਰਕਾਰੀ ਬੈਂਕ ਦੀਆਂ ਸਕੀਮਾ 'ਚ ਲਗਾ ਕੇ ਉਸ ਨੂੰ ਲਾਭ ਦੁਆਵੇਗਾ। ਜਿਸ ਦੇ ਭਰੋਸੇ 'ਤੇ ਉਸਨੇ ਸ਼ਿਕਾਇਤਕਰਤਾ ਪਾਸੋਂ ਲੱਖਾਂ ਰੁਪਏ ਦੀ ਨਕਦੀ ਵੱਖ ਵੱਖ ਤਰੀਕਾਂ ਨੂੰ ਲੈ ਲਈ ਪਰ ਉਸ ਨੇ ਬੈਂਕ 'ਚ ਖਾਤਾ ਨਾ ਖੋਲ੍ਹਿਆ। ਜਦੋਂ ਸ਼ਿਕਾਇਤਕਰਤਾ ਨੂੰ ਇਸ ਦੀ ਭਿੰਣਕ ਪਈ ਤੇ ਉਸ ਵਲੋਂ ਬੈਂਕ ਮੈਨੇਜਰ ਪਾਸੋਂ ਕਾਗਜ਼ਾਂ ਦੀ ਮੰਗ ਕੀਤੀ ਤਾਂ ਉਹ ਆਨਾਕਾਨੀ ਕਰਨ ਲੱਗ ਪਿਆ ਤੇ ਜ਼ਿਆਦਾ ਜੋਰ ਪਾਉਣ 'ਤੇ ਉਸ ਨੇ ਇੱਕ ਆੜ੍ਹਤੀਏ ਦੇ ਕਾਗਜ਼ਾਤ ਉਸ ਦੇ ਹੱਥ ਫੜਾ ਦਿੱਤੇ ਤੇ ਭਰੋਸਾ ਦੇ ਦਿੱਤਾ ਕਿ ਤੁਹਾਡੇ ਪੈਸੇ ਉਸਨੇ ਆਪਣੇ ਦੋਸਤ ਪਾਸ ਲਗਾਏ ਹਨ ਤੇ ਉਹ ਮਿਲ ਕੇ ਕੰਮ ਕਰਦੇ ਹਨ ਤੇ ਉਸਦੇ ਖਾਤੇ ਤੇ ਕਾਫ਼ੀ ਹਿਸਾਬ ਕਿਤਾਬ ਸਾਡੀ ਬੈਂਕ 'ਚ ਹੈ। ਜਦੋਂ ਸ਼ਿਕਾਇਤਕਰਤਾ ਨੇ ਪੈਸਿਆਂ ਦੀ ਮੰਗ ਕੀਤੀ ਤਾਂ ਮੈਨੇਜਰ ਨੇ ਆੜ੍ਹਤੀਏ ਦੇ ਚੈੱਕ ਉਸਦੇ ਹੱਥ ਫੜਾ ਦਿੱਤੇ ਜੋ ਵੀ ਪਾਸ ਨਹੀਂ ਹੋ ਸਕੇ ਤੇ ਪਿਛਲੇ ਕਰੀਬ ਦੋ ਸਾਲ ਤੋਂ ਆਪਣੇ ਪੈਸਿਆਂ ਦੀ ਮੰਗ ਕਰਦਾ ਆ ਰਿਹਾ ਹੈ ਪਰ ਉਸ ਵਲੋਂ ਕੋਈ ਵੀ ਰਾਸ਼ੀ ਵਾਪਸ ਨਹੀਂ ਦਿੱਤੀ ਗਈ ਤੇ ਉਲਟਾ ਬੈਂਕ ਮੈਨੇਜਰ ਤੇ ਆੜ੍ਹਤੀਏ ਨੇ ਇਸ ਸਬੰਧ 'ਚ ਪੱਲਾ ਝਾੜ ਦਿੱਤਾ ਤੇ ਆੜ੍ਹਤੀਏ ਨੇ ਸ਼ਿਕਾਇਤਕਰਤਾ ਤੇ ਉਸਦੇ ਪਰਵਾਰਕ ਮੈਂਬਰਾਂ ਖਿਲਾਫ਼ ਅਦਾਲਤ 'ਚ ਕੇਸ ਦਾਇਰ ਕਰ ਦਿੱਤਾ। ਸ਼ਿਕਾਇਤਕਰਤਾ ਵਲੋਂ ਡੀ.ਆਈ.ਜੀ ਜਲੰਧਰ ਰੇਂਜ ਨੂੰ ਇਸ ਸਬੰਧੀ ਦਰਖਾਸਤ ਦਿੱਤੀ ਗਈ ਜਿਸ ਦੀ ਪੜਤਾਲ ਐਸ.ਪੀ. ਰੁਪਿੰਦਰ ਕੌਰ ਭੱਟੀ ਵਲੋਂ ਕੀਤੀ ਗਈ ਜਿਸ 'ਚ ਇਹ ਸਾਬਿਤ ਹੋਇਆ ਕਿ ਇਨ੍ਹਾਂ ਦੋਨਾਂ ਵਿਅਕਤੀਆਂ ਨੇ ਰਲ ਕੇ ਇਸ ਵਿਅਕਤੀ ਨਾਲ ਠੱਗੀ ਮਾਰੀ ਹੈ। ਜਿਸ ਸਬੰਧ 'ਚ ਡੀ.ਏ. ਲੀਗਲ ਦੀ ਰਾਏ ਤੋਂ ਬਾਅਦ ਐਸ.ਐਸ.ਪੀ. ਗੌਰਵ ਤੂਰਾ ਦੇ ਹੁਕਮਾਂ 'ਤੇ ਬੈਂਕ ਮੈਨੇਜਰ ਨਿਰਮਲ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਗਲੀ ਨੰਬਰ 1 ਪ੍ਰੀਤ ਨਗਰ ਫਗਵਾੜਾ ਤੇ ਆੜ੍ਹਤੀਏ ਦਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਗੁਰੂ ਨਾਨਕ ਟਰੇਡਰਜ਼, ਦਾਣਾ ਮੰਡੀ, ਵਾਸੀ ਸਲਾਰਪੁਰ ਖਿਲਾਫ਼ ਕੇਸ ਦਰਜ ਕੀਤਾ ਹੈ।

## ਭਾਰਤੀ ਹਥਿਆਰਬੰਦ ਸੈਨਾਵਾਂ 'ਚ ਕਮਿਸ਼ਨ ਪ੍ਰਾਪਤੀ ਦੇ ਮੌਕਿਆਂ ਬਾਰੇ ਲੈਕਚਰ

**ਜਲੰਧਰ (ਸੁਰਿੰਦਰ ਕੁਮਾਰ)**

ਜਲੰਧਰ ਲੁਧਿਆਣਾ ਜੀ ਟੀ ਰੋਡ 'ਤੇ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਲੋਂ 2 ਪੰਜਾਬ ਐੱਨ ਸੀ ਸੀ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਵਿਨੋਦ ਜੋਸ਼ੀ ਦੁਆਰਾ ਭਾਰਤੀ ਹਥਿਆਰਬੰਦ ਸੈਨਾਵਾਂ 'ਚ ਕੈਰੀਅਰ ਦੇ ਮੌਕਿਆਂ ਬਾਰੇ ਦੋ ਘੰਟੇ ਦਾ ਭਾਸ਼ਣ ਆਯੋਜਿਤ ਕੀਤਾ ਗਿਆ, ਜਿਸ ਵਿੱਚ 2000 ਐੱਨ ਸੀ ਸੀ ਕੈਡਿਟਾਂ ਅਤੇ ਵਿਦਿਆਰਥੀਆਂ ਨੇ ਜਾਣਕਾਰੀ ਪ੍ਰਾਪਤ ਕੀਤੀ। ਫੌਜ ਵਿੱਚ ਅਫ਼ਸਰ ਬਣਨ ਦੀਆਂ 17 ਕਿਸਮਾਂ, ਲੋੜੀਂਦੀ ਸਿੱਖਿਆ, ਉਮਰ ਅਤੇ ਲਿਖਤੀ ਪ੍ਰੀਖਿਆਵਾਂ ਬਾਰੇ ਦੱਸਿਆ ਗਿਆ।ਹਰ ਸਾਲ 3000 ਅਧਿਕਾਰੀ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਵਿੱਚ ਕਮਿਸ਼ਨ ਪ੍ਰਾਪਤ ਕਰਕੇ ਅਧਿਕਾਰੀ ਬਣਦੇ ਹਨ। ਕਰਨਲ ਜੋਸ਼ੀ ਨੇ ਯੂ ਪੀ ਐੱਸ ਸੀ ਲਿਖਤੀ ਪ੍ਰੀਖਿਆ ਤੋਂ ਬਾਅਦ ਹੋਣ ਵਾਲੀ ਪੰਜ ਦਿਨਾ ਸਰਵਿਸ ਸਿਲੈਕਸ਼ਨ ਬੋਰਡ ਪ੍ਰੀਖਿਆ ਬਾਰੇ ਚਰਚਾ ਕੀਤੀ। ਕਰਨਲ ਜੋਸ਼ੀ ਨੇ ਕਿਹਾ ਕਿ ਵੱਖ-ਵੱਖ ਲਿਖਤੀ, ਜ਼ੁਬਾਨੀ ਅਤੇ ਇੰਟਰਵਿਊ ਟੈਸਟ ਬਹੁਤ ਜ਼ਿਆਦਾ ਸਮੇਂ ਦੇ ਦਬਾਅ ਹੇਠ ਕੀਤੇ ਜਾਂਦੇ ਹਨ। ਦਬਾਅ ਹੇਠ ਹੀ ਯੋਗਤਾ ਅਤੇ ਰਵੱਈਏ ਦਾ ਮੁਲਾਂਕਣ ਕੀਤਾ ਜਾਂਦਾ ਹੈ। ਉਨ੍ਹਾਂ ਨੇ 2000 ਐੱਨ.ਸੀ.ਸੀ. ਕੈਡਿਟਾਂ ਅਤੇ ਵਿਦਿਆਰਥੀਆਂ ਹਥਿਆਰਬੰਦ ਸੈਨਾਵਾਂ ਵਿੱਚ ਉਪਲਬਧ ਸਹੂਲਤਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ। ਹਥਿਆਰਬੰਦ ਬਲ ਦੇਸ਼ ਅਤੇ ਸਮਾਜ ਲਈ ਟੀਮ ਭਾਵਨਾ ਨਾਲ ਕੰਮ ਕਰਦੇ ਹਨ ਅਤੇ ਜ਼ਮੀਨ, ਪਾਣੀ ਅਤੇ ਹਵਾ ਦੀ ਰੱਖਿਆ ਕਰਦੇ ਹਨ।



ਅੰਦਰੂਨੀ ਆਫ਼ਤ ਦੀਆਂ ਸਥਿਤੀਆਂ ਵਿੱਚ ਸਰਕਾਰਾਂ ਦੀ ਮਦਦ ਕਰਦੇ ਹਨ।ਕਰਨਲ ਜੋਸ਼ੀ ਨੇ ਕਿਹਾ ਕਿ ਸੈਨਾ ਵਿੱਚ ਤਰੱਕੀਆਂ ਯੋਗਤਾ ਦੇ ਆਧਾਰ 'ਤੇ ਹੁੰਦੀਆਂ ਹਨ। ਦੋ ਘੰਟੇ ਚੱਲੇ ਇਸ ਭਾਸ਼ਣ ਵਿੱਚ ਡਾ. ਸੌਰਭ ਲਖਨਪਾਲ, ਡੀਨ ਸਟੂਡੈਂਟ ਵੈਲਫੇਅਰ ਵਿੰਗ; ਡਾ. ਨਿਤਿਨ ਭਾਰਦਵਾਜ, ਡਿਪਟੀ ਡੀਨ; ਕੈਪਟਨ (ਡਾ.) ਕਮਲਜੀਤ ਸਿੰਘ; 2 ਪੰਜਾਬ ਐਨ.ਸੀ.ਸੀ., 8 ਪੰਜਾਬ ਐੱਨ.ਸੀ.ਸੀ. ਅਤੇ 2 ਪੰਜਾਬ ਗਰਲਜ਼ ਬਟਾਲੀਅਨ ਦੇ ਕੇਅਰ ਟੇਕਿੰਗ ਅਫਸਰ ਅਤੇ ਅਧਿਆਪਕ ਮੌਜੂਦ ਸਨ।

## ਮਕਾਨ ਪੱਕੇ ਕਰਨ ਲਈ 2.5 ਲੱਖ ਦੀ ਦਿੱਤੀ ਜਾ ਰਹੀ ਹੈ ਵਿੱਤੀ ਸਹਾਇਤਾ : ਬੱਲ

**ਫਗਵਾੜਾ, ( ਜਸਵਿੰਦਰ ਢੱਡਾ )**

ਕਮਿਸ਼ਨਰ ਨਗਰ ਨਿਗਮ ਨਵਨੀਤ ਕੌਰ ਬੱਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾ-ਅਰਬਨ 2.0 (ਪੀ.ਐਸ.ਏ.ਵਾਈ-ਯੂ 2.0) ਸਕੀਮ ਤਹਿਤ ਲੋਕਾਂ ਨੂੰ ਕੱਚੇ ਮਕਾਨ, ਬਾਲਿਆਂ ਵਾਲੀ ਛੱਤਾਂ ਅਤੇ ਖਾਲੀ ਪਲਾਟਾਂ ਵਿੱਚ ਉਸਾਰੀ ਨੂੰ ਪੱਕਾ ਕਰਨ ਲਈ 2.5 ਲੱਖ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਲੋਕਾਂ ਨੂੰ ਇਸ ਸਕੀਮ ਸਬੰਧੀ ਜਾਗਰੂਕ ਕਰਨ ਦੇ ਮਕਸਦ ਨਾਲ ਜ਼ਿਲਾ ਕਪੂਰਥਲਾ ਅਧੀਨ ਆਉਂਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਕੈਂਪ ਲਗਾਉਣ ਦੇ ਨਾਲ-ਨਾਲ ਮੁਨਾਦੀ, ਬੈਨਰਾਂ ਰਾਹੀਂ ਸਕੀਮ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਲਾਭ ਉਠਾਉਣ ਲਈ ਆਪਣੀ ਅਰਜ਼ੀ ਸਮੇਤ ਦਸਤਾਵੇਜ਼ ਨਗਰ ਨਿਗਮ, ਫਗਵਾੜਾ ਦੇ ਦਫ਼ਤਰ ਲਾਇਬ੍ਰੇਰੀ ਸ਼ਾਖਾ ਪਹਿਲੀ ਮੰਜ਼ਿਲ ਦੇ ਕਮਰਾ ਨੰ: 2 ਵਿਖੇ ਜਮ੍ਹਾ ਕਰਵਾ ਸਕਦੇ ਹਨ

## ਸੰਧਵਾਂ ਵੱਲੋਂ ਲੋਕ ਕਲਿਆਣ ਕੇਂਦਰ ਰਾਮਗੜ੍ਹੀਆ ਸਭਾ ਨੂੰ 2 ਲੱਖ ਦੀ ਗ੍ਰਾਂਟ

**ਮੋਹਾਲੀ (ਗੁਰਜੀਤ ਬਿੱਲਾ)**—ਲੋਕ ਕਲਿਆਣ ਕੇਂਦਰ ਰਾਮਗੜ੍ਹੀਆ ਸਭਾ ਮੋਹਾਲੀ ਵਿੱਖੇ ਪਿਛਲੇ ਦਿਨੀ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਬਤੌਰ ਮੁੱਖ ਮਹਿਮਾਨ ਹਾਜਰੀ ਲਗਵਾਈ



ਗਈ ਸੀ । ਉਨਾਂ ਇਸ ਮੌਕੇ ਸਭਾ ਦੇ ਲੋਕ ਭਲਾਈ ਕੰਮਾਂ ਨੂੰ ਦੇਖਦੇ ਹੋਏ ਸਭਾ ਵਿਖੇ ਚੱਲ ਰਹੇ ਕਾਰਜਾਂ ਲਈ ਆਪਣੇ ਵਲੋਂ 2 ਲੱਖ ਰੁਪਏ ਦੀ ਗ੍ਰਾਂਟ ਸੇਵਾ ਵਜੋਂ ਭੇਂਟ ਦਿੱਤੀ ਗਈ। ਸਭਾ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ ਵਲੋ ਉਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮ ਸਿੰਘ ਬਬਰਾ (ਸਾਬਕਾ ਪ੍ਰਧਾਨ), ਗੁਰਚਰਨ ਸਿੰਘ ਨੰਨੜਾ (ਸੀਨੀਅਰ ਮੀਤ ਪ੍ਰਧਾਨ), ਪਰਦੀਪ ਸਿੰਘ ਭਾਰਜ (ਚੇਅਰਮੈਨ ਲੀਗਲ ਕਮੇਟੀ), ਤਰਸੇਮ ਸਿੰਘ ਖੋਖਰ (ਚੇਅਰਮੈਨ ਲੰਗਰ ਕਮੇਟੀ) ਅਤੇ ਹੋਰ ਕਈ ਪਤਵੰਤੇ ਸਜੱਣ ਹਾਜਰ ਸਨ।

## ਸਾਰਿਆਂ ਲਈ ਘਰ ਦਾ ਟੀਚੇ ਲਈ ਪਿੰਡਾਂ 'ਚ ਸਰਵੇਖਣ ਜਾਰੀ : ਅਵਨੀਤ ਕੌਰ

**ਨਵਾਂਸ਼ਹਿਰ,(ਮਨੋਜ ਲਾਡੀ)**-ਪੀ.ਐੱਮ.ਏ.ਵਾਈ (ਗ੍ਰਾਮੀਣ) ਅਧੀਨ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ ਘਰਾਂ ਦੀ ਉਸਾਰੀ ਵਿਚ ਸਹਾਇਤਾ ਲਈ 'ਆਵਾਸ ਪਲੱਸ 2024' ਮੋਬਾਈਲ ਐਪਲੀਕੇਸ਼ਨ ਰਾਹੀਂ ਨਵਾਂ ਸਰਵੇਖਣ ਚੱਲ ਰਿਹਾ ਹੈ।ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹੇ ਦੇ ਸਮੂਹ ਪਿੰਡਾਂ ਵਿਚ ਸਰਵੇਖਣਕਰਤਾ ਨਿਯੁਕਤ ਕੀਤੇ ਗਏ ਹਨ।ਇਸ ਦਾ ਉਦੇਸ਼ 'ਸਾਰਿਆਂ ਲਈ ਘਰ' ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ।ਇਸ ਸਬੰਧੀ ਆਨਲਾਈਨ ਪੋਰਟਲ 5 ਸਾਲਾਂ ਬਾਅਦ ਖੁੱਲ੍ਹਿਆ ਹੈ, ਜੋ ਕਿ 2019 ਵਿਚ ਬੰਦ ਹੋ ਗਿਆ ਸੀ।ਯੋਗ ਲਾਭਪਾਤਰੀ 'ਆਧਾਰ' ਅਧਾਰਿਤ ਈ-ਕੇ.ਵਾਈ.ਸੀ ਅਤੇ ਸਵੈ-ਸਰਵੇਖਣ ਵੀ ਕਰ ਸਕਦੇ ਹਨ ਜਾਂ ਸਰਵੇਖਣਕਰਤਾਵਾਂ ਰਾਹੀਂ ਰਜਿਸਟਰਡ ਹੋ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧੀ ਯੋਗਤਾ ਲਈ ਮਾਪਦੰਡ 13 ਤੋਂ ਘਟਾ ਕੇ 10 ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਰਵੇਖਣ ਲਈ ਆਖਰੀ ਮਿਤੀ 31 ਮਾਰਚ 2025 ਹੈ ਅਤੇ ਸਾਰੇ ਯੋਗ ਲਾਭਪਾਤਰੀ ਇਸ ਤੋਂ ਪਹਿਲਾਂ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ।

## 62ਵੇਂ ਆਲ ਇੰਡੀਆ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਟੂਰਨਾਮੈਂਟ ਦੇ ਚੌਥੇ ਦਿਨ ਰੌਚਿਕ ਮੁਕਾਬਲੇ

**ਮਾਹਿਲਪੁਰ, (ਸ਼ਫ਼ਰੀ)**

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨ ਵਿੱਚ ਕਰਵਾਏ ਜਾ ਰਹੇ 62ਵੇਂ ਆਲ ਇੰਡੀਆ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦੇ ਅੱਜ ਚੌਥੇ ਦਿਨ ਰੌਚਿਕ ਖੇਡ ਮੁਕਾਬਲੇ ਦੇਖਣ ਨੂੰ ਮਿਲੇ। ਅੱਜ ਦੇ ਵੱਖ ਵੱਖ ਮੈਚਾਂ ਦੌਰਾਨ ਮੁੱਖ ਮਹਿਮਾਨ ਵਜੋਂ ਤਰਸੇਮ ਭਾਅ, ਕੁਲਸ਼ਿੰਦਰ ਸਿੰਘ, ਪ੍ਰਿੰ ਡਾ. ਪਰਵਿੰਦਰ ਸਿੰਘ, ਹਰਨੇਕ ਸਿੰਘ ਬੈਂਸ, ਸੇਵਕ ਸਿੰਘ ਬੈਂਸ, ਸ਼ਵਿੰਦਰਜੀਤ ਸਿੰਘ ਰਿਟ. ਐੱਸ ਪੀ, ਦਲਜੀਤ ਸਿੰਘ ਬੈਂਸ, ਮਹਿੰਦਰ ਭਾਟੀਆ, ਤਰਲੋਚਨ ਸਿੰਘ ਅਤੇ ਰੁਪਿੰਦਰਜੋਤ ਸਿੰਘ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ। ਅੱਜ ਦਿਨ ਦੇ ਪਹਿਲੇ ਅਕੈਡਮੀ ਵਰਗ (ਅੰਡਰ 18) ਦੇ ਮੈਚ ਵਿੱਚ ਫੁੱਟਬਾਲ ਅਕੈਡਮੀ ਬੱਡੋਂ ਨੇ ਫੁੱਟਬਾਲ ਅਕੈਡਮੀ ਬਜਰਾਵਰ ਨੂੰ 1-0 ਦੇ ਫਰਕ ਨਾਲ ਹਰਾਇਆ। ਜੇਤੂ ਗੋਲ ਅਰਮਨ ਨਇਅਰ ਨੇ ਮੈਚ ਦੇ 53ਵੇਂ ਮਿੰਟ ਵਿੱਚ ਕੀਤਾ। ਕਲੱਬ ਵਰਗ ਦਾ ਦੂਜਾ ਮੈਚ ਆਈ ਐੱਫ ਸੀ ਫਗਵਾੜਾ ਅਤੇ ਰਾਜਸਥਾਨ ਯੂਨਾਈਟਡ ਐੱਫ ਸੀ ਵਿਚਕਾਰ ਹੋਇਆ। ਆਈ ਐੱਫ ਸੀ ਫਗਵਾੜਾ ਦੇ ਖਿਡਾਰੀ ਹਰਜੋਤ ਸਿੰਘ ਨੇ ਮੈਚ ਦਾ ਪਹਿਲਾ ਅਤੇ ਦੂਜਾ ਗੋਲ ਕ੍ਰਮਵਾਰ ਦੂਜੇ ਅਤੇ 19ਵੇਂ ਮਿੰਟ ਵਿੱਚ ਕੀਤਾ ਜਦਕਿ ਮੈਚ ਦੇ ਦੂਜੇ ਅੱਧ ਵਿੱਚ ਰਾਜਸਥਾਨ ਯੂਨਾਇਟਡ ਦੀ ਟੀਮ ਵੱਲੋਂ ਖਿਡਾਰੀ ਤਨਮੋਏ ਘੋਸ਼ ਅਤੇ ਨਾਥਾਨੇਲ ਚਿਲਹਾਂਗ ਨੇ ਕ੍ਰਮਵਾਰ 4ਵੇਂ ਅਤੇ 57ਵੇਂ ਮਿੰਟ ਵਿੱਚ ਇਕ ਇਕ ਗੋਲ ਕਰਕੇ ਮੁਕਾਬਲਾ ਬਰਾਬਰ ਕਰ ਦਿੱਤਾ। ਇਸ ਪਿੱਛੋਂ ਨਿਰਧਾਰਤ ਸਮੇਂ ਵਿੱਚ ਕੋਈ ਗੋਲ ਨਾ ਹੋਣ ਕਰਕੇ ਇਹ ਮੈਚ ਬਰਾਬਰ ਘੋਸ਼ਿਤ ਕੀਤਾ ਗਿਆ। ਤੀਜੇ ਕਾਲਜ ਵਰਗ ਦੇ ਮੈਚ



ਵਿੱਚ ਖਾਲਸਾ ਕਾਲਜ ਗੜ੍ਹਸ਼ੰਕਰ ਨੇ ਜੀ ਐੱਨ ਸੀ ਫਗਵਾੜਾ ਨੂੰ 3-0 ਦੇ ਅੰਤਰ ਨਾਲ ਹਰਾਇਆ। ਮੈਚ ਦੇ ਪਹਿਲੇ ਅੱਧ ਵਿੱਚ ਗੜ੍ਹਸ਼ੰਕਰ ਕਾਲਜ ਦੇ ਖਿਡਾਰੀ ਕਮਲਦੀਪ ਸਿੰਘ ਨੇ 32ਵੇਂ ਅਤੇ 40ਵੇਂ ਮਿੰਟ ਵਿੱਚ ਦੋ ਗੋਲ ਕੀਤੇ। ਤੀਜਾ ਗੋਲ ਗੁਰਵੀਰ ਸਿੰਘ ਨੇ 78ਵੇਂ ਮਿੰਟ ਵਿੱਚ ਦਾਗਿਆ। ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਅਨੁਸਾਰ ਕੱਲ੍ਹ ਹੋਣ ਵਾਲੇ ਮੈਚਾਂ ਵਿੱਚ ਖਾਲਸਾ ਕਾਲਜ ਮਾਹਿਲਪੁਰ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ, ਫੁੱਟਬਾਲ ਅਕੈਡਮੀ ਬੱਡੋਂ ਤੇ ਜੇ ਸੀ ਟੀ ਅਕੈਡਮੀ (ਅੰਡਰ -18) ਅਤੇ ਆਰ ਸੀ ਐੱਫ ਕਲੱਬ ਤੇ ਨਾਮਧਾਰੀ ਕਲੱਬ ਭਿੜਨਗੇ।

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਮਨੀਸ਼ ਸਿਸੋਦੀਆ ਦੇ ਦੌਰੇ 'ਤੇ ਅਧਿਆਪਕ ਜੱਥੇਬੰਦੀ ਵੱਲੋਂ ਇਤਰਾਜ਼

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪਿਛਲੇ ਕੁੱਝ ਦਿਨਾਂ ਤੋਂ ਦਿੱਲੀ ਦੇ ਸਾਬਕਾ ਵਿਧਾਇਕ ਮਨੀਸ਼ ਸਿਸੋਦੀਆ ਵੱਲੋਂ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਬਾਕੀ ਅਧਿਕਾਰੀਆਂ ਨੂੰ ਨਾਲ ਲੈ ਕੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਵਿੱਚ ਦੌਰੇ ਕੀਤੇ ਜਾ ਰਹੇ ਹਨ। ਅਧਿਆਪਕ ਜੱਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਨੇ ਇਸ 'ਤੇ ਭਾਰੀ ਇਤਰਾਜ਼ ਜਾਹਿਰ ਕਰਦਿਆਂ ਅਣ-ਅਧਿਕਾਰਿਤ ਵਿਅਕਤੀਆਂ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੀਤੇ ਜਾ ਰਹੇ ਦੌਰੇ ਨੂੰ ਚਿੰਤਾਜਨਕ ਵਰਤਾਰਾ ਕਰਾਰ ਦਿੱਤਾ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਲੰਘੇ ਕੁਝ ਦਿਨਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਗੁਰਦਾਸਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਰਕਾਰੀ ਸਕੂਲਾਂ ਵਿੱਚ ਪਾਈਆਂ ਜਾ ਰਹੀਆਂ ਫੇਰੀਆਂ ਦੀ ਆੜ ਵਿੱਚ ਦਿੱਲੀ ਦੇ ਸਿਆਸਤਦਾਨ ਮਨੀਸ਼ ਸਿਸੋਦੀਆ ਅਤੇ ਉਨ੍ਹਾਂ ਦੀ ਬਾਕੀ ਟੀਮ ਵੱਲੋਂ ਚੈਕਿੰਗ ਕਰਨ ਦੇ ਨਾਲ ਨਾਲ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ। ਜਿੱਥੇ ਇੱਕ ਪਾਸੇ ਪਿਛਲੇ ਸਾਲ 5 ਸਤੰਬਰ ਨੂੰ ਪੰਜਾਬ ਸਰਕਾਰ ਵੱਲੋਂ ਅਧਿਆਪਕ ਦਿਵਸ ਮੌਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਤਿਆਰ ਕਰਨ ਦਾ ਐਲਾਨ ਕਈ ਹੋਰ ਸਰਕਾਰੀ ਫੈਸਲਿਆਂ ਵਾਂਗ ਕਾਗਜ਼ੀ ਸਾਬਿਤ ਹੋਇਆ ਹੈ, ਉੱਥੇ ਹੀ ਦਿੱਲੀ ਵਿੱਚ ਲੋਕਾਂ ਵੱਲੋਂ ਸਿਆਸੀ ਤੌਰ 'ਤੇ ਨਕਾਰੇ ਜਾ ਚੁੱਕੇ ਸਿੱਖਿਆ ਮਾਡਲ ਨੂੰ ਹੀ ਪੰਜਾਬ ਵਿੱਚ ਇੰਨ ਬਿੰਨ ਲਾਗੂ ਕਰਨ 'ਤੇ ਜੋਰ ਦਿੱਤਾ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕੇ ਬਾਕੀ ਦੇਸ਼ ਨਾਲੋਂ ਪੰਜਾਬ ਦੀ ਸੱਭਿਆਚਾਰਕ, ਭਾਸ਼ਾਈ ਅਤੇ ਸਮਾਜਿਕ ਭਿੰਨਤਾ ਨੂੰ ਮਾਨਤਾ ਦੇਣ ਦੀ ਥਾਂ ਕੇਂਦਰ ਸਰਕਾਰ ਦੇ 'ਇੱਕ ਰਾਸ਼ਟਰ ਇੱਕ ਸਿੱਖਿਆ ਨੀਤੀ' ਦੇ ਸੰਘੀ ਅਜੰਡੇ 'ਤੇ ਹੀ ਅੱਗੇ ਵਧਿਆ ਜਾ ਰਿਹਾ ਹੈ। ਅਜਿਹਾ ਕਰਦੇ ਹੋਏ ਪੰਜਾਬ ਦੇ ਸਿਆਸਤਦਾਨਾਂ ਨੂੰ ਦਿੱਲੀ ਵਾਲਿਆਂ ਦੇ ਜੂਨੀਅਰ ਪਾਰਟਨਰ ਵਜੋਂ ਦਿਖਾ ਕੇ ਪੰਜਾਬ ਨੂੰ ਸਿਆਸੀ ਤੌਰ 'ਤੇ ਠਿੱਠ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਮੁੱਚੇ ਸਕੂਲੀ ਸਿੱਖਿਆ ਤੰਤਰ ਨੂੰ ਸਿੱਖਿਆ ਸ਼ਾਸਤਰੀਆਂ ਅਤੇ ਵਿੱਦਿਅਕ ਮਨੋਵਿਗਿਆਨ ਅਨੁਸਾਰ ਚਲਾਉਣ ਦੀ ਥਾਂ, ਡਾਇਰੈਕਟਰ ਪੱਧਰ ਦੇ ਸਾਰੇ ਅਹੁਦੇ ਨੌਕਰਸ਼ਾਹੀ ਦੇ ਹਵਾਲੇ ਕਰਕੇ ਸੂਬੇ ਦੀ ਸਿੱਖਿਆ ਦੇ ਜੜ੍ਹੀ ਤੇਲ ਪਾ ਦਿੱਤਾ ਗਿਆ ਹੈ।ਡੀ.ਟੀ.ਐੱਫ. ਦੇ ਸੂਬਾ ਮੀਤ ਪ੍ਰਧਾਨ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਗਪਾਲ ਬੰਗੀ, ਬੇਅੰਤ ਸਿੰਘ ਫੁੱਲੇਵਾਲ, ਹਰਜਿੰਦਰ ਵਡਾਲਾ ਬਾਂਗਰ, ਰਘਵੀਰ ਭਵਾਨੀਗੜ੍ਹ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਪੰਜਾਬ ਸਰਕਾਰ ਵੱਲੋਂ ਸਥਾਨਕ ਹਲਾਤਾਂ ਅਨੁਸਾਰ ਆਪਣੀ ਸਿੱਖਿਆ ਨੀਤੀ ਘੜਣ ਦੀ ਥਾਂ 'ਦਿੱਲੀ ਮਾਡਲ' ਦਾ ਹੀ ਪਿਛਲੱਗ ਬਣਨ ਨੂੰ ਮੰਦਭਾਗਾ ਦੱਸਦਿਆਂ 23 ਮਈ ਨੂੰ ਮੋਗਾ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਪੰਜਾਬ ਦੇ ਸਿੱਖਿਆ ਸਰੋਕਾਰਾਂ ਨੂੰ ਲੈ ਕੇ ਪ੍ਰੋਗਰਾਮ ਉਲੀਕਣ ਦਾ ਐਲਾਨ ਕੀਤਾ ਹੈ।

## ਸੂਬਾ ਸਰਕਾਰ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਉਣ ਲਈ ਲਗਾਤਾਰ ਕਾਰਜਸ਼ੀਲ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਸਰਕਾਰ ਨੇ ਮਿਸ਼ਨ ਜੀਵਨਜੋਤ ਅਤੇ ਬੇਸਹਾਰਾ ਬੱਚਿਆਂ ਲਈ ਚਾਲੂ ਸਾਲ 2024-25 ਤਹਿਤ 15.95 ਕਰੋੜ ਰੁਪਏ ਜਾਰੀ ਕੀਤੇ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਉਣ ਲਈ ਤੋਂ ਜੀਵਨਜੋਤ ਪ੍ਰੋਜੈਕਟ ਸ਼ੁਰੂ ਕੀਤਾ ਹੈ।ਇਸ ਪ੍ਰੋਜੈਕਟ ਨੂੰ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਭੀਖ ਮੰਗਣ ਵਿੱਚ ਸ਼ਾਮਲ ਬੱਚਿਆਂ ਨੂੰ ਬਚਾਉਣਾ, ਮੁੜ ਵਸੇਬੇ ਅਤੇ ਪੁਨਰਗਠਨ ਕਰਨਾ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਮੁਹਿੰਮ ਦੌਰਾਨ ਮਹੀਨਾ ਜੁਲਾਈ ਤੋਂ ਹੁਣ ਤੱਕ 268 ਬੱਚੇ ਭੀਖ ਮੰਗਣ ਤੋਂ ਬਚਾਏ ਗਏ ਹਨ।ਪੰਜਾਬ ਸਰਕਾਰ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ ਐਕਟ 2015 ਅਧੀਨ ਰਾਜ ਵਿੱਚ 07 ਸਰਕਾਰੀ ਚਿਲਡਰਨ ਹੋਮ ਅਤੇ 39 ਗੈਰ ਸਰਕਾਰੀ ਹੋਮ ਰਜਿਸਟਰਡ ਕੀਤੇ ਹੋਏ ਹਨ, ਜਿਨਾਂ ਵਿੱਚ ਅਨਾਥ, ਬੇਸਾਹਾਰਾ ਅਤੇ ਸਪੁਰਦ ਕੀਤੇ ਬੱਚਿਆਂ ਨੂੰ ਰੱਖਣ ਦਾ ਉਪਬੰਧ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭੀਖ ਮੰਗ ਰਹੇ ਬੱਚਿਆਂ ਅਤੇ ਕਿਰਤ ਮਜਦੂਰੀ ਕਰ ਰਹੇ ਬੱਚਿਆਂ ਦੇ ਸ਼ੋਸ਼ਣ ਸਬੰਧੀ ਜਾਣਕਾਰੀ ਆਪਣੇ ਜ਼ਿਲ੍ਹੇ ਦੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਅਤੇ ਵਿਭਾਗ ਵੱਲੋਂ ਚਲਾਈ ਜਾ ਰਹੀ ਚਾਇਲਡ ਹੈਲਪਲਾਇਨ ਨੰਬਰ 1098 ਰਾਹੀਂ ਦਿੱਤੀ ਜਾ ਸਕਦੀ ਹੈ।

## ਲਾਇਨਜ਼ ਕਲੱਬ ਵੱਲੋਂ ਖੂਨਦਾਨ ਕੈਂਪ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਲਾਇਨਜ਼ ਕਲੱਬ ਡੇਰਾਬੱਸੀ ਨੇ ਸਥਾਨਕ ਈਕੋ ਸਿਟੀ ਗ੍ਰੀਨ-1 ਦੇ ਸਹਿਯੋਗ ਨਾਲ ਈਕੋ ਸਿਟੀ ਗ੍ਰੀਨ ਕਲੋਨੀ ਵਿੱਚ ਇੱਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ। ਇਸ ਮੌਕੇ 60 ਵਿਅਕਤੀਆਂ ਨੇ ਸਵੈ-ਇੱਛਾ ਨਾਲ ਖੂਨਦਾਨ ਕੀਤਾ। ਇਹ ਖੂਨਦਾਨ ਕੈਂਪ ਇੰਡਸ ਹਸਪਤਾਲ ਡੇਰਾਬੱਸੀ ਦੇ ਡਾਕਟਰਾਂ ਦੀ ਟੀਮ ਦੁਆਰਾ ਲਗਾਇਆ ਗਿਆ ਸੀ। ਲਾਇਨਜ਼ ਕਲੱਬ ਦੇ ਉਪੇਸ਼ ਬਾਂਸਲ ਨੇ ਦੱਸਿਆ ਕਿ ਇਹ ਲਾਇਨਜ਼ ਕਲੱਬ ਦੇ ਇਸ ਸੈਸ਼ਨ ਦਾ 12ਵਾਂ ਖੂਨਦਾਨ ਕੈਂਪ ਹੈ। ਉਨ੍ਹਾਂ ਕਿਹਾ ਕਿ ਖੂਨਦਾਨ ਕਰਨ ਨਾਲ ਸਾਡੇ ਦਿਲ ਅਤੇ ਆਤਮਾ ਨੂੰ ਬਹੁਤ ਸੰਤੁਸ਼ਟੀ ਮਿਲਦੀ ਹੈ। ਇਸ ਮੌਕੇ ਹਸਪਤਾਲਾਂ ਦੇ ਡਾਕਟਰਾਂ ਨੇ ਮੌਜੂਦ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਬਾਰੇ ਜਾਗਰੂਕ ਕਰਨ ਕਿਉਂਕਿ ਬਹੁਤ ਸਾਰੇ ਮਰੀਜ਼ ਖੂਨ ਦੀ ਘਾਟ ਕਾਰਨ ਆਪਣੀ ਜਾਨ ਗੁਆ ਦਿੰਦੇ ਹਨ।ਉਨ੍ਹਾਂ ਦੱਸਿਆ ਕਿ ਹਰ ਤੰਦਰੁਸਤ ਵਿਅਕਤੀ ਹਰ ਤਿੰਨ ਮਹੀਨਿਆਂ ਬਾਅਦ ਖੂਨਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਖੂਨਦਾਨ ਕਰਨ ਨਾਲ ਦਿਲ ਦਾ ਦੌਰਾ ਪੈਣ ਦੀਆਂ ਸੰਭਾਵਨਾਵਾਂ ਕਾਫ਼ੀ ਘਟ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਖੂਨਦਾਨ ਕਰਨ ਨਾਲ ਸਾਡਾ ਖੂਨ ਗਾੜ੍ਹਾ ਨਹੀਂ ਹੁੰਦਾ ਅਤੇ ਇਸ ਲਈ ਅਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਸੁਰੱਖਿਅਤ ਰਹਿੰਦੇ ਹਾਂ। ਇਸ ਮੌਕੇ ਈਕੋ ਗ੍ਰੀਨ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਜਿੰਦਲ ਅਤੇ ਉਨ੍ਹਾਂ ਦੀ ਟੀਮ ਨੇ ਡਾਕਟਰਾਂ ਅਤੇ ਲਾਇਨਜ਼ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲਾਇਨਜ਼ ਕਲੱਬ ਦੇ ਪ੍ਰਧਾਨ ਨਿਤਿਨ ਜਿੰਦਲ, ਡਾਕਟਰ ਬਰਖਾ ਰਾਮ, ਲਾਇਨ ਪਵਨ ਧੀਮਾਨ ਪੰਮਾ, ਅਮਰੀਸ਼ ਭੱਲਾ ਆਦਿ ਮੌਜੂਦ ਸਨ।

## ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੱਡਾ ਸਰਾਂ (ਜਸਵੀਰ ਕਾਜਲ)**-ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਨੰਗਲ ਈਸ਼ਰ ਵਿੱਚ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਖਾਲਸਾਈ ਸ਼ਾਨੋ ਸ਼ੌਕਤ ਨਾਲ ਨਗਰ ਕੀਰਤਨ ਸਜਾਇਆ ਗਿਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ,ਜਸ ਵਿੱਚ ਭਾਈ ਗੁਰਸਾਹਿਬ ਸਿੰਘ ਜਫਰਵਾਲ ਵਾਲੇ,ਭਾਈ ਹਰਪ੍ਰੀਤ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਮਨਪ੍ਰੀਤ ਸਿੰਘ ਖਾਨਪੁਰ ਵਾਲੇ ,ਸੰਤ ਰੂਪ ਸਿੰਘ ਜੀ ਤਪ ਅਸਥਾਨ ਬਾਬਾ ਬੁੱਢਾ ਜੀ ਅਤੇ ਹੋਰ ਨਗਰ ਦੇ ਕੀਰਤਨੀ ਜਥਿਆਂ ਨੇ ਕੀਰਤਨ ਅਤੇ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਨਿਰਮਲ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ, ਸੁਰਿੰਦਰ ਸਿੰਘ , ਨਵਦੀਪ ਸਿੰਘ, ਕਰਨੈਲ ਸਿੰਘ, ਮਾਸਟਰ ਗੁਰਬਚਨ ਸਿੰਘ, ਮਾਸਟਰ ਮਨਦੀਪ ਸਿੰਘ ,ਮਾਸਟਰ ਗਿਆਨ ਸਿੰਘ, ਮਾਸਟਰ ਨਰਿੰਦਰ ਸਿੰਘ ਕਰਨੈਲ ਸਿੰਘ ਬੈਂਕ ਮੈਨੇਜਰ, ਰੋਹਿਤ ਸੁਖਨ, ਅੰਕਿਤ, ਜਸਵੰਤ ਸਿੰਘ ਫੌਜੀ , ਹਰਪਾਲ ਸਿੰਘ ਫੌਜੀ, ਦਵਿੰਦਰ ਸਿੰਘ, ਲਕਸ਼ਦੀਪ ਸਿੰਘ ਕੈਨੇਡਾ,ਦਵਿੰਦਰ ਸਿੰਘ ਕੈਨੇਡਾ,ਡਿਪਟੀ ਕੈਨੇਡਾ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



## ਅਜੇ ਤੱਕ ਐੱਸ ਸੀ ਕਮਿਸ਼ਨ ਪੰਜਾਬ ਦਾ ਚੇਅਰਮੈਨ ਨਿਯੁਕਤ ਨਹੀਂ ਕੀਤਾ ਗਿਆ : ਸਾਹਨੇਵਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਆਮ ਆਦਮੀ ਪਾਰਟੀ ਦੀ ਸਰਕਾਰ ਦੇ 3 ਸਾਲ ਬੀਤਣ ਦੇ ਬਾਵਜੂਦ ਵੀ ਐਸ.ਸੀ.ਸਮਾਜ ਨੂੰ ਇਨਸਾਫ ਦਿਵਾਉਣ ਲਈ ਅਜੇ ਤੱਕ ਐਸ. ਸੀ.ਕਮਿਸ਼ਨ ਪੰਜਾਬ ਵਿਖੇ ਚੇਅਰਮੈਨ ਨਿਯੁਕਤ ਨਹੀਂ ਕੀਤਾ ਗਿਆ, ਸਗੋਂ ਐਸ.ਸੀ. ਕਮਿਸ਼ਨ ਪੰਜਾਬ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ 5 ਕਰ ਦਿੱਤੀ ਗਈ। ਇਹ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਕੀਤਾ। ਉਹਨਾਂ ਕਿਹਾ ਕਿ ਐਸ ਸੀ ਸਮਾਜ ਦੇ ਲੋਕਾਂ 'ਤੇ ਜ਼ੁਲਮ ਜਿਆਦਤੀ ਦੇ ਕੇਸਾਂ 'ਚ ਵਾਧਾ ਹੋ ਰਿਹਾ ਹੈ। ਉਹਨਾਂ ਕਿਹਾ ਕਿ 28 ਐੱਸ ਸੀ.ਐਮ. ਐੱਲ.ਏ.ਐਮ.ਪੀ.ਅਤੇ ਕਈ ਮੰਤਰੀ ਮੌਜੂਦਾ ਸਰਕਾਰ ਵਿੱਚ ਸ਼ਾਮਿਲ ਹੋਣ ਦੇ ਬਾਵਜੂਦ ਵੀ ਐੱਸ ਸੀ ਸਮਾਜ ਦੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾਂ ਕਿ ਐੱਸ ਸੀ. ਮੁਲਾਜ਼ਮਾਂ ਦੇ ਹੱਕ ਵਾਲੀ 85ਵੀਂ ਸੰਵਿਧਾਨਕ ਸੋਧ ਵੀ ਅੱਜ ਤੱਕ ਲਾਗੂ ਨਹੀਂ ਕੀਤੀ ਗਈ।ਉਹਨਾਂ ਕਿਹਾ ਕਿ ਪਿਛਲੇ ਦਿਨੀਂ ਪਿੰਡ ਚੰਦਭਾਨ ਜ਼ਿਲ੍ਹਾ ਫਰੀਦਕੋਟ ਵਿਖੇ ਇੱਕ ਨਾਲੀ ਦੇ ਮਸਲੇ ਨੇ ਪ੍ਰਸ਼ਾਸਨ ਵਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਕਰਕੇ ਹਿੰਸਕ ਰੂਪ ਧਾਰ ਲਿਆ। ਜਿੱਥੇ ਕਿ ਪ੍ਰਸ਼ਾਸਨ ਵੱਲੋਂ ਵੀ ਇੱਕ ਤਰਫ਼ਾ ਕਾਰਵਾਈ ਕਰਦਿਆਂ ਪੀੜ੍ਹਤ ਮਜਦੂਰਾਂ ਨੂੰ ਇਨਸਾਫ ਦਿਵਾਉਣ ਦੀ ਬਜਾਏ ਧਨਾਢਾਂ ਦਾ ਪੱਖ ਹੀ ਪੂਰਿਆ ਗਿਆ। ਉਹਨਾਂ ਕਿਹਾ ਕਿ ਕਈ ਸਾਲਾਂ ਤੋਂ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਉਹਨਾਂ ਦੇ ਆਧਾਰ 'ਤੇ ਨੌਕਰੀਆਂ ਕਰ ਰਹੇ ਲੋਕਾਂ 'ਤੇ ਅੱਜ ਤੱਕ ਕੋਈ ਕਰਵਾਈ ਨਹੀਂ ਕੀਤੀ ਗਈ। ਅਜੇ ਵੀ ਇਸ ਮੁੱਦੇ 'ਤੇ ਜਾਅਲੀ ਜਾਤੀ ਸਰਟੀਫਿਕੇਟ ਚੋਰ ਫੜੋ ਮੋਰਚਾ ਮੋਹਾਲੀ ਵਿਖੇ ਚੱਲ ਰਿਹਾ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਸਮੇਂ ਦਰਜਾ ਚਾਰ ਮੁਲਾਜ਼ਮਾਂ ਦੀ ਕੋਈ ਵੀ ਰੈਗੂਲਰ ਭਰਤੀ ਨਹੀਂ ਕੀਤੀ ਗਈ ਤੇ ਨਾ ਹੀ ਮਜ਼ਦੂਰਾਂ ਦੀ ਦਿਹਾੜੀ ਦੀ ਵਿਚ ਵਾਧਾ ਕੀਤਾ ਗਿਆ।

## ਅਰਵਿੰਦਰ ਕੌਰ ਆਈ ਕੇ ਗੁਜਰਾਲ ਪੀ ਟੀ ਯੂ ਦੀ ਮੈਰਿਟ ਲਿਸਟ 'ਚ ਆਈ

**ਕੁਰਾਲੀ (ਮੋਹਨ ਅੱਗਰਵਾਲ)**

ਸਥਾਨਕ ਸ਼ਹਿਰ ਦੇ ਵਾਰਡ ਨੰਬਰ 10 ਦੀ ਐਮ ਡੀ ਕਲੋਨੀ ਦੀ ਵਸਨੀਕ ਤੇ ਦੁਆਬਾ ਗਰੁੱਪ ਆਫ਼ ਕਾਲਜਿਜ਼ ਘਟੌਰ ਦੀ ਅਰਵਿੰਦਰ ਕੌਰ ਪੁੱਤਰੀ ਤਰਲੋਚਨ ਸਿੰਘ ਬੀ ਫਾਰਮੇਸੀ ਡਿਗਰੀ ਵਿਚੋਂ 8.82 ਸੀ ਜੀ ਪੀ ਏ ਅੰਕ ਹਾਸਲ ਕਰਕੇ ਆਈ ਕੇ ਗੁਜਰਾਲ ਪੀ ਟੀ ਯੂ ਯੂਨੀਵਰਸਿਟੀ ਦੀ ਮੈਰਿਟ ਵਿਚੋਂ ਪੰਜਵਾਂ ਸਥਾਨ ਹਾਸਲ ਕੀਤਾ ਹੈ। ਜਿਸ ਨੂੰ ਲੈ ਕੇ ਦੁਆਬਾ ਗਰੁੱਪ ਆਫ਼ ਕਾਲਜਿਜ਼ ਘਟੌਰ ਤੇ ਉਸ ਦੇ ਪਰਵਾਰ ਦੇ ਵਿਚ ਖੁਸ਼ੀਆ ਦਾ ਮਹੌਲ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਾਰਡ ਨੰਬਰ 10 ਦੀ ਵਸਨੀਕ ਸੁਖਵਿੰਦਰ ਕੌਰ ਨੇ ਦੱਸਿਆ ਕਿ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਵੱਲੋਂ ਅੱਜ ਬੀ ਫਾਰਮੇਸੀ ਦੇ ਨਤੀਜੇ ਦੀ ਮੈਰਿਟ ਲਿਸਟ ਦਾ ਐਲਾਨ ਕਰ ਦਿੱਤਾ ਗਿਆ । ਜਿਸ ਦੌਰਾਨ ਉਨ੍ਹਾਂ ਦੀ ਪੁੱਤਰੀ ਅਰਵਿੰਦਰ ਕੌਰ ਨੇ 8.82 ਐਸ ਜੀ ਪੀ ਏ ਅੰਕ ਹਾਸਲ ਕਰਦੇ ਹੋਏ ਯੂਨੀਵਰਸਿਟੀ ਵਿਚ ਪੰਜਵਾਂ ਸਥਾਂਨ ਤੇ ਦੁਆਬਾ ਗਰੁੱਪ ਆਫ਼ ਕਾਲਜਿਜ਼ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।ਅਰਵਿੰਦਰ ਕੌਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਕਾਲਜ ਤੇ ਯੂਨੀਵਰਸਿਟੀ ਦਾ ਨਤੀਜਾ ਬਹੁਤ ਸ਼ਾਨਦਾਰ ਆਇਆ ਹੈ। ਅਰਵਿੰਦਰ ਕੌਰ ਨੇ ਆਪਣੀ ਇਸ ਸਫ਼ਲਤਾ ਦਾ ਸਿਹਰਾ ਆਪਣੇ ਕਾਲਜ ਦੇ ਪ੍ਰਿੰਸੀਪਲ ਪ੍ਰੀਤ ਮੁਹਿੰਦਰ ਸਿੰਘ , ਫਾਰਮੇਸੀ ਵਿਭਾਗ ਦੇ ਐਚ ਓ ਡੀ ਪ੍ਰੋ. ਬਲਜਿੰਦਰ ਕੁਮਾਰ, ਪ੍ਰੋ. ਅੰਕਿਤਾ ਅਟਵਾਲ, ਪ੍ਰੋ. ਸ਼ਗੁੰਨ, ਪ੍ਰੋ. ਦੀਪਕ ਕੁਮਾਰ ਪੁਰੀ, ਪ੍ਰੋ. ਸੰਦੀਪ ਕੌਰ, ਪ੍ਰੋ. ਸੁਨਾਸ਼ੀ, ਪ੍ਰੋ. ਪ੍ਰਿਯਾ, ਪ੍ਰੋ. ਰੀਟਾ ਕੁਮਾਰੀ, ਪ੍ਰੋ. ਅੰਬਿਕਾ, ਪ੍ਰੋ. ਆਂਚਲ ਕੁਮਾਰੀ, ਪ੍ਰੋ. ਵਿਸ਼ਾਲੀ ਕੁਮਾਰੀ, ਪ੍ਰੋ. ਕਨਿਕਾ ਕੁਮਾਰੀ ਤੇ ਪ੍ਰੋ. ਅਵੀਸ਼ੇਕ ਚੰਦੇਲ ਆਦਿ ਵੱਲੋਂ ਕਰਵਾਈ ਗਈ ਸਖ਼ਤ ਮਿਹਨਤ ਨੂੰ ਦਿੱਤਾ। ਅਰਵਿੰਦਰ ਕੌਰ ਨੇ ਦੱਸਿਆ ਕਿ ਉਸ ਨੇ 10 ਵੀਂ ਤੱਕ ਦੀ ਪੜ੍ਹਾਈ ਅਦਰਸ਼ ਐਜੂਸਟਾਰ ਸਕੂਲ ਕਾਲੇਵਾਲ ਤੇ ਬਾਰ੍ਹਵੀਂ ਜਮਾਤ ਤੱਕ ਦੀ ਪੜ੍ਹਾਈ ਜਵਾਹਰ ਨਵੋਦਿਆ ਵਿਦਿਆਲਿਆ ਚੰਡੀਗੜ੍ਹ ਤੋਂ ਹਾਸਲ ਕੀਤੀ। ਇਸ ਤੋਂ ਬਾਅਦ ਡੀ ਫਾਰਮੇਸੀ ਦਾ ਦੋ ਸਾਲਾ ਡਿਪਲੋਮਾ ਗੌਰਮਿੰਟ ਪੋਲਟੈਕਨੀਕਲ ਕਾਲਜ ਫਾਰ ਵੂਮੈਨ ਚੰਡੀਗੜ੍ਹ ਤੋਂ ਚੰਗੇ ਅੰਕਾਂ ਨਾਲ ਪਾਸ ਕੀਤਾ ਸੀ।



## ਨਸ਼ਿਆਂ ਤੋਂ ਬਚਾਅ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇ : ਰਾਜੇਸ਼ ਧੀਮਾਨ

**ਨਵਾਂਸ਼ਹਿਰ,(ਮਨੋਜ ਲਾਡੀ)**-ਨਸ਼ਿਆਂ ਦੀ ਰੋਕਥਾਮ ਲਈ ਵਿਭਾਗਾਂ ਵਿਚ ਬਿਹਤਰ ਤਾਲਮੇਲ ਦੇ ਉਦੇਸ਼ ਨਾਲ ਗਠਿਤ ਜ਼ਿਲ੍ਹਾ ਪੱਧਰੀ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨਕੋਰਡ) ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਿਥੇ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿਚ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਖੇਡਾਂ ਅਤੇ ਹੋਰਨਾਂ ਉਸਾਰੂ ਗਤੀਵਿਧੀਆਂ ਨਾਲ ਜੋੜਿਆ ਜਾਵੇ, ਤਾਂ ਜੋ ਉਨ੍ਹਾਂ ਦਾ ਧਿਆਨ ਕੁਰੀਤੀਆਂ ਵੱਲ ਨਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲਾਂ 'ਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਡਰੱਗ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲਗਾਤਾਰ ਚੈਕਿੰਗਾਂ ਕੀਤੀਆਂ ਜਾਣ, ਤਾਂ ਜੋ ਨਸ਼ੇ ਦੀ ਸਪਲਾਈ ਨਾ ਹੋਵੇ।ਇਸ ਦੌਰਾਨ ਪੁਲਸ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਪੁਲਸ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਦੀ ਰੋਕਥਾਮ ਦੇ ਮੱਦੇਨਜ਼ਰ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਪਿੰਡਾਂ ਜਾਂ ਸ਼ਹਿਰਾਂ 'ਚ ਤੁਹਾਡੇ ਆਲੇ-ਦੁਆਲੇ ਕੋਈ ਵੀ ਤਸਕਰ ਨਸ਼ਾ ਵੇਚਦਾ ਹੈ ਤਾਂ ਉਹ ਉਸ ਦੀ ਸੂਚਨਾ ਪੁਲਸ ਨੂੰ ਦੇਣ।ਇਸ ਮੌਕੇ ਐਸ.ਡੀ.ਐਮ ਬਲਾਚੌਰ ਰਵਿੰਦਰ ਕੁਮਾਰ ਬਾਂਸਲ, ਡੀ. ਐਸ. ਪੀ ਸੁਰਿੰਦਰ ਚਾਂਦ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਅਧਿਆਪਕਾਂ ਨੂੰ ਕੀਤਾ ਮੋਟੀਵੇਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਬਲਾਕ ਹੁਸ਼ਿਆਰਪੁਰ-12 ਵਿਖੇ ਚੱਲ ਰਹੀ ਅਧਿਆਪਕਾਂ ਦੀ ਟ੍ਰੇਨਿੰਗ ਦੌਰਾਨ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ, ਸੁੱਖਵਿੰਦਰ ਸਿੰਘ ਨੇ ਪਹੁੰਚ ਕੇ ਅਧਿਆਪਕਾਂ ਨੂੰ ਮੋਟੀਵੇਟ ਕੀਤਾ ਅਤੇ ਨਵੀਂ ਸਿੱਖਿਆ ਨੀਤੀ ਬਾਰੇ ਚਰਚਾ ਕੀਤੀ।ਇਸ ਮੌਕੇ 'ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਚਰਨਜੀਤ ਸਿੰਘ ਸਿੱਧੂ, ਰਿਸੋਰਸ ਪੁਰਸਨ ਰਿਪਲ ਕੁਮਾਰ, ਮੁਨੀਰ ਨੈਯਰ, ਕੰਜਨ ਬਾਲਾ ਸਮੇਤ ਕਈ ਸਿੱਖਿਆਵਿਦ ਮੌਜੂਦ ਰਹੇ।ਉਨ੍ਹਾਂ ਨੇ ਅਧਿਆਪਕਾਂ ਨੂੰ ਕਿਹਾ ਕਿ ਸਮਾਜ ਦੀ ਤਰੱਕੀ ਦੇ ਕੇਂਦਰ ਵਿਚਕਾਰ ਸਿੱਖਿਆ ਆਉਂਦੀ ਹੈ। ਨਵੀਂ ਸਿੱਖਿਆ ਨੀਤੀ ਦੇ ਅਨੁਸਾਰ, ਪ੍ਰੈਕਟੀਕਲ ਅਤੇ ਐਕਟਿਵ ਲਰਨਿੰਗ 'ਤੇ ਧਿਆਨ ਦੇਣਾ ਚਾਹੀਦਾ ਹੈ।ਸਿੱਖਿਆ ਅਫ਼ਸਰ ਨੇ ਅਧਿਆਪਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਸਿੱਖਿਆ ਦੀ ਗੁਣਵੱਤਾ ਨੂੰ ਸੁਧਾਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਟੈਕਨੋਲੋਜੀ ਦੇ ਵਰਤੋਂ, ਨਵੀਂ ਪੈਡਾਗੋਜੀ, ਅਤੇ ਵਿਦਿਆਰਥੀਆਂ ਦੀ ਹੋਲਿਸਟਿਕ ਵਿਕਾਸ 'ਤੇ ਜ਼ੋਰ ਦਿੱਤਾ।ਇਸ ਦੌਰਾਨ, ਨਵੀਂ ਸਿੱਖਿਆ ਨੀਤੀ 2020 ਬਾਰੇ ਵਿਸ਼ਲੇਸ਼ਣ ਕਰਦੇ ਹੋਏ, ਉਨ੍ਹਾਂ ਨੇ ਇਹ ਦੱਸਿਆ ਕਿ ਇਹ ਵਿਦਿਆਰਥੀਆਂ ਦੀ ਸੋਚਣ ਅਤੇ ਸਮਝਣ ਦੀ ਯੋਗਤਾ ਨੂੰ ਵਿਕਸਤ ਕਰਨ ਤੇ ਧਿਆਨ ਕੇਂਦ੍ਰਤ ਕਰਦੀ ਹੈ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਚਰਨਜੀਤ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਸਿੱਖਿਆ ਦੀ ਗੁਣਵੱਤਾ ਨੂੰ ਉੱਚ ਪੱਧਰ 'ਤੇ ਲੈ ਜਾਣ ਲਈ ਹਮੇਸ਼ਾ ਯਤਨਸ਼ੀਲ ਰਹਾਂਗੇ। ਰਿਸੋਰਸ ਪੁਰਸਨ ਰਿਪਲ ਕੁਮਾਰ, ਮੁਨੀਰ ਨੈਯਰ, ਅਤੇ ਕੰਜਨ ਬਾਲਾ ਨੇ ਵੀ ਅਧਿਆਪਕਾਂ ਨੂੰ ਸਮਕਾਲੀ ਪੱਧਤੀ ਨਾਲ ਸਿੱਖਣ-ਸਿਖਾਣ ਦੀ ਮਹੱਤਾ ਬਾਰੇ ਜਾਣਕਾਰੀ ਦਿੱਤੀ।

## ਵਿਕਸਤ ਭਾਰਤ ਬਨਾਉਣ 'ਚ ਨੌਜੁਆਨਾਂ ਦਾ ਹੋਵੇਗਾ ਅਹਿਮ ਯੋਗਦਾਨ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਰਾਜਪਾਲ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਚਾਂਸਲਰ ਬੰਡਾਰੂ ਦੱਤਾਤ੍ਰੇਅ ਨੇ ਮੰਗਲਵਾਰ ਨੂੰ ਯੂਨੀਵਰਸਿਟੀ ਦੇ 34ਵੇਂ ਕੰਨਵੋਕੇਸ਼ਨ ਸਮਾਰੋਹ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਡਾਕਟਰ ਆਫ ਲਿਟਰੇਚਰ ਦੀ ਮਾਨਦ ਉਪਾਧੀ ਨਾਲ ਸਨਮਾਨਿਤ ਕੀਤਾ। ਨਾਲ ਹੀ, ਵਿਗਿਆਨ ਦੇ ਖੇਤਰ ਵਿਚ ਵਰਨਣਯੋਗ ਕੰਮ ਕਰਨ ਵਾਲੇ ਅਤੇ ਸਪੇਸ ਵਿਚ ਭਾਰਤ ਦਾ ਮਾਣ ਵਧਾਉਣ ਵਾਲੇ ਇਸਰੋ ਦੇ ਸਾਬਕਾ ਚੇਅਰਮੈਨ ਡਾ. ਐਸ. ਸੋਮਨਾਥ ਨੂੰ ਵੀ ਯੂਨੀਵਰਸਿਟੀ ਵੱਲੋਂ ਮਾਨਦ ਉਪਾਧੀ ਅਤੇ ਗੋਇਲ ਪੀਸ ਪ੍ਰਾਇਜ ਨਾਲ ਸਨਮਾਨਿਤ ਕੀਤਾ ਗਿਆ।ਕੰਨਵੋਕੇਸ਼ਨ ਸਮਾਰੋਹ ਵਿਚ ਲਗਭਗ 2000 ਵਿਦਿਆਰਥੀਆਂ ਨੂੰ ਡਿਗਰੀ ਅਤੇ 130 ਰਜਿਸਟਰਡ ਪੀਐਚਡੀ ਧਾਰਕਾਂ ਨੂੰ ਪੀਐਚਡੀ ਦੀ ਉਪਾਧੀ ਅਤੇ 91 ਰਜਿਸਟਰਡ ਵਿਦਿਆਰਥੀਆਂ ਨੂੰ ਗੋਲਡ ਮੈਡਲ ਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ।ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵਿਜਨ ਹੈ ਕਿ ਜਦੋਂ ਅਸੀਂ ਭਾਰਤ ਦੀ ਆਜਾਦੀ ਦੇ 100 ਸਾਲ ਮਨਾਵਾਂਗੇ, ਉਦੋਂ ਸਾਡਾ ਭਾਰਤ ਦੇਸ਼ ਇੱਕ ਵਿਕਸਿਤ ਰਾਸ਼ਟਰ ਬਣੇ। ਉਨ੍ਹਾਂ ਕ੍ਰਾਂਤੀਕਾਰੀ ਵੀਰਾਂ ਦੇ ਸਪਨਿਆਂ ਦਾ ਭਾਰਤ ਬਣੇ, ਜਿਨ੍ਹਾਂ ਨੇ ਭਾਰਤ ਨੂੰ ਆਜਾਦ ਕਰਵਾਉਣ ਲਈ ਆਪਣਾ ਸੱਭ ਕੁੱਝ ਬਲਿਦਾਨ ਕਰ ਦਿੱਤਾ। ਇਸ ਵਿਜਨ ਨੂੰ ਸਾਕਾਰ ਕਰਦੇ ਹੋਏ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਵਿਚ ਸੱਭ ਤੋਂ ਮਹਤੱਵਪੂਰਨ ਯੋਗਦਾਨ ਨੌਜੁਆਨਾਂ ਦਾ ਹੋਵੇਗਾ। ਇਸ ਲਈ ਨੌਜੁਆਨਾਂ ਨੂੰ ਮਾਨਸਿਕ, ਸ਼ਰੀਰਿਕ ਅਤੇ ਨੈਤਿਕ ਰੂਪ ਨਾਲ ਮਜਬੂਤ ਬਨਣਾ ਹੈ ਅਤੇ ਜੀਵਨ ਦੇ ਟੀਚਿਆਂ ਨੂੰ ਪ੍ਰਾਪਤ ਕਰਨਾ ਹੈ।ਮੁੱਖ ਮੰਤਰੀ ਨੇ ਪੀਐਚਡੀ ਦੀ ਉਪਾਧੀ ਨਾਲ ਸਨਮਾਨਿਤ ਅਤੇ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸਿਰਫ ਡਿਗਰੀ ਨਹੀਂ, ਸਗੋਂ ਤੁਹਾਡੀ ਮਿਹਨਤ ਦਾ ਸਨਮਾਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੇ ਮਾਪਿਆਂ ਤੇ ਫੈਕਲਟੀ ਮੈਂਬਰਾਂ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਨੇ ਇਸਰੋ ਦੇ ਸਾਬਕਾ ਚੇਅਰਮੈਨ ਡਾ.ਐਸ. ਸੋਮਨਾਥ ਨੂੰ ਯੂਨੀਵਰਸਿਟੀ ਵੱਲੋਂ ਮਾਨਦ ਉਪਾਧੀ ਅਤੇ ਗੋਇਲ ਪੀਸ ਪ੍ਰਾਇਜ ਨਾਲ ਸਨਮਾਨਿਤ ਕਰਨ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

## ਰਾਜਪੁਰ ਭਾਈਆਂ 'ਚ ਨਗਰ ਕੀਰਤਨ ਸਜਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਰਾਜਪੁਰ ਭਾਈਆਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਪੰਚ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਹ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤ ਹੋਇਆ। ਇਸ ਵਿਸ਼ਾਲ ਨਗਰ ਕੀਰਤਨ ਦੌਰਾਨ ਭਾਈ ਸੁਰਿੰਦਰਪਾਲ ਸਿੰਘ ਹੈਡ ਗ੍ਰੰਥੀ, ਭਾਈ ਭੁਪਿੰਦਰ ਸਿੰਘ ਅਣਖੀ ਢਾਡੀ ਜਥਾ, ਪਲਮਾ ਵਾਲੀਆ ਬੀਬੀਆਂ ਦਾ ਢਾਡੀ ਜਥਾ, ਪ੍ਰਭਾਤ ਫੇਰੀ ਜਥਾ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ। ਵੱਖ-ਵੱਖ ਮੁਹੱਲਿਆਂ ਵਿੱਚ ਸਵਾਗਤੀ ਗੇਟ ਲਗਾ ਕੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੀ ਪੰਜ ਪਿਆਰੇ, ਪੰਜ ਨਿਸ਼ਾਨਚੀ, ਗਤਕਾ ਅਖਾੜਾ, ਨਗਾਰਾ, ਪ੍ਰਭਾਤ ਫੇਰੀ ਜਥਾ ਪਾਲਕੀ ਸਾਹਿਬ ਦੇ ਨਾਲ ਨਾਲ ਚੱਲ ਰਹੇ ਸਨ। ਇਸ ਮੌਕੇ ਪ੍ਰਬੰਧਕਾਂ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ, ਮੋਹਨ ਸਿੰਘ ਖਜ਼ਾਨਚੀ, ਬਾਬਾ ਕੇਵਲ ਰਾਮ, ਨਰਿੰਦਰ ਪਾਲ ਕੁਮਾਰ, ਗਿਆਨੀ ਸੁਰਿੰਦਰ ਪਾਲ ਸਿੰਘ, ਸ਼ਮਸ਼ੇਰ ਸਿੰਘ, ਡਾਕਟਰ ਪਰਮਜੀਤ ਸਿੰਘ ਬੱਬੂ, ਨੰਦ ਲਾਲ ਸਾਬਕਾ ਸਰਪੰਚ, ਕੁਲਦੀਪ ਸਿੰਘ, ਗੁਰਦੇਵ ਸਿੰਘ, ਜਸਵਿੰਦਰ ਸਿੰਘ ਤੋਤੂ, ਗੌਰਵ ਕੁਮਾਰ, ਗੋਬਿੰਦ ਰਾਮ, ਜਸਪ੍ਰੀਤ ਸਿੰਘ, ਮਹਿੰਦਰਪਾਲ, ਰੇਸ਼ਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



20 Feb Page-10.qxd 2/19/2025 10:39 PM Page 1



# ਪੁਲਸ ਵੱਲੋਂ ਵਹੀਕਲ ਚੋਰੀ ਕਰਨ ਵਾਲਿਆਂ ਖਿਲਾਫ਼ ਸਖਤ ਐਕਸ਼ਨ

## ਮੋਟਰਸਾਈਕਲ ਚੋਰ 2 ਮੋਟਰਸਾਈਕਲਾਂ ਸਮੇਤ ਕਾਬੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਡਾ. ਪ੍ਰਗਿਆ ਜੈਨ, ਆਈ.ਪੀ.ਐਸ, ਐਸ.ਐਸ.ਪੀ ਦੀ ਅਗਵਾਈ ਹੇਠ ਪੁਲਸ ਮਾੜੇ ਅਨਸਰਾਂ ਖ਼ਿਲਾਫ਼ ਲਗਾਤਾਰ ਵਿਸ਼ੇਸ਼ ਮੁਹਿੰਮ ਚਲਾ ਰਹੀ ਹੈ।ਇਸੇ ਮੁਹਿੰਮ ਦੇ ਤਹਿਤ ਪੁਲਸ ਵੱਲੋਂ ਚੋਰੀ ਤੇ ਸਟ੍ਰੀਟ ਕ੍ਰਾਈਮ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਪਿਛਲੇ ਕਰੀਬ 06 ਮਹੀਨੇ ਦੌਰਾਨ 128 ਮੁਕੱਦਮੇ ਦਰਜ ਕਰਕੇ 168 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ। ਸ਼੍ਰੀ ਜਸਮੀਤ ਸਿੰਘ ਸਾਹੀਵਾਲ ਐਸ.ਪੀ (ਇਨਵੈਸਟੀਗੇਸ਼ਨ) ਦੀ ਰਹਿਨੁਮਾਈ ਤੇ ਸ਼੍ਰੀ ਤਰਲੋਚਨ ਸਿੰਘ ਡੀ.ਐਸ.ਪੀ (ਫਰੀਦਕੋਟ) ਦੇ ਦਿਸ਼ਾ-ਨਿਰਦੇਸ਼ ਹੇਠ, ਚੌਕੀ ਮੈਡੀਕਲ ਕਾਲਜ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚੋਂ ਵਹੀਕਲ ਚੋਰੀ ਕਰਨ ਵਾਲੇ ਦੋਸ਼ੀ ਨੂੰ ਚੋਰੀ ਦੇ 02 ਮੋਟਰਸਾਈਕਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। 17 ਫਰਵਰੀ ਨੂੰ ਸ:ਥ: ਅਕਲਪ੍ਰੀਤ ਸਿੰਘ (ਇੰਚਾਰਜ ਚੌਕੀ ਮੈਡੀਕਲ) ਤੇ ਉਨ੍ਹਾਂ ਦੀ ਟੀਮ ਨੂੰ ਸੂਚਨਾ ਮਿਲੀ ਕਿ ਜਰਨੈਲ ਸਿੰਘ ਉਰਫ ਜੈਲਾ ਪੁੱਤਰ ਸੁਰਜੀਤ ਸਿੰਘ ਵਾਸੀ ਬਾਜੀਗਰ ਬਸਤੀ, ਜੋ ਮੈਡੀਕਲ ਹਸਪਤਾਲ ਫਰੀਦਕੋਟ ਵਿੱਚੋਂ ਮੋਟਰਸਾਈਕਲ ਚੋਰੀ ਕਰਨ ਤੇ ਅੱਗੇ ਵੇਚਣ ਦੀਆਂ ਵਾਰਦਾਤਾ ਵਿੱਚ ਸ਼ਾਮਲ ਹੈ।ਇਸ ਸੂਚਨਾ ਦੇ ਅਧਾਰ 'ਤੇ ਰੇਡ ਕੀਤੀ ਗਈ ਤੇ ਦੋਸ਼ੀ ਜਰਨੈਲ ਸਿੰਘ ਨੂੰ ਚੋਰੀ ਦੇ 02 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ। ਦੋਸ਼ੀ ਜਰਨੈਲ ਸਿੰਘ ਖਿਲਾਫ਼ ਥਾਣਾ ਸਿਟੀ ਵਿੱਚ ਮੁਕੱਦਮਾ ਨੰਬਰ 46 ਮਿਤੀ 17.02.2025 ਅਧੀਨ ਧਾਰਾ 305/317(2) ਬੀ.ਐਨ.ਐਸ ਦਰਜ ਕੀਤਾ ਗਿਆ ਹੈ।ਮੁਕੱਦਮੇ ਦੀ ਤਫ਼ਤੀਸ਼ ਜਾਰੀ ਹੈ।ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ। ਦੋਸ਼ੀ ਜਰਨੈਲ ਸਿੰਘ ਉਕਤ ਦੇ ਕ੍ਰਿਮੀਨਲ ਰਿਕਾਰਡ ਬਾਰੇ ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਦੋਸ਼ੀ ਦੇ ਖਿਲਾਫ਼ ਇਸ ਤੋਂ ਪਹਿਲਾਂ ਵੀ ਮੁਕੱਦਮਾ ਨੰਬਰ 262 ਮਿਤੀ 19.12.2005 ਅਧੀਨ ਧਾਰਾ 302/34 ਆਈ.ਪੀ.ਸੀ ਥਾਣਾ ਸਿਟੀ ਫ਼ਰੀਦਕੋਟ ਦਰਜ ਸੀ।

# ਰੌਕ ਐਂਡ ਸਟੋਰਮ ਸ਼ਰਾਬ ਫੈਕਟਰੀ ਅੱਗੇ ਵਿਸ਼ਾਲ ਧਰਨਾ ਪ੍ਰਦਰਸ਼ਨ

**ਦਿੜ੍ਹਬਾ (ਜਸਵੀਰ ਲਾਡੀ)**- ਰੌਕ ਐਂਡ ਸਟੋਰਮ ਸ਼ਰਾਬ ਫੈਕਟਰੀ ਛਾਜਲੀ ਅੱਗੇ ਜ਼ਿਲ੍ਹਾ ਏਟਕ ਦੀ ਅਗਵਾਈ ਹੇਠ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਗਿਆ। ਫੈਕਟਰੀ ਕਾਮਿਆਂ ਨੇ ਮੈਨੇਜਮੈਂਟ ਦਾ ਪੀੜਤ ਸਿਆਪਾ ਕਰਦਿਆਂ ਕਿਹਾ ਕਿ ਕੰਪਨੀ ਦੀ ਮੈਨੇਜਮੈਂਟ ਵੱਲੋਂ ਮੰਨੀਆਂ ਅਧੂਰੀਆਂ ਮੰਗਾਂ ਨੂੰ ਮੁੱਖ ਰੱਖ ਕੇ ਧਰਨਾ ਪ੍ਰਦਰਸ਼ਨ ਕੀਤਾ ਹੈ। ਪ੍ਰਸ਼ਾਸਨ ਨੇ ਜਦੋਂ ਗੇਟ ਵਾਲੇ ਰਾਹ ਤੋਂ ਜਾਣ ਤੋਂ ਰੋਕ ਦਿੱਤਾ ਤਾਂ ਸ਼ਰਮਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਕਾਮਿਆਂ ਨੇ ਰੋਡ ਜਾਮ ਕਰ ਦਿੱਤਾ। ਪ੍ਰਸ਼ਾਸਨ ਨੇ ਮਾਲਕਾਂ ਦੀ ਸ਼ਹਿ 'ਤੇ ਮੁਸ਼ਕਲਾਂ ਪੈਦਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਕਾਮਿਆਂ ਨੇ ਇਕ ਵੀ ਟਰੱਕ ਨਹੀਂ ਨਿਕਲਣ ਦਿੱਤਾ। ਜਦੋਂ ਪ੍ਰਸ਼ਾਸਨ ਨੇ ਕੰਪਨੀ ਦੀ ਮੈਨੇਜਮੈਂਟ ਨਾਲ ਮੀਟਿੰਗ ਕਰਵਾਈ ਤਾਂ ਮੈਨੇਜਮੈਂਟ ਨੇ ਦੁਬਾਰਾ ਫਿਰ ਤੋਂ ਮੰਨੀਆਂ ਮੰਗਾਂ ਲਾਗੂ ਕਰਨ ਦੇ ਜਵਾਬ ਦੇਣ 'ਤੇ ਸਮੂਹ ਫੈਕਟਰੀ ਕਾਮਿਆਂ ਨੇ ਪੱਕਾ ਮੋਰਚਾ ਲਗਾ ਦਿੱਤਾ, ਜਿਹੜਾ ਮੰਗਾਂ ਦੇ ਲਾਗੂ ਹੋਣ ਤੱਕ ਜਾਰੀ ਰਹੇਗਾ। ਪਿਛਲੇ ਲੰਮੇ ਸਮੇਂ ਤੋਂ ਮੰਗਾਂ ਜਿਵੇਂ ਇਕ ਮਾਰਚ ਤੋਂ ਰਹਿੰਦਾ ਮਿਨੀਮਮ ਵੇਜ ਦਿੱਤਾ ਜਾਵੇ, 3 ਕਾਮੇ ਪੱਕੇ ਕੀਤੇ ਜਾਣਗੇ, 15 ਕਾਮੇ ਅਗਲੇ ਗਰੇਡ ਵਿਚ ਕੀਤੇ ਜਾਣਗੇ, ਬੰਦੇ ਹਾਈ ਸਕਿਲਡ ਕੀਤੇ ਜਾਣਗੇ ਜੋ ਕਿ 23 -11- 2023 ਨੂੰ ਏ ਐਲ ਸੀ ਦੇ ਮੈਨੇਜਮੈਂਟ ਮੰਨ ਕੇ ਦਸਤਖਤ ਕਰਕੇ ਆਈ ਹੈ, ਬੋਨਸ ਮਿਨੀਮਮ ਵੇਜ ਦੇ ਹਿਸਾਬ ਨਾਲ ਕਾਨੂੰਨ ਤੌਰ 'ਤੇ ਮਿਲੇਗਾ, ਵਰਕਰਾਂ ਨੂੰ ਰੋਟੀ ਖਾਣ ਵਾਲੀ ਸਾਫ ਸੁਥਰੀ ਜਗ੍ਹਾ ਅਤੇ ਕੰਟੀਨ ਦਾ ਪ੍ਰਬੰਧ ਕੀਤਾ ਜਾਵੇ। ਵਰਕਰਾਂ ਦੀ ਹਰੇਕ ਲਿਖਤੀ ਸ਼ਿਕਾਇਤ ਦਾ



ਜਲਦੀ ਨਿਪਟਾਰਾ ਕੀਤਾ ਜਾਇਆ ਕਰੇਗਾ, ਸਗੋਂ ਨਿਪਟਾਰਾ ਕਰਨ ਦੀ ਬਜਾਏ ਮੈਨੇਜਮੈਂਟ ਨੇ ਕਾਮਿਆਂ ਦੀਆਂ ਮੁਸ਼ਕਲਾਂ ਵਿਚ ਵਾਧਾ ਕੀਤਾ ਹੈ। ਇਸ ਮੌਕੇ ਏਟਕ ਦੇ ਨੈਸ਼ਨਲ ਆਗੂ ਸੁਖਦੇਵ ਸ਼ਰਮਾ, ਟਰੇਡ ਯੂਨੀਅਨ ਆਗੂ ਕ੍ਰਿਸ਼ਨ ਭੜੋ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨਿੱਕਾ ਸੰਗਤੀਵਾਲਾ ਅਤੇ ਪਿਆਰਾ ਸਿੰਘ ਛਾਜਲੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰਧਾਨ ਗੁਰਜੰਟ ਸਿੰਘ ਛਾਜਲੀ, ਪੈਪਸੀਕੋ ਵਰਕਰਜ਼ ਯੂਨੀਅਨ ਏਟਕ ਦੇ ਪ੍ਰਧਾਨ ਵਿਕਰਮਜੀਤ ਸਿੰਘ, ਪੇਂਡੂ ਕਰਾਂਤੀਕਾਰੀ ਯੂਨੀਅਨ ਬਲਜੀਤ ਨਮੋਲ, ਹਰਿੰਦਰ ਸਿੰਘ ਪੈਪਸੀਕੋ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੱਕ ਸਾਰੀਆਂ ਮੰਨੀਆਂ ਮੰਗਾਂ ਦਾ ਨਿਪਟਾਰਾ ਨਹੀਂ ਹੁੰਦਾ, ਸੰਘਰਸ਼ ਜਾਰੀ ਰਹੇਗਾ। ਦਿਨ ਰਾਤ ਦੇ ਧਰਨੇ ਵਿਚ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਮੈਨੇਜਮੈਂਟ ਤੇ ਪੁਲਸ ਪ੍ਰਸ਼ਾਸਨ ਜ਼ੁੰਮੇਵਾਰ ਹੋਵੇਗਾ।

# ਸੱਤ ਜ਼ਿਲ੍ਹਿਆਂ ਦੇ ਬਾਰਡਰ 'ਤੇ 30 ਕਰੋੜ ਨਾਲ ਲਾਏ ਜਾਣਗੇ ਅਤਿ ਆਧੁਨਿਕ ਸੀ.ਸੀ.ਟੀ.ਵੀ ਕੈਮਰੇ : ਅਰਪਿਤ ਸ਼ੁਕਲਾ



**ਮੋਗਾ, (ਇਕਬਾਲ ਸਿੰਘ ਖਹਿਰਾ)** ਡੀ.ਜੀ.ਪੀ ਪੰਜਾਬ ਲਾਅ ਐਂਡ ਆਰਡਰ ਵੱਲੋਂ ਐਸ.ਐਸ.ਪੀ ਦਫਤਰ ਵਿਖੇ ਡੀ.ਆਈ.ਜੀ ਫਰੀਦਕੋਟ ਰੇਂਜ ਐਸ.ਐਸ.ਪੀ ਮੋਗਾ ਐਸ.ਐਸ.ਪੀ ਸ਼੍ਰੀ ਮੁਕਤਸਰ ਸਾਹਿਬ, ਐਸ.ਐਸ.ਪੀ ਫ਼ਿਰੋਜ਼ਪੁਰ, ਐਸ.ਐਸ.ਪੀ ਤਰਨਤਰਨ ਤੇ ਐਸ.ਐਸ.ਪੀ ਫਾਜ਼ਿਲਕਾ ਨਾਲ ਮੀਟਿੰਗ ਕੀਤੀ ਗਈ।ਲਾਅ ਐਂਡ ਆਰਡਰ ਨੂੰ ਮੈਨਟੇਨ ਕਰਨ ਲਈ ਦਿੱਤੀਆਂ ਨਵੀਆਂ ਹਦਾਇਤਾਂ ਤੇ ਸੱਤ ਜ਼ਿਲ੍ਹਿਆਂ ਦੇ ਬਾਰਡਰਾਂ ਉੱਪਰ ਸੀ.ਸੀ.ਟੀ.ਵੀ ਕੈਮਰੇ ਲਾਏ ਜਾ ਰਹੇ ਹਨ। ਡੀ.ਜੀ.ਪੀ ਲਾਅ ਐਂਡ ਆਰਡਰ ਪੰਜਾਬ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੰਜਾਬ ਵਿੱਚ ਪੁਲਸ ਵੱਲੋਂ ਲਾਅ ਐਂਡ ਆਰਡਰ ਨੂੰ ਮੈਨਟੇਨ ਕਰਨ ਲਈ ਮੋਗਾ ਵਿਖੇ ਫ਼ਿਰੋਜ਼ਪੁਰ ਰੇਂਜ ਦੇ ਸਾਰੇ ਐਸ.ਐਸ.ਪੀਜ਼ ਨਾਲ ਮੀਟਿੰਗ ਕੀਤੀ ਗਈ ਤੇ ਲਾਅ ਐਂਡ ਆਰਡਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਵੱਲੋਂ ਲਗਾਤਾਰ ਨਸ਼ਾ ਤਸਕਰਾਂ ਤੇ ਮਾੜੇ ਅਨਸਰਾਂ ਦੇ ਖਿਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਵੀ ਅਸੀਂ ਲਾਅ ਐਂਡ ਆਰਡਰ ਨੂੰ ਬਹਾਲ ਕਰਨ ਲਈ ਤੇ ਨਸ਼ੇ ਨੂੰ ਖਤਮ ਕਰਨ ਲਈ ਹੋਰ ਸਖਤੀ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੇ ਵੱਡੇ ਮਗਰਮੱਛਾਂ ਦੀਆਂ ਪ੍ਰਾਪਰਟੀਆਂ ਨੂੰ ਫਰੀਜ਼ ਕੀਤੀਆਂ ਗਈਆਂ ਹਨ ਤਾਂ ਜੁ ਮਾੜੇ ਅਨਸਰ, ਜੋ ਦੇਸ਼ ਵਿਰੋਧੀ ਕੰਮ ਕਰ ਰਹੇ ਹਨ, ਉਨ੍ਹਾਂ ਦੇ ਉੱਪਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੱਤ ਜ਼ਿਲ੍ਹਿਆਂ ਦੇ ਬਾਰਡਰ ਉੱਪਰ 30 ਕਰੋੜ ਦੀ ਲਾਗਤ ਨਾਲ ਅਤਿ ਆਧੁਨਿਕ ਸੀ.ਸੀ.ਟੀ.ਵੀ ਕੈਮਰੇ ਲਾਏ ਜਾ ਰਹੇ ਹਨ।

# ਅਮਰਪ੍ਰੀਤ ਸਿੰਘ ਨੇ ਨਾਇਬ ਤਹਿਸੀਲਦਾਰ ਦਾ ਵਾਧੂ ਚਾਰਜ ਸੰਭਾਲਿਆ

**ਕੋਟ ਈਸੇ ਖਾਂ, (ਅਰੋੜਾ)** ਅਮਰਪ੍ਰੀਤ ਸਿੰਘ ਨੇ ਬੁੱਧਵਾਰ ਨੂੰ ਸਬ ਤਹਿਸੀਲ ਕੋਟ ਈਸੇ ਖਾਂ ਵਿੱਚ ਨਾਇਬ ਤਹਿਸੀਲਦਾਰ



ਵਜੋਂ ਵਾਧੂ ਚਾਰਜ ਸੰਭਾਲ ਲਿਆ ਹੈ। ਅਮਰਪ੍ਰੀਤ ਸਿੰਘ ਇਸ ਤੋਂ ਪਹਿਲਾਂ ਸਮਾਲਸਰ ਕਸਬੇ ਵਿੱਚ ਨਾਇਬ ਤਹਿਸੀਲਦਾਰ ਵਜੋਂ ਤਾਇਨਾਤ ਹਨ । ਵਾਧੂ ਚਾਰਜ ਸੰਭਾਲਣ 'ਤੇ ਰੀਡਰ ਮੁਲਖ ਰਾਜ, ਪਟਵਾਰੀ ਮੈਡਮ ਸ਼ਿਖਾ, ਮਨੀਤਾ, ਬਿੰਨੀ ਅਤੇ ਸਟਾਫ਼ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ । ਨਾਇਬ ਤਹਿਸੀਲਦਾਰ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤੇ ਜਾਣਗੇ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਸੋਮਵਾਰ ਅਤੇ ਬੁੱਧਵਾਰ ਨੂੰ ਸਬ ਤਹਿਸੀਲ ਕੋਟ ਈਸੇ ਖਾਂ ਵਿੱਚ ਰਜਿਸਟਰੀਆਂ ਕੀਤੀਆਂ ਜਾਣਗੀਆਂ ਤੇ ਤਹਿਸੀਲ ਵਿੱਚ ਕਿਸੇ ਵੀ ਵਿਅਕਤੀ ਨੂੰ ਕੰਮ ਸਬੰਧੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਪੈਨਸ਼ਨਰਜ਼ ਤੇ ਸੀਨੀਅਰ ਸਿਟੀਜ਼ਨ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ : ਡਿਪਟੀ ਕਮਿਸ਼ਨਰ

**ਸੰਗਰੂਰ (ਪ੍ਰਵੀਨ ਸਿੰਘ)**- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੈਨਸ਼ਨ ਵੈਲਫ਼ੇਅਰ ਐਸੋ: ਜ਼ਿਲ੍ਹਾ ਸੰਗਰੂਰ ਦਾ ਵਫ਼ਦ ਐਸੋ: ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿਚ ਡੀ.ਸੀ.ਸੰਗਰੂਰ ਸੰਦੀਪ ਰਿਸ਼ੀ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਜ਼ਿਲ੍ਹਾ ਜਨਰਲ ਸਕੱਤਰ ਦਰਸ਼ਨ ਸਿੰਘ, ਸੀਨੀਅਰ ਮੀਤ ਪ੍ਰਧਾਨ ਆਰ.ਐਲ.ਪਾਂਧੀ, ਮੁੱਖ ਸਲਾਹਕਾਰ ਭੁਪਿੰਦਰ ਸਿੰਘ ਜੱਸੀ, ਵਿੱਤ ਸਕੱਤਰ ਕਰਨੈਲ ਸਿੰਘ ਸੇਖੋਂ, ਸਹਾਇਕ ਵਿੱਤ ਸਕੱਤਰ ਰਜਿੰਦਰ ਸਿੰਘ, ਜ਼ਿਲ੍ਹਾ ਦਫ਼ਤਰ ਇੰਚਾਰਜ ਸੁਰਿੰਦਰ ਸਿੰਘ ਸੋਢੀ, ਮੀਤ ਪ੍ਰਧਾਨ ਅਵਿਨਾਸ਼ ਸ਼ਰਮਾ, ਸਲਾਹਕਾਰ ਸਤਦੇਵ ਸ਼ਰਮਾ, ਵਧੀਕ ਜਨਰਲ ਸਕੱਤਰ ਜਸਵੀਰ ਸਿੰਘ ਅਤੇ ਪ੍ਰੈਸ ਸਕੱਤਰ ਲਾਲ ਚੰਦ ਸੈਣੀ ਆਦਿ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੂੰ ਜ਼ਿਲ੍ਹਾ ਕਾਰਜਕਾਰਨੀ ਦੇ



61 ਮੈਂਬਰਾਂ ਦੀ ਸੂਚੀ ਸੌਂਪਦਿਆਂ ਦੱਸਿਆ ਕਿ ਪੈਨਸ਼ਨਰ ਵੈਲਫ਼ੇਅਰ ਐਸੋ: ਜ਼ਿਲ੍ਹਾ ਸੰਗਰੂਰ ਨਾਲ 9 ਯੂਨਿਟਾਂ ਐਫ਼ੀਲੇਟਡ ਹਨ। ਉਨ੍ਹਾਂ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦਾ ਕਿ ਵਿਭਾਗਾਂ ਅਤੇ ਤਹਿਸੀਲਾਂ ਵਿਚ ਪੈਨਸ਼ਨਰਾਂ ਅਤੇ ਸੀਨੀਅਰ ਸਿਟੀਜ਼ਨ ਨੂੰ ਕੰਮ ਕਰਵਾਉਣ ਵਿਚ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕੁੱਝ ਯੂਨਿਟਾਂ ਵਿਚ ਐਸੋ: ਨੂੰ ਦਫ਼ਤਰ ਵੀ ਮੁਹੱਈਆ ਨਹੀਂ ਕਰਵਾਏ ਜਾਂਦੇ। ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਪੈਨਸ਼ਨਰ ਅਤੇ ਸੀਨੀਅਰ ਸਿਟੀਜ਼ਨ ਦੇ ਕੰਮ ਪਹਿਲ ਦੇ ਆਧਾਰ +ਤੇ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਅਤੇ ਸਮੂਹ ਐਸ.ਡੀ.ਐਮ. ਸਾਹਿਬਾਨ ਨੂੰ ਕਾਰਜਕਾਰੀ ਮੈਂਬਰਾਂ ਦੀ ਸੂਚੀ ਭੇਜਦੇ ਹੋਏ ਹਦਾਇਤ ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ।

# ਆਜ਼ਾਦੀ ਘੁਲਾਟੀਆਂ, ਸਾਬਕਾ ਸੈਨਿਕਾਂ, ਵਿਧਵਾਵਾਂ ਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਸਭ ਤੋਂ ਵੱਡੀ ਤਰਜੀਹ : ਕੈਬਨਿਟ ਮੰਤਰੀ

**ਲੁਧਿਆਣਾ (ਰਾਜ ਸਿੰਗਲਾ)**- ਪੰਜਾਬ ਦੇ ਸੁਤੰਤਰਤਾ ਸੈਨਾਨੀ ਅਤੇ ਰੱਖਿਆ ਭਲਾਈ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਸੁਤੰਤਰਤਾ ਸੈਨਾਨੀਆਂ, ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਵਿਧਾਇਕ ਮਦਨ ਲਾਲ ਬੱਗਾ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਅਤੇ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਦੌਰੇ ਦੌਰਾਨ ਕੈਬਨਿਟ ਮੰਤਰੀ ਭਗਤ ਨੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਦੀਆਂ ਅਸਲ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਵਿਭਾਗ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਸ਼ਟਰ ਇਨ੍ਹਾਂ ਬਹਾਦਰ ਯੋਧਿਆਂ ਦਾ ਹਮੇਸ਼ਾ ਰਿਣੀ ਰਹੇਗਾ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਆਜ਼ਾਦੀ ਮਿਲੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਗਰੁੱਪ ਏ, ਬੀ, ਸੀ ਅਤੇ ਡੀ ਅਸਾਮੀਆਂ ਵਿੱਚ ਈ.ਐਸ.ਐਮ. ਲਈ 13 ਫੀਸਦ ਅਸਾਮੀਆਂ ਰਾਖਵੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਆਜ਼ਾਦੀ ਘੁਲਾਟੀਆਂ, ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਜਦੋਂ ਵੀ ਸਰਕਾਰੀ ਦਫ਼ਤਰਾਂ ਵਿੱਚ ਆਉਣ ਤਾਂ ਉਨ੍ਹਾਂ ਦੇ ਮਸਲਿਆਂ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਵੇ।ਕੈਬਨਿਟ ਮੰਤਰੀ ਭਗਤ ਨੇ ਉਨ੍ਹਾਂ ਨੂੰ ਕੁਸ਼ਲ ਅਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਅਧਿਕਾਰੀਆਂ ਨੂੰ ਸਾਰੀਆਂ ਮੁਸ਼ਕਿਲਾਂ ਤੁਰੰਤ ਹੱਲ ਕਰਨ ਲਈ ਕਿਹਾ। ਕੈਬਨਿਟ ਮੰਤਰੀ ਨੇ ਅਗਨੀਵੀਰ ਅਜੈ ਕੁਮਾਰ ਦੇ ਮਾਤਾ-ਪਿਤਾ ਨੂੰ ਵੀ ਸਨਮਾਨਤ ਕੀਤਾ, ਜਿਨ੍ਹਾਂ 17 ਸਿੱਖ ਐਲ.ਆਈ. ਵਿਚ ਸੇਵਾ ਕੀਤੀ ਅਤੇ ਅਪਰੇਸ਼ਨ ਰਕਸ਼ਕ ਦੇ ਹਿੱਸੇ ਵਜੋਂ 18 ਜਨਵਰੀ, 2024 ਨੂੰ ਅਪਰੇਸ਼ਨਲ ਡਿਊਟੀ ਦੌਰਾਨ ਜੰਮੂ-ਕਸ਼ਮੀਰ ਦੇ ਕਲਾਲ ਸੈਕਟਰ ਵਿਖੇ ਬਾਰੂਦੀ ਸੁਰੰਗ ਦੇ ਧਮਾਕੇ ਵਿਚ ਆਪਣੀ ਜਾਨ ਗੁਆ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਾਲ ਅਜੈ ਕੁਮਾਰ ਦੇ ਪਰਿਵਾਰ ਨੂੰ 1 ਕਰੋੜ ਰੁਪਏ ਦੀ ਰਾਸ਼ੀ ਦਾ ਚੈੱਕ ਸੌਂਪਿਆ ਸੀ।ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ 112 ਇੰਜਨੀਅਰ ਰੈਜੀਮੈਂਟ ਵਿੱਚ ਸੇਵਾ ਨਿਭਾਅ ਰਹੇ ਨਾਇਕ ਰਣਜੀਤ ਸਿੰਘ ਦੀ ਵਿਧਵਾ ਸੁਖਵੀਰ ਕੌਰ ਨੂੰ ਫਲੈਗ ਡੇਅ ਫੰਡ ਵਿੱਚੋਂ 1 ਲੱਖ ਰੁਪਏ ਦਾ ਚੈੱਕ ਭੇਟ ਕੀਤਾ ਜਿਨ੍ਹਾਂ ਦੀ 10 ਨਵੰਬਰ, 2024 ਨੂੰ ਡਿਊਟੀ ਦੌਰਾਨ ਮੌਤ ਹੋ ਗਈ ਸੀ। ਉਨ੍ਹਾਂ ਫਲੈਗ ਡੇਅ ਫੰਡ ਵਿੱਚੋਂ 12 ਸੇਵਾਮੁਕਤ ਗੈਰ-ਪੈਨਸ਼ਨਰਾਂ ਅਤੇ ਵਿਧਵਾਵਾਂ ਨੂੰ 5-5 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਵੀ ਵੰਡੇ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਲੁਧਿਆਣਾ ਦੇ ਆਪਣੇ ਪਹਿਲੇ ਦੌਰੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਾਇਬ ਘਰ ਵਿਖੇ ਗਾਰਡ ਆਫ਼ ਆਨਰ ਦਿੱਤਾ ਗਿਆ। ਉਨ੍ਹਾਂ ਪੰਜਾਬ ਪੁਲੀਸ ਦੇ ਗਾਰਡ ਆਫ਼ ਆਨਰ ਤੋਂ ਸਲਾਮੀ ਲਈ ਅਤੇ ਯਾਦਗਾਰ 'ਤੇ ਫੁੱਲਮਾਲਾਵਾਂ ਭੇਟ ਕੀਤੀਆਂ।ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕੈਬਨਿਟ ਮੰਤਰੀ ਦਾ ਅਜਾਇਬ ਘਰ ਵਿੱਚ ਸਵਾਗਤ ਕੀਤਾ।ਇਸ ਮੌਕੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਅਤੇ ਹੋਰ ਵੀ ਹਾਜ਼ਰ ਸਨ।



# ਡਾ. ਅਨਿਰੁਧ ਗੁਪਤਾ ਨੇ ਸੰਭਾਲਿਆ ਅਹੁਦਾ



**ਮੋਗਾ, (ਇਕਬਾਲ ਖਹਿਰਾ /ਮਨੀ ਸਿੰਗਲਾ)**- ਸਥਾਨਕ ਸ਼ਹਿਰ ਦੇ ਫਿਰੋਜ਼ਪੁਰ ਰੋਡ ਉਪਰ ਸਥਿਤ ਰਾਜੀਵ ਹਸਪਤਾਲ ਵਿਚ ਐਮ.ਬੀ.ਬੀ.ਐਸ ਡਾ. ਅਨਿਰੁਧ ਗੁਪਤਾ ਨੇ ਐਮ.ਡੀ. ਮੈਡੀਸਨ ਦੇ ਤੌਰ 'ਤੇ ਬੁੱਧਵਾਰ ਆਪਣਾ ਅਹੁਦਾ ਸੰਭਾਲ ਲਿਆ। ਡਾ. ਅਨਿਰੁਧ ਗੁਪਤਾ ਵੱਲੋਂ ਆਹੁਦਾ ਸੰਭਾਲਣ 'ਤੇ ਡਾ. ਰਾਜੀਵ ਗੁਪਤਾ ਅਤੇ ਸਮੂਹ ਹਸਪਤਾਲ ਦੇ ਸਟਾਫ਼ ਵੱਲੋਂ ਉਨ੍ਹਾਂ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਮੀਡੀਆ ਦੇ ਨਾਲ ਗੱਲਬਾਤ ਕਰਦਿਆਂ ਹਸਪਤਾਲ ਦੇ ਮਾਲਕ ਡਾ. ਰਾਜੀਵ ਗੁਪਤਾ ਨੇ ਕਿਹਾ ਕਿ ਡਾ. ਅਨਿਰੁਧ ਗੁਪਤਾ ਜੋ ਐਮ.ਬੀ.ਬੀ.ਐਸ ਡਾਕਟਰ ਹਨ ਅਤੇ ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰ ਹਨ, ਇਨ੍ਹਾਂ ਵੱਲੋਂ ਜੁਆਇਨ ਕਰਨ ਨਾਲ ਜਿੱਥੇ ਮੋਗਾ ਜ਼ਿਲ੍ਹੇ ਦੇ ਲੋਕਾਂ ਦੇ ਇਲਾਵਾ ਆਸ ਪਾਸ ਦੇ ਇਲਾਕਿਆਂ ਦੇ ਪਿੰਡ ਦੇ ਲੋਕਾਂ ਨੂੰ ਹੁਣ ਲੁਧਿਆਣਾ ਜਾਂ ਚੰਡੀਗੜ੍ਹ ਵਿਖੇ ਜਾਣ ਦੀ ਲੋੜ ਨਹੀਂ। ਡਾ. ਅਨਿਰੁਧ ਗੁਪਤਾ ਨੇ ਡਾ. ਰਾਜੀਵ ਗੁਪਤਾ ਸਮੇਤ ਸਮੂਹ ਸਟਾਫ਼ ਦਾ ਉਨ੍ਹਾਂ ਨੂੰ ਦਿੱਤੇ ਗਏ ਮਾਣ ਸਨਮਾਨ ਦੇ ਲਈ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ 5 ਲੱਖ ਵਾਲਾ ਆਯੁਸ਼ਮਾਨ ਵਾਲੇ ਕਾਰਡ 'ਤੇ ਵੀ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ।

# ਛੇਵੀਂ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ 'ਚ ਭਾਗ ਲੈਣ ਵਾਲੇ ਵਿਦਿਆਰਥੀ ਸਨਮਾਨਤ

**ਸੰਗਰੂਰ (ਪ੍ਰਵੀਨ ਸਿੰਘ)**- ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ 'ਚ ਵਿਗਿਆਨਕ ਚੇਤਨਾ ਪੈਦਾ ਕਰਨ ਲਈ ਛੇਵੀਂ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਲਈ ਗਈ ਸੀ।ਇਸ ਪ੍ਰੀਖਿਆ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਭਾਵਾਲ ਦੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅੱਜ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਇਨਾਮ ਤਕਸੀਮ ਕੀਤੇ ਗਏ। ਛੇਵੀਂ ਜਮਾਤ ਦੇ ਵਿਦਿਆਰਥੀ ਅਰਮਾਨ ਸਿੰਘ ਨੂੰ ਇਕਾਈ ਸੰਗਰੂਰ ਦੀ ਛੇਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ ਵਿੱਚ 13ਵੀਂ ਪੁਜੀਸ਼ਨ ਹਾਸਲ ਕਰਨ 'ਤੇ ਮੈਡਲ, ਕਿਤਾਬਾਂ ਦਾ ਸੈੱਟ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਇਮਤਿਹਾਨ ਵਿੱਚ ਪਾਸ ਹੋਣ ਵਾਲੇ ਬਾਕੀ ਵਿਦਿਆਰਥੀਆਂ ਨੂੰ ਭਾਗੀਦਾਰੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਬਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਲਏ ਜਾਣ ਵਾਲੇ ਅਜਿਹੇ ਇਮਤਿਹਾਨਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ ਸੀਮਾ ਗੋਇਲ, ਸੋਨਲ ਗੋਇਲ, ਰੇਨੂ ਬਾਲਾ, ਰੇਖਾ, ਅਨੀਤਾ, ਰੂਹੀ ਗੋਇਲ, ਤੇਜਿੰਦਰ ਕੌਰ, ਗਗਨਦੀਪ ਕੌਰ ਰੁਪਿੰਦਰ ਕੁਮਾਰ, ਸਿੰਦਰਪਾਲ ਕੌਰ, ਵਨੀਤਾ, ਲਾਭ ਸਿੰਘ, ਸ਼ੇਰਗਿਲ, ਅਵਤਾਰ ਸਿੰਘ, ਭਾਰਤ ਭੂਸ਼ਨ, ਪ੍ਰਭਜੋਤ ਸਿੰਘ ਅਧਿਆਪਕ ਨੇ ਸ਼ਮੂਲੀਅਤ ਕੀਤੀ।

# ਡਾ. ਸੈਫ਼ੀ ਦੀ ਕਿਤਾਬ 'ਮੁਹੱਬਤ ਨੇ ਕਿਹਾ' ਨੂੰ ਕੰਵਰ ਚੌਹਾਨ ਯਾਦਗਾਰੀ ਨਜ਼ਮ ਪੁਰਸਕਾਰ

**ਕੋਟਕਪੂਰਾ, (ਰਛਪਾਲ ਭੁੱਲਰ)** ਪਿੰਡ ਮੋਰਾਂਵਾਲੀ ਦੇ ਬਸ਼ਿੰਦੇ ਪੰਜਾਬੀ ਸ਼ਾਇਰ ਡਾ. ਦੇਵਿੰਦਰ ਸੈਫ਼ੀ ਦੀ ਨਵੀਂ ਕਾਵਿ ਪੁਸਤਕ 'ਮੁਹੱਬਤ ਨੇ ਕਿਹਾ' ਨੂੰ ਸ਼੍ਰੀ ਕੰਵਰ ਚੌਹਾਨ ਯਾਦਗਾਰੀ ਨਜ਼ਮ ਪੁਰਸਕਾਰ, 2025 ਪ੍ਰਦਾਨ ਕੀਤਾ ਗਿਆ।ਇਹ ਪੁਰਸਕਾਰ ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ (ਰਜਿ.) ਦੇ ਪ੍ਰਧਾਨ ਸ਼੍ਰੀ ਦਰਸ਼ਨ ਬੁੱਟਰ, ਉੱਘੇ ਵਿਦਵਾਨ ਡਾ. ਮਨਮੋਹਨ, ਭਾਸ਼ਾ ਵਿਭਾਗ ਦੇ ਡਾਇਰੈਕਟਰ ਸ਼੍ਰੀ ਜਸਵੰਤ ਸਿੰਘ ਜ਼ਫਰ, ਪੰਜਾਬੀ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ, ਚੌਹਾਨ ਪਰਿਵਾਰ ਦੇ ਮੈਂਬਰਾਂ ਵੱਲੋਂ ਸ਼ਾਇਰਾਂ, ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦੀ ਮੌਜੂਦਗੀ ਵਿੱਚ ਪ੍ਰਦਾਨ ਕੀਤਾ ਗਿਆ।ਇਸ ਪੁਰਸਕਾਰ ਦੌਰਾਨ ਪੇਸ਼ ਕੀਤੇ ਗਏ ਮਾਣ ਪੱਤਰ ਵਿੱਚ ਡਾ. ਸੈਫ਼ੀ ਨੂੰ ਮੁਹੱਬਤ ਦਾ ਮੁਤਬੰਨਾ, ਬਹੁਪਰਤੀ ਕਾਇਆ ਵਾਲਾ, ਵਿਸ਼ੇਸ਼ ਆਭਾ ਮੰਡਲ ਵਾਲਾ ਸ਼ਾਇਰ ਕਿਹਾ ਗਿਆ ਹੈ।ਇਸ ਪੁਰਸਕਾਰ ਦੀ ਪ੍ਰਾਪਤੀ ਉਪਰੰਤ ਡਾਇਰੈਕਟਰ ਸੁਖਚੈਨ ਸਿੰਘ ਬਰਾੜ ਨੇ ਕਿਹਾ ਕਿ ਇਸ ਪੁਸਤਕ ਦੇ ਹਰ ਪੰਨੇ ਨੇ ਮੈਨੂੰ ਵਿਲੱਖਣ ਰਸ ਨਾਲ ਭਰਪੂਰ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਪੁਸਤਕ ਉੱਪਰ ਹੋਈਆਂ ਦੋ ਵਿਸ਼ਾਲ ਚਰਚਾਵਾਂ ਉਨ੍ਹਾਂ ਦੀ ਪ੍ਰਧਾਨਗੀ ਵਿੱਚ ਹੋਈਆਂ ਹਨ।ਇਨ੍ਹਾਂ ਚਰਚਾਵਾਂ ਦੌਰਾਨ ਵੱਖ-ਵੱਖ ਵਿਦਵਾਨਾਂ ਤੋਂ ਇਸ ਪੁਸਤਕ ਦੀਆਂ ਗਹਿਰੀਆਂ ਪਰਤਾਂ ਤੇ ਵਿਸ਼ਾਲ ਅਰਥਾਂ ਬਾਰੇ ਮੁੱਢਲੀ ਟੋਹ ਮਿਲ ਗਈ ਸੀ। ਇਸ ਮਹੱਤਵਪੂਰਨ ਪੁਸਤਕ ਦਾ ਸਨਮਾਨ ਸਾਡਾ ਸਭ ਦਾ ਸਨਮਾਨ ਹੈ। ਪ੍ਰੋ. ਦਲਬੀਰ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਰੋਮਾਣਾ, ਉੱਘੇ ਅਦਾਕਾਰ ਜਸਬੀਰ ਜੱਸੀ, ਸ਼੍ਰੀਚੰਦ ਸੰਸਥਾ ਦੇ ਸੰਚਾਲਕ ਰਜਿੰਦਰ ਰਿੰਕੂ, ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ, ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਸਮਾਜ ਸੇਵੀ ਉਦੈ ਰੰਦੇਵ ਪੰਜਾਬੀ ਸਾਹਿਤ ਸਭਾ, ਕਲਮਾਂ ਦੇ ਰੰਗ ਸਭਾ ਦੇ ਮੈਂਬਰਾਨ, ਮੋਰਾਂਵਾਲੀ ਦੇ ਸਰਪੰਚ ਸਰਬਜੀਤ ਸਿੰਘ, ਨੰਬਰਦਾਰ ਯੂਨੀਅਨ ਦੇ ਪ੍ਰਧਾਨ ਮਨਦੀਪ ਸਿੰਘ ਵੱਲੋਂ ਇਸ ਪੁਰਸਕਾਰ ਮਿਲਣ 'ਤੇ ਵਿਸ਼ੇਸ਼ ਖ਼ੁਸ਼ੀ ਜ਼ਾਹਰ ਕੀਤੀ ਗਈ।



# 50 ਵਕੀਲਾਂ ਨੂੰ ਚੈਂਬਰ ਅਲਾਟ

**ਨਾਭਾ, (ਵਰਿੰਦਰ ਵਰਮਾ)**- ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੂੰਗੋ ਦੀ ਅਗਵਾਈ ਹੇਠ ਅਦਾਲਤੀ ਕੰਪਲੈਕਸ ਵਿੱਚ ਚੈਂਬਰ ਅਲਾਟ ਕੀਤੇ ਗਏ। ਇਸ ਮੌਕੇ ਪ੍ਰਧਾਨ ਗਿਆਨ ਸਿੰਘ ਮੂੰਗੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਅਲਾਟਮੈਂਟ ਸਾਰੇ ਵਕੀਲਾਂ ਦੀ ਹਾਜ਼ਰੀ ਵਿੱਚ ਡਰਾਅ ਰਾਹੀਂ ਵੰਡ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 50 ਵਕੀਲਾਂ ਨੂੰ 25 ਚੈਂਬਰ ਅਲਾਟ ਕੀਤੇ ਗਏ ਹਨ। ਇਸ ਮੌਕੇ ਨਵਾਂ ਚੈਂਬਰ ਸੰਭਾਲਣ ਵਾਲੇ ਵਿੱਚ ਐਡਵੋਕੇਟ ਰੁਪਿੰਦਰ ਸਿੰਘ ਰਹਿਲ, ਐਡਵੋਕੇਟ ਮਲਕੀਤ ਸਿੰਘ ਔਲਖ, ਬਲਜਿੰਦਰ ਸਿੰਘ ਵਿਰਕ ਨੇ ਕਿਹਾ ਕਿ ਇਹ ਸਭ ਕੁਝ ਐਸੋਸੀਏਸ਼ਨ ਦੇ ਪ੍ਰਧਾਨ ਗਿਆਨ ਸਿੰਘ ਮੂੰਗੋ ਦੇ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ ਹੈ, ਜਿਸ ਲਈ ਉਹ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਕਾਰਜ ਕਰਦੇ ਰਹਿਣਗੇ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਪ੍ਰਧਾਨ ਗਿਆਨ ਸਿੰਘ ਮੂੰਗੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਸਨਮਾਨਤ ਹੋਣ ਉਪਰੰਤ ਪ੍ਰਧਾਨ ਗਿਆਨ ਸਿੰਘ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹਮੇਸ਼ਾ ਹੀ ਉਹ ਵਕੀਲ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਗੇ ਅਤੇ ਉਹਨਾਂ ਲਈ ਮਿਹਨਤ ਕਰਦੇ ਰਹਿਣਗੇ ਅਤੇ ਉਹਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਨਹੀਂ ਆਉਣ ਦੇਣਗੇ। ਇਸ ਮੌਕੇ ਐਸੋਸੀਏਸ਼ਨ ਦੇ ਸਕੱਤਰ ਹਰਜਿੰਦਰ ਸਿੰਘ, ਖਜ਼ਾਨਚੀ ਸਰਬਜੀਤ ਸਿੰਘ ਕਕਰਾਲਾ, ਮੀਤ ਪ੍ਰਧਾਨ ਗੁਰਮੀਤ ਸਿੰਘ ਲਵਲੀ, ਮੱਖਣ ਸਿੰਘ, ਆਰ.ਐਸ.ਮੌਲ, ਧਨਵੀਰ ਬਾਤਿਸ਼, ਹਰਭਗਵਾਨ ਦੱਤ, ਅਰੁਣਦੀਪ ਚੋਪੜਾ, ਪਰਮਜੀਤ ਵਰਮਾ, ਅਤੁਲ ਬਾਂਸਲ, ਲਲਿਤ ਕੁਮਾਰ, ਸੁਖਦੀਪ ਸਿੰਘ ਔਲਖ ਅਤੇ ਹੋਰ ਵਕੀਲ ਭਾਈਚਾਰਾ ਹਾਜ਼ਰ ਸੀ।



# ਪ੍ਰੋ. ਕਰਮ ਸਿੰਘ ਦੇ ਜੀਵਨ, ਚਿੰਤਨ ਤੇ ਸਾਹਿਤਕ ਯੋਗਦਾਨ ਬਾਰੇ ਸੈਮੀਨਾਰ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਵੱਲੋਂ ਫ਼ਤਿਹ ਗਰੁੱਪ ਆਫ ਇੰਸਟੀਚਿਊਸਨਜ਼ ਰਾਮਪੁਰਾ ਦੇ ਸਹਿਯੋਗ ਨਾਲ ਪ੍ਰੋ. ਕਰਮ ਸਿੰਘ ਦੇ ਜੀਵਨ, ਚਿੰਤਨ ਅਤੇ ਸਾਹਿਤਕ ਯੋਗਦਾਨ ਬਾਰੇ ਸੈਮੀਨਾਰ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਫ਼ਤਿਹ ਕਾਲਜ ਦੇ ਚੇਅਰਮੈਨ ਸੁਖਮੰਦਰ ਸਿੰਘ ਚੱਠਾ, ਮਾਸਟਰ ਰੇਵਤੀ ਪ੍ਰਸ਼ਾਦ ਸ਼ਰਮਾ, ਪ੍ਰੋ. ਜਸਵਿੰਦਰ ਸ਼ਰਮਾ, ਸਭਾ ਦੇ ਸਰਪ੍ਰਸਤ ਜੀਤ ਸਿੰਘ ਚਹਿਲ ਅਤੇ ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ ਵੱਲੋਂ ਕੀਤੀ ਗਈ। ਖਚਾ-ਖਚ ਭਰੇ ਹਾਲ ਵਿੱਚ ਮਾਸਟਰ ਰੇਵਤੀ ਪ੍ਰਸਾਦ ਸ਼ਰਮਾ ਦੇ ਜਥੇ ਨੇ ਪ੍ਰੋ. ਕਰਮ ਸਿੰਘ ਰਚਿਤ 'ਸੋਹਣੀ' ਵਿੱਚੋਂ ਛੰਦ ਪੇਸ਼ ਕੀਤੇ। ਉਨ੍ਹਾਂ ਪ੍ਰੋਫ਼ੈਸਰ ਸਾਹਿਬ ਦੇ ਜੀਵਨ ਬਾਰੇ ਵੀ ਚਾਨਣਾ ਪਾਇਆ। ਪ੍ਰੋ. ਜਸਵਿੰਦਰ ਸ਼ਰਮਾ ਨੇ ਅਪਣੇ ਕੁੰਜੀਵਤ ਭਾਸ਼ਣ ਵਿੱਚ ਪ੍ਰੋ. ਸਾਹਿਬ ਦੀ ਜ਼ਿੰਦਗੀ ਦੇ ਸਾਰੇ ਪੱਖਾਂ ਬਾਰੇ ਵਿਚਾਰ ਰੱਖੇ। ਫ਼ਤਿਹ ਗਰੁੱਪ ਦੇ ਚੇਅਰਮੈਨ ਚੱਠਾ ਨੇ ਕਿਹਾ ਕਿ ਪੇਂਡੂ ਸਾਹਿਤ ਸਭਾ ਰਜਿ. ਬਾਲਿਆਂਵਾਲੀ ਵੱਲੋਂ ਸਕੂਲਾਂ/ਕਾਲਜਾਂ ਵਿੱਚ ਸਾਹਿਤਕ ਪ੍ਰੋਗਰਾਮਾਂ ਦੀ ਸ਼ੁਰੂ ਕੀਤੀ ਗਈ ਲੜੀ ਸ਼ਲਾਘਾ ਯੋਗ ਉਪਰਾਲਾ ਹੈ, ਜਿਸ ਨਾਲ ਵਿਦਿਆਰਥੀ ਵਰਗ ਦੀ ਸਾਹਿਤ ਨਾਲ ਪੀਡੀ ਸਾਂਝ ਵਧੇਗੀ। ਸਭਾ ਦੇ ਸਲਾਹਕਾਰ ਅਜਮੇਰ ਦੀਵਾਨਾ ਨੇ ਬੱਚਿਆਂ ਸਮੇਤ ਪੁੱਜੇ ਵਿਦਵਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਕਵੀਸ਼ਰ ਸੱਤਪਾਲ ਸਿੰਘ ਗਿੱਲ ਨੇ ਕਵੀਸ਼ਰੀ ਸੁਣਾ ਕੇ ਹਾਜ਼ਰੀ ਲਗਵਾਈ। ਫ਼ਤਿਹ ਕਾਲਜ ਵੱਲੋਂ ਪ੍ਰੋ. ਜਸਵਿੰਦਰ ਸ਼ਰਮਾ, ਰੇਵਤੀ ਪ੍ਰਸਾਦ ਸ਼ਰਮਾ ਦੇ ਜਥੇ ਦਾ ਅਤੇ ਜੀਤ ਸਿੰਘ ਚਹਿਲ ਦਾ ਲੋਈ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਸਭਾ ਵੱਲੋਂ ਕਾਲਜ ਦੇ ਚੇਅਰਮੈਨ ਸੁਖਮੰਦਰ ਸਿੰਘ ਚੱਠਾ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਸਟੇਜ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਮਾਸਟਰ ਜਗਨ ਨਾਥ ਵੱਲੋਂ ਨਿਭਾਈ ਗਈ। ਇਸ ਮੌਕੇ ਪ੍ਰੋ. ਕਰਮ ਸਿੰਘ ਦੇ ਫਰਜ਼ੰਦ ਫ਼ਤਿਹ ਸਿੰਘ ਚੌਹਾਨ, ਕਾਲਜ ਦੇ ਪ੍ਰਿੰਸੀਪਲ ਬਘੇਲ ਸਿੰਘ, ਹਰਜਿੰਦਰ ਕੌਰ, ਸਭਾ ਦੇ ਪ੍ਰਚਾਰ ਸਕੱਤਰ ਗੁਰਤੇਜ ਸਿੰਘ, ਪੱਤਰਕਾਰ ਕੁਲਦੀਪ ਮਤਵਾਲਾ, ਪੱਤਰਕਾਰ ਹਰਿੰਦਰ ਹਨੀ ਅਤੇ ਦਰਸ਼ਨ ਸਿੰਘ ਪ੍ਰੀਤੀਮਾਨ ਆਦਿ ਹਾਜ਼ਰ ਸਨ। ਸਮਾਗਮ ਦੀ ਸਮਾਪਤੀ 'ਤੇ ਮਾਸਟਰ ਦਰਸ਼ਨ ਸਿੰਘ ਸਿੱਧੂ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਕਰ ਭਲਾ, ਹੋ ਭਲਾ ਸੁਸਾਇਟੀ ਨੇ ਜੇਤੂ ਵਿਦਿਆਰਥੀਆਂ ਦੇ ਮਾਣ 'ਚ ਪ੍ਰੋਗਰਾਮ ਕਰਵਾਇਆ



**ਜਗਰਾਉਂ (ਅਮਿਤ ਖੰਨਾ)**- ਲਾਜਪਤ ਰਾਏ ਡੀ.ਏ.ਵੀ. ਕਾਲਜ ਜਗਰਾਉਂ ਵਿਖੇ ਕਰ ਭਲਾ, ਹੋ ਭਲਾ ਸੁਸਾਇਟੀ ਵੱਲੋਂ ਯੂਥ ਫੈਸਟੀਵਲ ਵਿਚ ਜੇਤੂ ਵਿਦਿਆਰਥੀਆਂ ਦੇ ਮਾਣ ਵਿਚ ਇਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਰ ਭਲਾ, ਹੋ ਭਲਾ ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਜੈਨ ਕਾਕਾ, ਪ੍ਰੈਜ਼ੀਡੈਂਟ ਮਦਨ ਲਾਲ, ਖਜ਼ਾਨਚੀ ਸਾਹਿਲ ਗੁਪਤਾ, ਨੀਰਜ ਕਟਾਰੀਆ ਅਤੇ ਮੋਹਿਤ ਜੈਨ ਦੀ ਟੀਮ ਨੇ ਸਾਲ 2024-25 ਵਿਚ ਜ਼ੋਨਲ ਯੂਥ ਫੈਸਟੀਵਲ ਵਿਚ ਇਨਾਮ ਜੇਤੂ ਵਿਦਿਆਰਥੀਆਂ ਨੂੰ ਸੁੰਦਰ ਮੋਮੈਂਟੋ ਦੇ ਕੇ ਉਹਨਾਂ ਭਵਿੱਖ ਵਿਚ ਹੋਰ ਪ੍ਰਾਪਤੀਆਂ ਕਰਨ ਲਈ ਹੱਲਾਸ਼ੇਰੀ ਦਿੱਤੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਮਲਕੀਤ ਕੌਰ ਮੁਖੀ ਪੰਜਾਬੀ ਵਿਭਾਗ ਨੇ ਸਟਾਫ, ਵਿਦਿਆਰਥੀਆਂ ਅਤੇ ਸੰਸਥਾ ਦੀ ਪੂਰੀ ਟੀਮ ਦਾ ਸਵਾਗਤ ਅਤੇ ਧੰਨਵਾਦ ਕੀਤਾ। ਜਗਰਾਉਂ ਸ਼ਹਿਰ ਦੀ ਜਾਣੀ ਪਛਾਣੀ ਹਸਤੀ ਨਰੇਸ਼ ਵਰਮਾ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ। ਪ੍ਰਿੰਸੀਪਲ ਨੇ ਕਿਹਾ ਕਿ ਸਮਾਜ ਤੇ ਜ਼ਿੰਦਗੀ ਤੋਂ ਸਿਰਫ ਲੈਣਾ ਹੀ ਨਹੀਂ ਦੇਣ ਦੀ ਭਾਵਨਾ ਨੂੰ ਵਿਕਸਤ ਕਰਨਾ ਚਾਹੀਦਾ ਹੈ। ਇਹ ਕੰਮ ਕਰ ਭਲਾ, ਹੋ ਭਲਾ ਸੰਸਥਾ ਬਹੁਤ ਹੀ ਤਨਦੇਹੀ ਨਾਲ ਕਰ ਰਹੀ ਹੈ। ਇਸ ਸੰਸਥਾ ਨੇ ਸਿਰਫ਼ ਵਿਦਿਆਰਥੀਆਂ ਨੂੰ ਹੀ ਨਹੀਂ, ਅਧਿਆਪਕਾਂ ਨੂੰ ਵੀ ਸਨਮਾਮਤ ਕੀਤਾ।ਈ ਐਮ ਏ ਕਮੇਟੀ ਦੇ ਮੈਂਬਰ ਅਧਿਆਪਕਾਂ ਵਿਚ ਪ੍ਰੋ. ਮਲਕੀਤ ਕੌਰ, ਪ੍ਰੋ. ਮਨਦੀਪ ਕੌਰ ਅੰਗਰੇਜ਼ੀ ਵਿਭਾਗ, ਪ੍ਰੋ. ਰੇਨੂੰ ਸਿੰਗਲਾ ਮੁਖੀ ਕਾਮਰਸ ਵਿਭਾਗ, ਪ੍ਰੋ. ਸੁਭਾਸ਼ ਚੰਦ ਮੁਖੀ ਕੈਮਿਸਟਰੀ ਵਿਭਾਗ, ਪ੍ਰੋ. ਪੱਲਵੀ ਕਟਾਰੀਆ, ਪ੍ਰੋ. ਮੀਨਾਕਸ਼ੀ ਮਿੱਤਲ, ਵਾਈਸ ਪ੍ਰਿੰਸੀਪਲ ਪ੍ਰੋ. ਵਿਕਾਸ ਮਹਿੰਦੀਰੱਤਾ ਅਤੇ ਕਾਲਜ ਸੁਪਰਡੈਂਟ ਸੁਸ਼ਮਾ ਕੁਮਾਰੀ ਸ਼ਾਮਲ ਸਨ।

# ਵਿਧਾਇਕ ਦੇ ਪੁੱਤਰ ਵੱਲੋਂ ਨਗਰ ਨਿਗਮ ਦੀ ਮੀਟਿੰਗ 'ਚ ਸ਼ਿਰਕਤ ਗ਼ਲਤ : ਰਜਨੀਸ਼ ਧੀਮਾਨ

**ਲੁਧਿਆਣਾ (ਜਸਦੀਪ ਵਰਤੀਆ)** ਨਗਰ ਨਿਗਮ ਵਿੱਚ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਡਿਪਟੀ ਮੇਅਰ ਪ੍ਰਿੰਸ ਜੌਹਰ ਦੀ ਨਿਗਰਾਨੀ ਹੇਠ ਹੋਈ ਮੀਟਿੰਗ ਵਿੱਚ ਉੱਤਰੀ ਹਲਕੇ ਦੇ ਵਿਧਾਇਕ ਦੇ ਪੁੱਤਰ ਅਮਨ ਬੱਗਾ ਤੇ ਸਵ: ਵਿਧਾਇਕ ਗੁਰਪ੍ਰੀਤ ਗੋਗੀ ਦੀ ਪਤਨੀ ਡਾ. ਸੁਖਚੈਨ ਕੌਰ ਨੇ ਕਿਸ ਅਧਿਕਾਰ ਨਾਲ ਮੀਟਿੰਗ ਵਿੱਚ ਹਿੱਸਾ ਲਿਆ ਤੇ ਵਿਧਾਇਕ ਦੀ ਕੁਰਸੀ 'ਤੇ ਬੈਠੇ? ਇਹ ਸ਼ਬਦ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਨਗਰ ਨਿਗਮ ਦੇ ਕੰਮਕਾਜ 'ਤੇ ਉਂਗਲ ਉਠਾਉਂਦੇ ਹੋਏ ਕਹੇ। ਧੀਮਾਨ ਨੇ ਕਿਹਾ ਕਿ ਵਿਧਾਇਕ ਦੇ ਪੁੱਤਰ ਨੇ ਨਗਰ ਨਿਗਮ ਦੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ।ਉਨ੍ਹਾਂ ਕਿਹਾ ਕਿ ਮੇਅਰ ਇੰਦਰਜੀਤ ਕੌਰ ਤੇ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ ਨੇ ਉਨ੍ਹਾਂ ਨੂੰ ਮੀਟਿੰਗ ਵਿੱਚ ਵਿਧਾਇਕ ਦੀ ਕੁਰਸੀ 'ਤੇ ਬੈਠਣ ਦੀ ਇਜਾਜ਼ਤ ਕਿਸ ਅਧਿਕਾਰ ਨਾਲ ਦਿੱਤੀ।ਨਗਰ ਨਿਗਮ ਸੰਵਿਧਾਨ ਅਨੁਸਾਰ ਸਿਰਫ਼ ਵਿਧਾਇਕ ਹੀ ਮੀਟਿੰਗ ਵਿੱਚ ਹਿੱਸਾ ਲੈ ਸਕਦੇ ਹਨ।ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ 'ਆਪ' ਵਿਧਾਇਕ ਨਗਰ ਨਿਗਮ ਦੇ ਸੰਵਿਧਾਨ ਨੂੰ ਨਜ਼ਰਅੰਦਾਜ਼ ਕਰਕੇ ਆਪਣੀ ਮਰਜ਼ੀ ਕਰ ਰਹੇ ਹਨ ਤੇ ਮੇਅਰ ਇੰਦਰਜੀਤ ਕੌਰ ਅਤੇ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ ਵਿਧਾਇਕਾਂ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਮਨਮਾਨੀਆਂ ਉਤੇ ਸਿਰਫ਼ ਕਠਪੁਤਲੀਆਂ ਤੇ ਮੂਕ ਦਰਸ਼ਕ ਬਣ ਗਏ ਹਨ।ਭਾਜਪਾ ਇਸਦਾ ਸਖ਼ਤ ਵਿਰੋਧ ਕਰਦੀ ਹੈ ਅਤੇ ਮੇਅਰ, ਨਗਰ ਨਿਗਮ ਕਮਿਸ਼ਨਰ ਅਤੇ ਨਿਗਮ ਦੇ ਉੱਚ ਅਧਿਕਾਰੀਆਂ ਤੋਂ ਲਿਖਤੀ ਜਵਾਬ ਦੀ ਮੰਗ ਕਰਦੀ ਹੈ।



# ਐੱਨ ਐੱਸ ਕਿਊ ਐੱਫ ਵੋਕੇਸ਼ਨਲ ਟੀਚਰ ਫਰੰਟ ਵੱਲੋਂ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ 23 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**- ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰਜ਼ ਪਿਛਲੇ 10 ਸਾਲਾਂ ਤੋਂ ਸਰਕਾਰ ਤੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਧਰਨੇ ਪ੍ਰਦਰਸ਼ਨ ਕਰ ਰਹੇ ਹਨ। ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਆਪਣੇ ਮੈਨੀਫੈਸਟੋ ਵਿੱਚ ਕੱਚੇ ਮੁਲਾਜ਼ਮ ਪੱਕੇ ਕਰਨ ਦਾ ਵਾਅਦਾ ਕਰਕੇ ਆਪਣੀ ਸਰਕਾਰ ਬਣਾ ਲਈ ਪ੍ਰੰਤੂ ਇਸ ਸਰਕਾਰ ਦੇ 3 ਸਾਲ ਪੂਰੇ ਹੋਣ ਤੋਂ ਬਾਅਦ ਵੀ ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰ ਆਊਟਸੋਰਸ ਸਕੀਮ ਅਧੀਨ ਵੱਖ-ਵੱਖ ਕੰਪਨੀਆਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰ ਨੇ ਤਨਖਾਹ 'ਚ ਵਾਧਾ ਅਤੇ ਆਊਟਸੋਰਸ ਕਾਮਿਆਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਅੱਜ ਵੀ ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰ ਬਹੁਤ ਘੱਟ ਤਨਖਾਹਾਂ 'ਤੇ ਆਪਣੇ ਘਰਾਂ ਤੋਂ 100-100 ਕਿਲੋਮੀਟਰ ਦੂਰ ਪਿਛਲੇ 10 ਸਾਲਾਂ ਤੋਂ ਸੇਵਾ ਕਰ ਰਹੇ ਹਨ।ਵਿੱਤ ਸਕੱਤਰ ਨਰਪਿੰਦਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਵਿੱਚ ਕਈ ਬਿਆਨ ਵੀ ਦਿੱਤੇ ਗਏ ਕਿ ਕੰਪਨੀਆ ਵੱਲੋਂ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਨ੍ਹਾਂ ਸਭ ਨੂੰ ਮੁਲਾਜ਼ਮਾਂ ਨੂੰ ਰੈਗੂਲਰ ਕਰਾਂਗੇ।ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰ ਫਰੰਟ ਵੱਲੋਂ ਪਿਛਲੇ 3 ਸਾਲਾਂ ਵਿੱਚ ਸਿੱਖਿਆ ਮੰਤਰੀ, ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਅਤੇ ਕਈ ਹੋਰ ਕੈਬਨਿਟ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਪ੍ਰੰਤੂ ਮੰਗਾਂ ਦਾ ਕੋਈ ਹੱਲ ਨਹੀਂ ਨਿਕਲਿਆ। ਇਸੇ ਦੌਰਾਨ ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰਜ਼ ਫਰੰਟ ਵੱਲੋਂ ਸਿੱਖਿਆ ਵਿਭਾਗ ਦਾ ਘਿਰਾਓ ਕੀਤਾ ਗਿਆ ਅਤੇ 13 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਉਹਨਾਂ ਵੱਲੋਂ ਤਨਖਾਹ ਵਾਧੇ ਅਤੇ ਪਾਲਿਸੀ ਲਈ ਫਾਈਲ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭੇਜੀ ਗਈ ਹੈ। ਆਗੂਆਂ ਕਿਹਾ ਕਿ ਜੇਕਰ ਖਜ਼ਾਨਾ ਮੰਤਰੀ ਵੱਲੋਂ ਤਨਖਾਹ ਵਾਧੇ ਅਤੇ ਪਾਲਿਸੀ ਲਈ ਕੋਈ ਪੁਖਤਾ ਪ੍ਰਬੰਧ ਨਾ ਕੀਤਾ ਤਾਂ 23 ਫਰਵਰੀ ਨੂੰ ਐਨ. ਐਸ. ਕਿਊ. ਐਫ. ਵੋਕੇਸ਼ਨਲ ਟੀਚਰ ਫਰੰਟ ਵੱਲੋਂ ਖਜ਼ਾਨਾ ਮੰਤਰੀ ਦੀ ਕੋਠੀ ਦਾ ਘਿਰਾਓ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹੇ ਦੇ ਜਨਰਲ ਸਕੱਤਰ ਰਾਜ ਸਿੰਘ, ਜਸਪਾਲ ਸਿੰਘ, ਲਾਭ ਸਿੰਘ, ਸਰਬਜੀਤ ਸਿੰਘ, ਵਰਿੰਦਰ, ਅਵਤਾਰ ਸਿੰਘ, ਅੰਮ੍ਰਿਤਪਾਲ ਸਿੰਘ, ਬਲਜੀਤ ਕੌਰ, ਰਾਜਿੰਦਰ ਕੌਰ, ਕਿਰਨ ਬਾਲਾ, ਆਦਿ ਵੀ ਹਾਜ਼ਰ ਸਨ।

# ਸਾਬਕਾ ਪ੍ਰਿੰਸੀਪਲ ਵਿਜੈ ਗਰਗ ਦੀ ਕਿਤਾਬ ਲੋਕ ਅਰਪਣ

**ਮਲੋਟ, (ਗੁਰਮੀਤ ਸਿੰਘ ਮੱਕੜ)** ਸਾਬਕਾ ਪ੍ਰਿੰਸੀਪਲ ਵਿਜੈ ਗਰਗ ਦੁਆਰਾ ਲਿਖੀ ਗਈ ਕਿਤਾਬ 'ਨੀਟ ਯੂਜੀ ਟਰਬੋਚਾਰਜ 24 ਘੰਟੇ ਰਿਵੀਜ਼ਨ ਕੈਪਸੂਲ' ਪ੍ਰਿੰਸੀਪਲ ਹੇਮਲਤਾ ਕਪੂਰ ਦੁਆਰਾ ਲੋਕ ਅਰਪਣ ਕੀਤੀ ਗਈ। ਇਹ ਕਿਤਾਬ ਇੱਕ ਤੁਰੰਤ ਰੀਡਰਇੰਗੀ ਲਈ ਇਕਦਮ ਰਿਫਰੈਸ਼ਰ ਵਜੋਂ ਕੰਮ ਕਰਦੀ ਹੈ, ਜਿਸ ਨਾਲ ਤੁਸੀਂ ਇੱਕ ਦਿਨ ਵਿੱਚ ਪੂਰੇ ਸਿਲੇਬਸ ਦੀ ਸਮੀਖਿਆ ਕਰ ਸਕਦੇ ਹੋ। ਇਸ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਤੇ ਜੀਵ ਵਿਗਿਆਨ ਲਈ ਵਿਆਪਕ ਨੋਟਸ, ਫਾਰਮੂਲੇ, ਟੇਬਲ ਅਤੇ ਚਿੱਤਰ ਸ਼ਾਮਲ ਹਨ। ਨੋਟਿਸ 'ਤੇ ਮੁੱਖ ਧਿਆਨ ਸੰਖੇਪ ਅਤੇ ਸੰਕੇਤ ਕਰਨ ਲਈ ਹੈ, ਥੋੜ੍ਹੇ ਸਮੇਂ ਵਿੱਚ ਪੂਰੇ ਵਿਸ਼ੇ ਨੂੰ ਕਵਰ ਕਰਨ ਦੇ ਯੋਗ ਬਣਾਉਂਦਾ ਹੈ। ਇਹ ਰਵੀਜ਼ਨ ਕੈਪਸੂਲ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸਦਾ ਉਦੇਸ਼ ਸੀਮਤ ਸਮੇਂ ਵਿੱਚ ਉਨ੍ਹਾਂ ਦੀ ਤਿਆਰੀ ਕੁਸ਼ਲਤਾ ਨੂੰ ਵੱਧ ਤੋਂ ਵੱਧ ਕਰਨਾ ਹੈ। ਇਸਦਾ ਢਾਂਚਾਗਤ ਦ੍ਰਿਸ਼ਟੀਕੋਣ ਅਤੇ ਕੇਂਦ੍ਰਿਤ ਸਮੱਗਰੀ ਇਸਨੂੰ ਆਖਰੀ-ਮਿੰਟ ਦੇ ਰਿਵੀਜ਼ਨ ਲਈ ਇੱਕ ਕੀਮਤੀ ਸਾਧਨ ਬਣਾਉਂਦੀ ਹੈ। ਇਸ ਮੌਕੇ ਸੀਨੀਅਰ ਅਧਿਆਪਕ ਵੀ ਮੌਜੂਦ ਸਨ। ਕਿਤਾਬ ਰਿਲੀਜ਼ ਸਮਾਗਮ ਦੌਰਾਨ ਬੋਲਦੇ ਹੋਏ ਪ੍ਰਿੰਸੀਪਲ ਨੇ ਵਿਜੈ ਗਰਗ ਦੇ ਸਿੱਖਿਆ ਖੇਤਰ ਵਿੱਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਤਾਬ ਬਹੁਤ ਉਪਯੋਗੀ ਹੈ, ਜੋ ਵਿਦਿਆਰਥੀਆਂ ਲਈ ਨੀਟ ਯੂਜੀ ਵਿੱਚ ਹਿੱਸਾ ਲੈਣ ਜਾ ਰਹੇ ਹਨ। ਪ੍ਰਿੰਸੀਪਲ ਨੇ ਅੱਗੇ ਕਿਹਾ ਕਿ ਵਿਜੈ ਗਰਗ ਦੁਆਰਾ ਲਿਖੀ ਗਈ ਇਹ ਕਿਤਾਬ ਵਿਦਿਆਰਥੀਆਂ ਤੇ ਅਧਿਆਪਕਾਂ, ਸਮਾਜ ਲਈ ਹਮੇਸ਼ਾਂ ਮਾਰਗਦਰਸ਼ਨ ਲਈ ਕੰਮ ਕਰੇਗੀ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵੀ ਬਹੁਤ ਮੱਦਦਗਾਰ ਹੋਵੇਗੀ। ਵਿਜੈ ਗਰਗ ਨੇ ਕਿਹਾ ਕਿ ਕਿਤਾਬ ਵਿੱਚ ਇੱਕ ਜ਼ਰੂਰੀ ਸ਼ਬਦਾਵਲੀ ਹੈ। ਸੰਖੇਪ ਵਿੱਚ ਇਹ ਕਿਤਾਬ ਪ੍ਰੀਖਿਆ ਵਿੱਚ ਉੱਤਮਤਾ ਪ੍ਰਾਪਤ ਕਰਨ ਦਾ ਟੀਚਾ ਰੱਖਣ ਵਾਲੇ ਕਿਸੇ ਵੀ ਵਿਦਿਆਰਥੀ ਲਈ ਇੱਕ ਕੀਮਤੀ ਸਾਧਨ ਹੈ। ਨਾਲ ਹੀ ਸਾਰੇ ਉਮੀਦਵਾਰਾਂ ਦੇ ਸਿਖਿਆਰਥੀਆਂ ਨੂੰ ਸਮਰੱਥ ਬਣਾਉਣ ਤੇ ਵਿਅਕਤੀਆਂ ਨੂੰ ਉਨ੍ਹਾਂ ਦੀ ਬੌਧਿਕ ਸਮਰੱਥਾ ਨੂੰ ਖੋਲ੍ਹਣ ਵਿੱਚ ਮੱਦਦ ਕਰਨ ਲਈ ਬਹੁਤ ਵਧੀਆ ਹੋਵੇਗਾ। ਗਰਗ ਨੇ ਅੱਗੇ ਕਿਹਾ ਕਿ ਇਹ ਕਿਤਾਬ ਉਨ੍ਹਾਂ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ ਜੋ ਪ੍ਰੀਖਿਆ ਤੋਂ ਪਹਿਲਾਂ ਇੱਕ ਤੁਰੰਤ ਰੀਡਰਇੰਗੀ ਕਰਨ ਨਾਲ ਪੂਰੀ ਤਰ੍ਹਾਂ ਰਿਫਰੈਸ਼ਰ ਹੋ ਸਕਦੇ ਹਨ।




# ਸਾਂਝਾ ਅਧਿਆਪਕ ਮੋਰਚਾ 8 ਨੂੰ ਆਨੰਦਪੁਰ ਸਾਹਿਬ ਕਰੇਗਾ ਰੋਸ ਪ੍ਰਦਰਸ਼ਨ

**ਜਲਾਲਾਬਾਦ, (ਜੀਤ ਕੁਮਾਰ)** ਸਾਂਝਾ ਅਧਿਆਪਕ ਮੋਰਚਾ ਪੰਜਾਬ ਤੇ ਡੀ ਟੀ ਐਫ ਦੇ ਆਗੂਆਂ ਦੀ ਵਰਚੁਅਲ ਹੰਗਾਮੀ ਮੀਟਿੰਗ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਿੱਖਿਆ ਮੰਤਰੀ ਨਾਲ ਪਿਛਲੀਆਂ ਮੀਟਿੰਗਾਂ ਵਿੱਚ ਬਣੀਆਂ ਸਹਿਮਤੀਆਂ ਅਨੁਸਾਰ ਪਦਉੱਨਤ ਅਧਿਆਪਕਾਂ ਦੀ ਦੁਆਰਾ ਸਟੇਸ਼ਨ ਚੋਣ ਕਰਾਉਣ ਦੀ ਬਜਾਏ 20 ਫਰਵਰੀ ਤੱਕ ਸਟੇਸ਼ਨਾਂ 'ਤੇ ਹਾਜ਼ਰ ਹੋਣ ਦਾ ਪੱਤਰ ਜਾਰੀ ਕਰਨ ਦੀ ਨਿਖੇਧੀ ਕੀਤੀ ਗਈ। ਪੰਜਾਬ ਕੈਬਨਿਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਕਾਏ ਦੇਣ ਲਈ ਜਾਰੀ ਕੀਤੀ ਗਈ ਸਮਾਂ ਸੀਮਾ ਮੋਰਚੇ ਵਲੋਂ ਮੁੱਢੋਂ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਚੋਣਾਂ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਨਿਭਾਉਣ ਦੀ ਮੰਗ ਕੀਤੀ। ਮੀਟਿੰਗ ਵਿੱਚ ਸੁਰਿੰਦਰ ਕੰਬੋਜ, ਸੁਖਵਿੰਦਰ ਸਿੰਘ ਚਾਹਲ, ਦਿਗਵਿਜੇਪਾਲ ਸ਼ਰਮਾ, ਸੁਖਵਿੰਦਰ ਸਿੰਘ ਸੁੱਖੀ, ਬਾਜ ਸਿੰਘ ਖਹਿਰਾ, ਹਰਵਿੰਦਰ ਸਿੰਘ ਬਿਲਗਾ, ਬਲਜੀਤ ਸਿੰਘ ਸਲਾਣਾ, ਰਵਿੰਦਰਜੀਤ ਸਿੰਘ ਪੰਨੂ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਅਮਨਬੀਰ ਸਿੰਘ ਗੁਰਾਇਆ, ਸੁਖਰਾਜ ਸਿੰਘ ਕਾਹਲੋਂ, ਸ਼ਮਸ਼ੇਰ ਸਿੰਘ ਆਦਿ ਸ਼ਾਮਲ ਸਨ। ਸਿੱਖਿਆ ਮੰਤਰੀ ਨਾਲ ਹੋਈਆਂ ਮੀਟਿੰਗਾਂ ਦੇ ਫੈਸਲੇ ਲਾਗੂ ਨਾ ਕਰਨ ਦੇ ਰੋਸ ਵਜੋਂ ਸਾਂਝਾ ਅਧਿਆਪਕ ਮੋਰਚਾ ਤੇ ਡੀ ਟੀ ਐਫ ਵਲੋਂ 8 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ 24-25 ਫਰਵਰੀ ਨੂੰ ਬਲਾਕ/ਤਹਿਸੀਲ ਪੱਧਰ ਤੇ ਸਿੱਖਿਆ ਮੰਤਰੀ ਦੇ ਪੁਤਲੇ ਫੂਕੇ ਜਾਣਗੇ। ਅਧਿਆਪਕ ਵਿਰੋਧੀ ਜਾਰੀ ਪੱਤਰ ਰੱਦ ਕਰਾਉਣ ਲਈ ਅੱਜ ਮੋਰਚੇ ਦਾ ਵੱਡਾ ਵਫਦ ਉੱਚ ਸਿੱਖਿਆ ਅਧਿਕਾਰੀਆਂ ਨੂੰ ਵੀ ਮਿਲੇਗਾ। ਮੰਗਾਂ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਕਿਹਾ ਕਿ ਮਾਸਟਰ ਤੋਂ ਲੈਕਚਰਾਰ ਤੇ ਈਟੀਟੀ/ਓਸੀਟੀ ਤੋਂ ਮਾਸਟਰ ਕਾਡਰ ਵਿੱਚ ਹੋਈਆਂ ਤਰੱਕੀਆਂ ਸਮੇਂ ਦੂਰ ਦੁਰਾਡੇ ਦਿੱਤੇ ਸਟੇਸ਼ਨਾਂ ਦੀ ਥਾਂ ਮੁੜ ਸਟੇਸ਼ਨ ਚੋਣ ਕਰਾਈ ਜਾਵੇ, ਪੀ.ਟੀ.ਆਈਜ਼/ ਆਰਟ ਐਂਡ ਕਰਾਫਟ ਟੀਚਰਜ਼ ਆਦਿ ਸੀ. ਐਂਡ ਵੀ. ਅਧਿਆਪਕਾਂ ਦੇ ਪੇਅ ਸਕੇਲਾਂ ਸਬੰਧੀ ਵਿੱਤ ਵਿਭਾਗ ਵੱਲੋਂ ਜਾਰੀ ਤਰਕਹੀਣ ਸਪੀਕਿੰਗ ਆਰਡਰ ਰੱਦ ਕੀਤੇ ਜਾਣ, 16 ਫਰਵਰੀ ਦੀ ਹੜਤਾਲ ਕਰਨ ਵਾਲੇ ਮੁਲਾਜ਼ਮਾਂ ਦੀ ਤਨਖਾਹ ਕਟੌਤੀ ਦਾ ਪੱਤਰ ਰੱਦ ਕੀਤਾ ਜਾਵੇ, 2018 ਦੇ ਅਧਿਆਪਕ ਵਿਰੋਧੀ ਨਿਯਮਾਂ ਨੂੰ ਰੱਦ ਕੀਤਾ ਜਾਵੇ, ਰਾਸ਼ਟਰੀ ਸਿੱਖਿਆ ਨੀਤੀ 2020 ਦੀ ਥਾਂ ਪੰਜਾਬ ਦੀ ਨਵੀਂ ਸਿੱਖਿਆ ਨੀਤੀ ਬਣਾਈ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤਾ ਜਾਵੇ, ਮੈਰੀਟੋਰੀਅਸ ਸਕੂਲਾਂ ਤੇ ਆਦਰਸ਼ ਸਕੂਲਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆ ਜਾਵੇ, 8886 ਅਧਿਆਪਕਾਂ ਦੀਆਂ ਛੁੱਟੀਆਂ ਲਈ ਪਿਛਲੀ ਸੇਵਾ ਗਿਣਨ ਦੀ ਮੰਗ, ਐਸ ਐਲ ਏ ਦੀ ਪੋਸਟ ਦਾ ਨਾਂਅ ਬਦਲਣ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਉਚੇਰੀ ਗ੍ਰੇਡ ਪੇ ਬਹਾਲ ਕਰਦਿਆਂ 1-1-2016 ਤੋਂ 125% ਮਹਿਗਾਈ ਭੱਤੇ 'ਤੇ ਤਨਖਾਹ ਦੁਹਰਾਈ ਕਰਨ ਉਪਰੰਤ ਬਣਦੇ ਬਕਾਏ ਯਕਮੁਸ਼ਤ ਤੁਰੰਤ ਜਾਰੀ ਕੀਤੇ ਜਾਣ, ਮਹਿਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਏ ਤੁਰੰਤ ਜਾਰੀ ਕੀਤੇ ਜਾਣ, ਪੇਂਡੂ ਭੱਤੇ ਸਮੇਤ ਸੋਧਣ ਦੇ ਨਾਂਅ 'ਤੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਕੀਤੇ ਜਾਣ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਤੁਰੰਤ ਜਾਰੀ ਕੀਤੀ ਜਾਵੇ।

# ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਲੋਕਾਂ ਹਰਚੋਵਾਲ ਚੌਕ 'ਚ ਲਾਇਆ ਧਰਨਾ



**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**-ਹਰਚੋਵਾਲ ਤੋਂ ਡੱਲਾ ਮੋੜ ਕਾਦੀਆਂ ਤੱਕ ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਇਲਾਕੇ ਦੇ ਲੋਕਾਂ ਨੇ ਆਗੂ ਜਗਤਾਰ ਸਿੰਘ ਖਾਲਸਾ ਦੀ ਅਗਵਾਈ ਹੇਠ ਹਰਚੋਵਾਲ ਚੌਂਕ ਵਿੱਚ ਲਗਪਗ ਇਕ ਘੰਟਾ ਧਰਨਾ ਲਾਇਆ ਅਤੇ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਧਰਨੇ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕਾਈ ਹਰਚੋਵਾਲ ਨੇ ਵੀ ਸਮੂਲੀਅਤ ਕੀਤੀ। ਧਰਨਾਕਾਰੀ ਆਗੂਆਂ ਜਗਤਾਰ ਸਿੰਘ ਖਾਲਸਾ, ਦਿਲਬਾਗ ਸਿੰਘ ਬਸਰਾਵਾਂ ਆਦਿ ਨੇ ਦੱਸਿਆ ਹਰਚੋਵਾਲ ਤੋਂ ਡੱਲਾ ਮੋੜ ਕਾਦੀਆਂ ਤੱਕ (ਲਗਪਗ 10 ਕਿਲੋਮੀਟਰ) ਸੜਕ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਹੈ। ਸਰਕਾਰ ਅਤੇ ਵਿਭਾਗ ਦੀ ਬੇਧਿਆਨੀ ਕਾਰਨ ਸੜਕ ਵਿੱਚ ਪਏ ਟੋਇਆਂ ਅਤੇ ਮੋਟੇ ਪੱਥਰ ਕਾਰਨ ਮੋਟਰਸਾਈਕਲ, ਕਾਰ, ਬੱਸਾਂ, ਸਕੂਲ ਵਾਹਨਾਂ ਅਤੇ ਆਮ ਰਾਹਗੀਰਾਂ ਦਾ ਇਥੋਂ ਦੀ ਲੰਘਣਾ ਔਖਾ ਹੈ ਅਤੇ ਨਿੱਤ ਹਾਦਸੇ ਵਾਪਰਦੇ ਰਹਿੰਦੇ ਹਨ। ਇਹ ਸੜਕ ਹਰਚੋਵਾਲ-ਕਾਦੀਆਂ-ਬਟਾਲਾ ਦੀ ਮੁੱਖ ਸੜਕ ਹੋਣ ਕਰਕੇ ਇਲਾਕੇ ਦੇ ਲਗਭਗ 35 ਪਿੰਡਾਂ ਦੇ ਲੋਕਾਂ ਦਾ ਇਸ ਸੜਕ ਤੋਂ ਰੋਜ਼ਾਨਾ ਆਉਣਾ ਜਾਣਾ ਰਹਿੰਦਾ ਹੈ। ਪਿੱਛਲੇ ਸਾਲ ਵਿਭਾਗ ਨੇ ਸੜਕ ਦਾ ਕੰਮ ਤਿੰਨ ਚਾਰ ਕਿਲੋਮੀਟਰ ਤੱਕ ਚਲਾ ਕੇ ਬੰਦ ਕਰ ਦਿੱਤਾ ਗਿਆ। ਸੜਕ ਉਪਰ ਮੋਟੇ ਪੱਥਰਾਂ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਕਈ ਲੋਕ ਆਏ ਦਿਨ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਸੜਕ ਦੀ ਮਾੜੀ ਹਾਲਤ ਕਾਰਨ ਕੁੱਝ ਦਿਨ ਪਹਿਲਾਂ ਹੋਏ ਹਾਦਸੇ 'ਚ ਪਿੰਡ ਭਾਮੜੀ ਦੇ ਇਕ ਨੌਜਵਾਨ ਦੀ ਮੌਤ ਹੋ ਗਈ। ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ) ਇਸ ਸੜਕ ਨੂੰ ਬਣਾਉਣ ਵਿੱਚ ਟਾਲਮਟੋਲ ਕਰ ਰਿਹਾ ਹੈ। ਧਰਨਾਕਾਰੀਆਂ ਨੇ ਚਿਤਾਵਨੀ ਦਿੱਤੀ ਜੇ 25 ਫਰਵਰੀ ਤੱਕ ਸੜਕ ਦਾ ਕੰਮ ਸ਼ੁਰੂ ਨਾ ਹੋਇਆ ਮੁੜ ਵੱਡਾ ਧਰਨਾ ਲਾ ਕੇ ਆਵਾਜਾਈ ਠੱਪ ਕੀਤੀ ਜਾਵੇਗੀ। ਧਰਨੇ ਵਿੱਚ ਦਿਲਬਾਗ ਸਿੰਘ ਬਸਰਾਵਾਂ, ਜਗਤਾਰ ਸਿੰਘ ਖਾਲਸਾ,ਪ੍ਰਧਾਨ ਬਲਵਿੰਦਰ ਸਿੰਘ, ਬਾਬਾ ਨਰਿੰਦਰ ਸਿੰਘ, ਜਸਪਾਲ ਸਿੰਘ ਫੌਜੀ, ਸੁਖਦੇਵ ਸਿੰਘ ਫੌਜੀ, ਸੁਖਵਿੰਦਰ ਸਿੰਘ, ਰਣਧੀਰ ਸਿੰਘ, ਜਥੇਦਾਰ ਬਖਸੀਸ ਸਿੰਘ, ਬਲਰਾਜ ਸਿੰਘ, ਰਜਵਿੰਦਰ ਸਿੰਘ ਰਾਜਾ, ਬਾਬਾ ਗੁਰਦੇਵ ਸਿੰਘ ਆੜਤੀਆ, ਸਰਬਜੀਤ ਸਿੰਘ, ਮੇਜਰ ਸਿੰਘ, ਸਰਵਣ ਸਿੰਘ ਭਾਲਾ, ਰਣਜੀਤ ਸਿੰਘ ਰਾਣਾ ਭਾਮੜੀ, ਭਗਵੰਤ ਸਿੰਘ ਰੰਧਾਵਾ, ਕੁਲਵਿੰਦਰ ਸਿੰਘ, ਬਲਦੇਵ ਸਿੰਘ ਸਾਮਲ ਸਨ। ਇਸ ਸਬੰਧੀ ਜਦੋਂ ਲੋਕ ਨਿਰਮਾਣ ਵਿਭਾਗ ਦੇ ਸਬੰਧਿਤ ਐੱਸਡੀਓ ਨਿਰਮਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਸੜਕ ਦਾ ਕੰਮ ਕਰੱਸ਼ਰਾਂ 'ਤੇ ਹੜਤਾਲ ਹੋਣ ਕਰਕੇ ਅਤੇ ਪੱਥਰ ਨਾ ਮਿਲਣ ਕਾਰਨ ਰੁਕਿਆ ਹੋਇਆ ਹੈ। ਕਰੱਸ਼ਰਾਂ ਤੋਂ ਪੱਥਰ ਮਿਲਦੇ ਸਾਰ ਹੀ ਸੜਕ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਭਲਕੇ ਡੀ ਸੀ ਦਫਤਰਾਂ ਅੱਗੇ ਧਰਨਾ: ਜਸਬੀਰ ਸਿੰਘ ਝਬਾਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 21 ਫਰਵਰੀ ਤੋਂ 28 ਫਰਵਰੀ ਤੱਕ ਖੇਤ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਤੇ ਮੁਸ਼ਕਿਲਾਂ ਦੇ ਹੱਲ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਡੀ ਸੀ ਦਫਤਰਾਂ ਅੱਗੇ ਧਰਨਾ ਦੇ ਕੇ ਡੀ ਸੀ ਰਾਹੀਂ ਮੰਗ ਪੱਤਰ ਦਿੱਤੇ ਜਾਣਗੇ ਜਿਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪ੍ਰੰਤ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਫਰਵਰੀ ਨੂੰ ਪੇਂਡੂ ਮਜ਼ਦੂਰਾਂ ਵੱਲੋਂ ਲਾਮਿਸਾਲ ਧਰਨਾ ਦਿੱਤਾ ਜਾਵੇਗਾ ਤੇ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਜਿਵੇਂ ਮਨਰੇਗਾ ਸਕੀਮ ਰਾਹੀਂ ਮਜ਼ਦੂਰਾਂ ਨੂੰ 250 ਦਿਨ ਦੇ ਕੰਮ ਦੀ ਗਾਰੰਟੀ ਅਤੇ ਮਜ਼ਦੂਰਾਂ ਨੂੰ ਦਿਹਾੜੀ 600 ਰੁਪਏ ਦੇਣ ਦੀ ਮੰਗ ਕੀਤੀ ਜਾਵੇਗੀ।ਬੇਘਰੇ ਮਜ਼ਦੂਰਾਂ ਨੂੰ 10 ਮਰਲੇ ਦੇ ਪਲਾਟ ਅਤੇ ਘਰ ਬਣਾਉਣ ਲਈ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਮੰਗ ਸਬੰਧੀ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।ਮਜ਼ਦੂਰਾਂ ਤੇ ਪਿੰਡ ਦਾਨੇਵਾਲ ਅਤੇ ਚੰਦਭਾਨ ਵਿਖੇ ਜ਼ੁਲਮ ਜਬਰ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।21 ਫਰਵਰੀ ਦੇ ਧਰਨੇ ਲਈ ਪਿੰਡਾਂ ਵਿਚ ਮੀਟਿੰਗਾਂ ਕਰਾਉਣ ਲਈ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਤਲਵੰਡੀ, ਜਗੀਰ ਸਿੰਘ ਸਰਜਾ, ਕੁਲਦੀਪ ਸਿੰਘ ਜੱਬੋਵਾਲ, ਸਤਨਾਮ ਸਿੰਘ ਕਲੇਰ, ਕਵਲਜੀਤ ਕੌਰ ਖਿਆਲਾ, ਤਰਸੇਮ ਸਿੰਘ ਟਪਿਆਲਾ, ਜੋਗਿੰਦਰ ਸਿੰਘ ਹਦਾਇਤਪੁਰਾ, ਕਵਲਜੀਤ ਸਿੰਘ ਥਰੀਏਵਾਲ, ਸੁਭਾਸ਼ ਚੰਦਰ ਨੰਗਲੀ, ਤਰਸੇਮ ਸਿੰਘ ਬਾਠ ਤੇ ਹੋਰ ਬਹੁਤ ਸਾਰੇ ਜ਼ਿਲੇ ਦੇ ਵਰਕਰ ਸਰਗਰਮੀ ਨਾਲ ਮੁਹਿੰਮ ਚਲਾ ਰਹੇ ਹਨ।

# ਅਮੀਰ ਇਤਿਹਾਸਕ ਵਿਰਾਸਤਾਂ ਨੂੰ ਸੰਭਾਲਣ ਲਈ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਉਪਰਾਲੇ ਜਾਰੀ: ਡਿਪਟੀ ਕਮਿਸ਼ਨਰ



**ਬਟਾਲਾ, (ਤਰਲੋਕ ਬੱਗਾ)**-ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਵੱਲੋਂ ਕਿਸ਼ਨਕੋਟ ਵਿਖੇ ਕ੍ਰਿਸ਼ਨਾ ਮੰਦਰ, ਪਿੰਡ ਰੰਗੜ ਨੰਗਲ ਵਿਖੇ ਸਰਦਾਰਾਂ ਦੀ ਹਵੇਲੀ, ਬਟਾਲਾ ਵਿਖੇ ਖੁੰਡਾ ਵਾਲਿਆਂ ਦਾ ਕਿਲਾ ਅਤੇ ਜਲ ਮਹਿਲ (ਬਾਰਾਂਦਰੀ) ਦਾ ਦੌਰਾ ਕੀਤਾ ਗਿਆ।ਇਸ ਮੌਕੇ ਨਾਇਬ ਤਹਿਸੀਲਦਾਰ ਹਰਮਨਪ੍ਰੀਤ ਸਿੰਘ ਚੀਮਾ, ਅਭਿਸ਼ੇਕ ਵਰਮਾ, ਮਨਜੋਤ ਸਿੰਘ, ਹਿਸਟੋਰੀਅਨ ਸਿਮਰ ਸਿੰਘ, ਠਾਕੁਰ ਮਨਹਰਨ ਸਿੰਘ, ਸਾਹਿਬ ਜੀਤ ਸਿੰਘ ਰੰਗੜ ਨੰਗਲ, ਐਡਵੋਕੇਟ ਪ੍ਰਵੇਜ਼ ਇੰਦਰ ਸਿੰਘ, ਗੁਰਮੇਹਰ ਸਿੰਘ, ਪ੍ਰੋ. ਰਾਜ ਕੁਮਾਰ ਸ਼ਰਮਾ, ਨਵਦੀਪ ਸਿੰਘ ਰਿੰਪੀ ਖੁੰਡਾ, ਖੁਸ਼ ਜੀਵਨ ਸਿੰਘ, ਹਰਮਨਪ੍ਰੀਤ ਸਿੰਘ, ਡਾ. ਸਤਨਾਮ ਸਿੰਘ ਸੱਤੀ, ਸਤਵਿੰਦਰ ਸਿੰਘ ਸਰਪੰਚ, ਸਵਾਮੀ ਪਾਲ ਖੋਸਲਾ, ਲੈਕਚਰਾਰ ਹਰਪ੍ਰੀਤ ਸਿੰਘ ਅਤੇ ਹਰਜੀਤ ਸਿੰਘ ਬੁੱਲ੍ਹੇਵਾਲ ਤੇ ਹੋਰ ਮੈਂਬਰ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਵੱਲੋਂ ਸਭ ਤੋਂ ਪਹਿਲਾਂ ਪਿੰਡ ਕਿਸ਼ਨਕੋਟ ਵਿਖੇ ਸ਼੍ਰੀ ਕ੍ਰਿਸ਼ਨਾ ਮੰਦਰ ਦਾ ਦੌਰਾ ਕੀਤਾ ਗਿਆ।ਮੰਦਰ ਕਮੇਟੀ ਅਤੇ ਪਿੰਡ ਦੇ ਸਰਪੰਚ ਤੇ ਮੋਹਤਬਰਾਂ ਵਲੋਂ ਇਸ ਪੁਰਾਤਨ ਸ਼੍ਰੀ ਕ੍ਰਿਸ਼ਨਾ ਮੰਦਰ ਸਬੰਧੀ ਉਨ੍ਹਾਂ ਨੂੰ ਵੱਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ।ਇਸ ਉਪਰੰਤ ਡਿਪਟੀ ਕਮਿਸ਼ਨਰ ਪਿੰਡ ਰੰਗੜ ਨੰਗਲ ਵਿਖੇ ਸਰਦਾਰਾਂ ਦਾ ਹਵੇਲੀ ਵਿਖੇ ਪਹੁੰਚੇ।ਇਸ ਮੌਕੇ ਸਾਹਿਬ ਜੀਤ ਸਿੰਘ ਰੰਗੜ ਨੰਗਲ ਵੱਲੋਂ ਡਿਪਟੀ ਕਮਿਸ਼ਨਰ ਨੂੰ ਸਰਦਾਰਾਂ ਦੀ ਹਵੇਲੀ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।ਉਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਬਟਾਲਾ ਵਿਖੇ ਖੁੰਡਿਆਂ ਦਾ ਕਿਲਾ ਦੇਖਿਆ। ਇਸ ਮੌਕੇ ਨਵਦੀਪ ਸਿੰਘ ਰਿੰਪੀ ਖੁੰਡਾ ਵੱਲੋਂ ਕਿਲੇ ਦੇ ਇਤਿਹਾਸ ਤੋਂ ਡਿਪਟੀ ਕਮਿਸ਼ਨਰ ਨੂੰ ਜਾਣੂੰ ਕਰਵਾਇਆ ਗਿਆ।ਉਪਰੰਤ ਉਨ੍ਹਾਂ ਜਲ ਮਹਿਲ (ਬਾਰਾਂਦਰੀ) ਦਾ ਦੌਰਾ ਕੀਤਾ ਗਿਆ ਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਜਾਣਕਾਰੀ ਲਈ।ਇਸ ਮੌਕੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਦਾ ਇਤਿਹਾਸਕ ਅਤੇ ਧਾਰਮਿਕ ਵਿਰਸਾ ਬਹੁਤ ਅਮੀਰ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਮੀਰ ਇਤਿਹਾਸਕ ਵਿਰਾਸਤਾਂ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਵੱਡਮੁੱਲੇ ਇਤਿਹਾਸ ਤੋਂ ਜਾਣੂੰ ਕਰਵਾਉਣ ਲਈ ਵਿਸ਼ੇਸ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਵੱਖ-ਵੱਖ ਇਤਿਹਾਸਕ ਵਿਰਾਸਤਾਂ ਦਾ ਦੌਰਾ ਕਰਨ ਦਾ ਵੀ ਮੁੱਖ ਮੰਤਵ ਇਹੀ ਹੈ ਕਿ ਇਸ ਅਮੀਰ ਖਜ਼ਾਨੇ ਨੂੰ ਪ੍ਰਫੁੱਲਤ ਕਰਨ ਲਈ ਨਵੀਂ ਰਣਨੀਤੀ ਉਲੀਕ ਕੇ ਵਿਸ਼ੇਸ਼ ਯਤਨ ਕੀਤੇ ਜਾਣ, ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਆਪਣੇ ਅਮੀਰ ਇਤਿਹਾਸ ਅਤੇ ਵਿਰਾਸਤ ਤੋਂ ਜਾਣੂੰ ਹੋ ਸਕੇ।

# ਦੁਕਾਨਦਾਰ ਮਨਜ਼ੂਰਸ਼ੁਦਾ ਲਿਫਾਫੇ ਤੇ ਡਿਸਪੋਜ਼ੇਬਲ ਸਾਮਾਨ ਹੀ ਦੁਕਾਨਾਂ 'ਤੇ ਇਸਤੇਮਾਲ ਕਰਨ: ਐੱਸ ਡੀ ਓ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਕੌਂਸਲ ਵੱਲੋਂ ਸਾਂਝੀ ਕਾਰਵਾਈ ਕਰਦਿਆਂ ਸ਼ਹਿਰ ਦੇ ਮੇਨ ਬਾਜ਼ਾਰਾਂ ਵਿੱਚ ਦੁਕਾਨਾਂ ਦੀ ਚੈਕਿੰਗ ਕਰਦਿਆਂ ਪਲਾਸਟਿਕ ਦੇ ਲਿਫਾਫੇ ਅਤੇ ਡਿਸਪੋਜ਼ੇਬਲ ਸਾਮਾਨ ਵੇਚਣ ਵਾਲੇ ਦੁਕਾਨਦਾਰਾਂ ਦੇ ਚਲਾਨ ਕਰਕੇ ਸਮਾਨ ਜ਼ਬਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਰਵੀ ਸੂਰੀ ਐੱਸ. ਡੀ. ਓ. ਪ੍ਰਦੂਸ਼ਣ ਬੋਰਡ ਬਟਾਲਾ ਨੇ ਕਿਹਾ ਕਿ ਵਿਭਾਗੀ ਹਦਾਇਤਾਂ ਅਨੁਸਾਰ ਫ਼ਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਦੁਕਾਨਾਂ ਦੀ ਚੈਕਿੰਗ ਕਰਕੇ ਪਲਾਸਟਿਕ ਦੇ ਲਿਫਾਫੇ ਅਤੇ ਡਿਸਪੋਜ਼ਲ ਦਾ ਸਾਮਾਨ ਵੇਚਣ ਵਾਲੇ ਤਿੰਨ ਦੁਕਾਨਦਾਰਾਂ ਦੇ ਮਿਊਂਸੀਪਲ ਨਿਯਮਾਂ ਅਨੁਸਾਰ ਚਲਾਨ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਦੁਕਾਨਦਾਰਾਂ ਦਾ ਸਾਮਾਨ ਵੀ ਜ਼ਬਤ ਕੀਤਾ ਗਿਆ ਹੈ, ਜੋ ਵਾਪਿਸ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਮੰਜ਼ੂਰਸ਼ੁਦਾ ਲਿਫਾਫੇ ਅਤੇ ਡਿਸਪੋਜ਼ਲ ਦਾ ਸਾਮਾਨ ਹੀ ਆਪਣੀਆਂ ਦੁਕਾਨਾਂ ਤੇ ਇਸਤੇਮਾਲ ਕਰਨ ਤਾਂ ਜੋ ਭਵਿੱਖ ਵਿੱਚ ਉਨ੍ਹਾਂ ਨੂੰ ਕਿਸੇ ਨੁਕਸਾਨ ਦਾ ਸਾਹਮਣਾ ਨਾ ਕਰਨਾ ਪਵੇ। ਐਸ.ਡੀ.ਓ ਸੂਰੀ ਨੇ ਕਿਹਾ ਕਿ ਆਉਂਦੇ ਦਿਨਾਂ ਦੌਰਾਨ ਉਨ੍ਹਾਂ ਵੱਲੋਂ ਮੁੜ ਚੈਕਿੰਗ ਕੀਤੀ ਜਾਵੇਗੀ ਅਤੇ ਜੇਕਰ ਇਸ ਚੈਕਿੰਗ ਵਿੱਚ ਕੋਈ ਦੁਕਾਨਦਾਰ, ਰੇਹੜੀ ਜਾਂ ਫੜ੍ਹੀ ਵਾਲਾ ਪਾਬੰਦੀਸ਼ੁਦਾ ਪਲਾਸਟਿਕ ਦੇ ਲਿਫਾਫੇ ਅਤੇ ਡਿਸਪੋਜ਼ਲ ਸਮਾਨ ਵੇਚਦਾ ਜਾਂ ਰੱਖਦਾ ਪਾਇਆ ਗਿਆ ਤਾਂ ਉਸਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਸਮਾਨ ਜ਼ਬਤ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਕਾਰਵਾਈ ਜਾਰੀ ਰਹੇਗੀ।ਰਵੀ ਸੂਰੀ ਨੇ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਸਾਮਾਨ ਖ਼ਰੀਦ ਕਰਨ ਸਮੇਂ ਆਪਣੇ ਘਰ ਤੋਂ ਹੀ ਕੱਪੜੇ ਦਾ ਬੈਗ/ਥੈਲਾਂ ਨਾਲ ਲੈ ਕੇ ਜਾਣ ਤਾਂ ਜੋ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਸਭਨਾਂ ਦੇ ਸਾਥ ਨਾਲ ਬਚਾਇਆ ਜਾ ਸਕੇ।ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਦਫ਼ਤਰ ਦੇ ਕਰਮਚਾਰੀ ਮੌਜੂਦ ਸਨ।

# ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ 10 ਹੈਵੀ ਡਿਊਟੀ ਵਾਹਨਾਂ ਦੇ ਚਲਾਨ ਕੱਟੇ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਵਾਹਨ ਚਾਲਕਾਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਾਉਣ ਹਿਤ ਟਰਾਂਸਪੋਰਟ ਵਿਭਾਗ ਗੁਰਦਾਸਪੁਰ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਆਰ. ਟੀ. ਏ. ਗੁਰਦਾਸਪੁਰ ਦਵਿੰਦਰ ਕੁਮਾਰ ਵੱਲੋਂ ਬੀਤੀ ਰਾਤ ਵਿਸ਼ੇਸ਼ ਚੈਕਿੰਗ ਅਭਿਆਨ ਦੌਰਾਨ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ 10 ਹੈਵੀ ਡਿਊਟੀ ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ।ਜਾਣਕਾਰੀ ਦਿੰਦਿਆਂ ਆਰ. ਟੀ. ਏ. ਦਵਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੀਤੀ ਰਾਤ ਗੁਰਦਾਸਪੁਰ ਨੇੜੇ ਹਾਈਵੇਅ ਉੱਪਰ ਵਿਸ਼ੇਸ਼ ਨਾਕਾ ਲਗਾ ਕੇ ਵਾਹਨ ਚਾਲਕਾਂ ਦੇ ਕਾਗ਼ਜ਼ਾਤ ਚੈਕ ਕੀਤੇ ਗਏ।

ਇਸ ਦੌਰਾਨ ਉਨ੍ਹਾਂ ਨੇ ਓਵਰ ਲੋਡਿਡ ਹੈਵੀ ਡਿਊਟੀ ਵਾਹਨਾਂ ਅਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ 10 ਵਾਹਨਾਂ ਦੇ ਚਲਾਨ ਕੱਟੇ ਗਏ ਹਨ।ਉਨ੍ਹਾਂ ਕਿਹਾ ਕਿ ਓਵਰਲੋਡ ਵਾਹਨ ਚਲਾਉਣਾ ਅਤੇ ਹੋਰ ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕਰਨਾ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦਾ ਹੈ, ਜਿਸ ਨਾਲ ਕਈ ਕੀਮਤੀ ਜਾਨਾਂ ਤੱਕ ਚਲੀਆਂ ਜਾਂਦੀਆਂ ਹਨ।ਉਨ੍ਹਾਂ ਕਿਹਾ ਇਸ ਲਈ ਹਰ ਵਾਹਨ ਚਾਲਕ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਨਾਲ ਹੀ ਆਪਣੇ ਵਾਹਨਾਂ ਦੇ ਸਾਰੇ ਕਾਗ਼ਜ਼ਾਤ ਪੂਰੇ ਰੱਖਣੇ ਚਾਹੀਦੇ ਹਨ।ਆਰ. ਟੀ. ਏ. ਦਵਿੰਦਰ ਕੁਮਾਰ ਨੇ ਜ਼ਿਲ੍ਹੇ ਦੇ ਸਮੂਹ ਸਕੂਲ ਪ੍ਰਬੰਧਕਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਸੇਫ਼ ਸਕੂਲ ਵਾਹਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਕਰਨ।ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਟਰੈਫ਼ਿਕ ਪੁਲਸ ਨਾਲ ਮਿਲ ਕੇ ਇਹ ਚੈਕਿੰਗ ਅਭਿਆਨ ਭਵਿੱਖ ਵਿੱਚ ਵੀ ਜਾਰੀ ਰਹੇਗਾ।

# ਅਮਰੀਕਾ ਤੋਂ ਡਿਪੋਰਟ ਕੀਤੇ ਸਿੱਖ ਨੌਜਵਾਨਾਂ ਨੂੰ ਦਸਤਾਰਾਂ ਉਤਾਰ ਕੇ ਭੇਜਣਾ ਮੰਦਭਾਗਾ: ਪੀਰ ਮੁਹੰਮਦ/ਰਿਆੜ



**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**-ਅਮਰੀਕਾ ਦੀ ਟਰੰਪ ਸਰਕਾਰ ਵਲੋਂ ਡਿਪੋਰਟ ਕੀਤੇ ਸਿੱਖ ਨੌਜਵਾਨਾਂ ਨੂੰ ਜਹਾਜ਼ ਦੇ ਸਫਰ ਸਮੇਂ ਸਿਰਾਂ ਤੋਂ ਦਸਤਾਰਾਂ ਉਤਾਰ ਕੇ ਭਾਰਤ ਭੇਜਣ ਦੀ ਸਖਤ ਨਿੰਦਾ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸਨ ਦੇ ਸਰਪ੍ਰਸਤ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਰਿਆੜ ਨੇ ਕਿਹਾ ਅਮਰੀਕਾ ਦੇ ਇਸ ਵਰਤਾਰੇ ਨਾਲ ਸਿੱਖਾਂ ਦੀਆਂ ਭਾਵਨਾ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਅਮਰੀਕਾ ਤੋਂ ਡਿਪੋਰਟ ਵਿਅਕਤੀਆਂ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਸਿੱਖ ਨੌਜਵਾਨਾਂ ਦੀਆਂ ਜਹਾਜ ਦੇ ਸਫਰ ਦੌਰਾਨ ਅਮਰੀਕੀ ਫੌਜੀ ਅਧਿਕਾਰੀ ਵੱਲੋਂ ਸਿਰਾਂ ਤੋਂ ਦਸਤਾਰਾਂ ਉਤਾਰ ਕੇ ਲਿਆਉਣ ਬਾਰੇ ਕਈ ਸਿੱਖ ਨੌਜਵਾਨ ਖੁਲਾਸਾ ਕਰ ਚੁੱਕੇ ਹਨ। ਭਾਈ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਗਗਨਦੀਪ ਸਿੰਘ ਰਿਆੜ ਨੇ ਕਿਹਾ ਸਿੱਖ ਧਰਮ ਵਿੱਚ ਦਸਤਾਰ ਦੀ ਵਿਸ਼ੇਸ਼ ਮਹੱਤਤਾ ਹੈ। ਸਿੱਖ ਕੌਮ ਦੀਆਂ ਬਹੁਤ ਸਾਰੀਆਂ ਕੁਰਬਾਨੀਆਂ ਸਦਕਾ ਹੀ ਸਿੱਖਾਂ ਦੇ ਅਹਿਮ ਧਾਰਮਿਕ ਚਿੰਨ੍ਹ ਦਸਤਾਰ ਦੀ ਪੂਰੀ ਦੁਨੀਆਂ ਵਿੱਚ ਮਹਾਨਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਵਿਅਕਤੀਆਂ ਨੂੰ ਬੇੜੀਆਂ ਤੇ ਹੱਥਕੜੀਆਂ ਲਾ ਕੇ ਲਿਆਉਣਾ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਇਸ ਮਸਲੇ ਬਾਰੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਤੁਰੰਤ ਅਮਰੀਕਾ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਭਾਈ ਪੀਰ ਮੁਹੰਮਦ ਅਤੇ ਭਾਈ ਰਿਆੜ ਨੇ ਦੱਸਿਆ ਕਿ ਅਮਰੀਕਾ ਤੋਂ ਡਿਪੋਰਟ ਆਏ ਇਕ ਨੌਜਵਾਨ ਵਲੋਂ ਇਹ ਵੀ ਖੁਲਾਸਾ ਕੀਤਾ ਜਾ ਚੁੱਕਾ ਹੈ ਕਿ ਔਰਤਾਂ ਅਤੇ ਬੱਚਿਆਂ ਨੂੰ ਛੱਡ ਬਾਕੀ ਸਾਰੇ ਮਰਦਾਂ ਨੂੰ ਬੇੜੀਆਂ ਵਿੱਚ ਜਕੜਿਆ ਹੋਇਆ ਸੀ ਅਤੇ ਜਹਾਜ਼ ਦੇ ਅੰਮ੍ਰਿਤਸਰ ਲੈਂਡ ਕਰਨ ਤੋਂ ਕੁੱਝ ਕੁ ਸਮਾਂ ਪਹਿਲਾਂ ਹੀ ਬੇੜੀਆਂ ਅਤੇ ਹੱਥਕੜੀਆਂ ਨੂੰ ਖੋਲ੍ਹਿਆ ਗਿਆ ਤਾਂ ਜੋ ਭਾਰਤ ਸਰਕਾਰ ਨੂੰ ਦਿਖਾਇਆ ਜਾ ਸਕੇ ਕਿ ਬੇੜੀਆਂ ਅਤੇ ਹੱਥਕੜੀਆਂ ਨਾਲ ਇਨ੍ਹਾਂ ਵਿਅਕਤੀਆਂ ਨੂੰ ਨਹੀਂ ਜਕੜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਏਜੰਟਾਂ ਵਲੋਂ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਪਨਾਮਾ ਸਣੇ ਵੱਖ-ਵੱਖ ਦੇਸ਼ਾਂ ਤੇ ਮੈਕਸੀਕੋ ਰਾਹੀਂ ਅਮਰੀਕਾ ਪਹੁੰਚਾਉਣ ਦਾ ਮਸਲਾ ਇੱਕ ਮਨੁੱਖ ਤਸਕਰੀ ਹੈ। ਭਾਰਤ ਦੇ ਗ੍ਰਹਿ ਮੰਤਰਾਲੇ ਨੂੰ ਇਹ ਮਸਲਾ ਅਮਰੀਕਾ ਦੇ ਰਾਸ਼ਟਰਪਤੀ ਕੋਲ ਉਠਾਉਣਾ ਚਾਹੀਦਾ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕਾਈ ਪਸਨਾਵਾਲ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਇਕਾਈ ਪਿੰਡ ਪਸਨਾਵਾਲ ਦੀ ਮੀਟਿੰਗ ਜ਼ੋਨ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਤੇ ਕੋਰ ਕਮੇਟੀ ਆਗੂਆਂ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਜਥੇਬੰਦੀ ਦੀ ਪਸਨਾਵਾਲ ਇਕਾਈ ਦੀ ਪਹਿਲੀ ਕਮੇਟੀ ਦੀ ਸੋਧ ਕਰਕੇ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਸਰਬਸੰਮਤੀ ਨਾਲ ਇਕਾਈ ਪਸਨਾਵਾਲ ਦੇ ਪ੍ਰਧਾਨ ਨਵਜੋਤ ਸਿੰਘ ਦੀ ਜਗ੍ਹਾ 'ਤੇ ਕਾਰਜਕਾਰੀ ਪ੍ਰਧਾਨ ਗੁਰਪਿੰਦਰ ਸਿੰਘ, ਸਕੱਤਰ ਸੁਖਜਿੰਦਰ ਸਿੰਘ, ਖਜਾਨਚੀ ਪਲਵਿੰਦਰ ਸਿੰਘ, ਪ੍ਰੈੱਸ ਸਕੱਤਰ ਜਗੀਰ ਸਿੰਘ, ਸੀਨੀ ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੀਤ ਪ੍ਰਧਾਨ ਗੁਰਭੇਜ ਸਿੰਘ, ਸਲਾਹਕਾਰ ਬਲਵਿੰਦਰ ਸਿੰਘ, ਜੱਥੇਬੰਧਕ ਸਕੱਤਰ ਬਲਜੀਤ ਸਿੰਘ, ਪ੍ਰਚਾਰ ਸਕੱਤਰ ਸੰਦੀਪ ਸਿੰਘ ਨੂੰ ਬਣਾਇਆ ਗਿਆ। ਇਸ ਮੌਕੇ ਪਸਨਾਵਾਲ ਇਕਾਈ ਦੇ ਅਹੁਦੇਦਾਰਾਂ ਨੇ ਜ਼ੋਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜਥੇਬੰਦੀ ਵਲੋਂ ਸੌਂਪੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਹੱਕੀ ਮੰਗਾਂ ਦੀ ਪ੍ਰਾਪਤੀ ਅਤੇ ਆਪਣੀ ਹੋਂਦ ਬਚਾਉਣ ਲਈ ਚੱਲ ਰਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ। ਉਨ੍ਹਾਂ ਕਿਹਾ ਉਹ ਆਪੋ ਆਪਣੀਆਂ ਡਿਊਟੀਆਂ ਸੰਭਾਲਦੇ ਹੋਏ ਵੱਡੀ ਗਿਣਤੀ ਵਿੱਚ 20 ਫਰਵਰੀ ਨੂੰ ਸੰਭੂ ਬਾਰਡਰ 'ਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਾਲ ਸਿੰਘ, ਗੁਰਵਿੰਦਰ ਸਿੰਘ, ਸਤਨਾਮ ਸਿੰਘ, ਹਰਚਰਨ ਸਿੰਘ, ਖਜ਼ਾਨਚੀ ਅਮਰੀਕ ਸਿੰਘ, ਵਲੰਟੀਅਰ ਹੇਮ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਇੱਕ ਰੋਜ਼ਾ ਨਰਸਿੰਗ ਵਰਕਸ਼ਾਪ ਆਯੋਜਿਤ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਦੀਨਾਨਗਰ ਦੇ ਐੱਸਐੱਸਐੱਮ ਕਾਲਜ ਵਿਖੇ ਇੱਕ ਰੋਜ਼ਾ ਨਰਸਿੰਗ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ 450 ਤੋਂ ਵੱਧ ਫੈਕਲਟੀ ਮੈਂਬਰਾਂ ਨੇ ਭਾਗ ਲਿਆ।ਇਸ ਵਰਕਸ਼ਾਪ ਦਾ ਉਦਘਾਟਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਕੀਤਾ ਗਿਆ।ਇਸ ਮੌਕੇ ਡਾ. ਪੁਨੀਤ ਗਿਰਧਰ, ਰਜਿਸਟਰਾਰ ਪੰਜਾਬ ਨਰਸਿਜ਼ ਰਜਿਸਟ੍ਰੇਸ਼ਨ ਕੌਂਸਲ, ਡਾ. ਐੱਸ. ਐੱਸ. ਢਿੱਲੋਂ ਚੇਅਰਮੈਨ ਸਿਟੀ ਨਰਸਿੰਗ ਕਾਲਜ ਸਮੇਤ ਹੋਰ ਅਹੁਦੇਦਾਰ ਵੀ ਸ਼ਾਮਲ ਹੋਏ।ਨਰਸਿੰਗ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਨਰਸਿੰਗ ਸੰਸਥਾਵਾਂ ਨੂੰ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵੱਲ ਧਿਆਨ ਦੇਣਾ ਚਾਹੀਦਾ ਹੈ। ਨਰਸਿੰਗ ਕਿੱਤੇ ਨੂੰ ਡਾਕਟਰੀ ਕਿੱਤੇ ਦਾ ਅਹਿਮ ਹਿੱਸਾ ਕਰਾਰ ਦਿੰਦਿਆਂ ਬਹਿਲ ਨੇ ਕਿਹਾ ਕਿ ਇੰਡੋਰ ਮਰੀਜ਼ਾਂ ਦੇ ਇਲਾਜ ਵਿੱਚ ਡਾਕਟਰਾਂ ਦੀ ਤਰ੍ਹਾਂ ਨਰਸਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਕਲੀਨੀਕਲ ਡਿਊਟੀਆਂ ਤਨਦੇਹੀ ਅਤੇ ਜੋਸ਼ ਨਾਲ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ ਜੋ ਕੋਰਸ ਦੀ ਪ੍ਰੀਖਿਆ ਅਤੇ ਮੁਲਾਂਕਣ ਦਾ ਹਿੱਸਾ ਹੋ ਸਕਦੀਆਂ ਹਨ।ਬਹਿਲ ਨੇ ਕਿਹਾ ਕਿ ਪੰਜਾਬ ਵਿੱਚ 250 ਤੋਂ ਵੱਧ ਨਰਸਿੰਗ ਕਾਲਜ ਹਨ ਜੋ ਹਰ ਸਾਲ ਹਜ਼ਾਰਾਂ ਨਰਸਿੰਗ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ।ਉਨ੍ਹਾਂ ਕਿਹਾ ਕਿ ਸਾਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕਰਕੇ ਉਨ੍ਹਾਂ ਦੀ ਸਿਧਾਂਤਕ ਅਤੇ ਪ੍ਰੈਕਟੀਕਲ ਸਿਖਲਾਈ ਵੱਲ ਧਿਆਨ ਦੇਣਾ ਚਾਹੀਦਾ ਹੈ।ਇਸ ਦੌਰਾਨ ਡਾ. ਭਾਰਤ ਪਾਰੀਕ ਪ੍ਰੋਫੈਸਰ ਕੋਆਰਡੀਨੇਟਰ ਅਕਾਲ ਕਾਲਜ ਆਫ਼ ਨਰਸਿੰਗ ਬੜੂ ਸਾਹਿਬ ਸਿਰਮੌਰ ਹਿਮਾਚਲ ਪ੍ਰਦੇਸ਼, ਡਾ. ਦਵਿੰਦਰ ਕੌਰ ਪ੍ਰਿੰ. ਗਿਆਨ ਸਾਗਰ ਨਰਸਿੰਗ ਕਾਲਜ ਰਾਜਪੁਰਾ, ਡਾ. ਸੁਸ਼ਮਾ ਸੈਣੀ ਐਸੋਸੀਏਟ ਪ੍ਰੋਫੈਸਰ ਐੱਨਆਈਐੱਨਈ ਪੀ. ਜੀ. ਆਈ. ਚੰਡੀਗੜ੍ਹ, ਦਿਲਦੀਪ ਕੌਰ ਪ੍ਰਿੰ. ਸਰਕਾਰੀ ਇੰਸਟੀਚਿਊਟ ਆਫ਼ ਨਰਸਿੰਗ ਰੋਪੜ, ਮਨਪ੍ਰੀਤ ਕੌਰ ਪ੍ਰਿੰ. ਸ੍ਰੀ ਗੁਰੂ ਰਾਮਦਾਸ ਵੱਲਾ ਵੱਲੋਂ ਪ੍ਰਮੁੱਖ ਗਤੀਵਿਧੀਆਂ ਵਿੱਚ ਪੰਜਾਬ ਵਿੱਚ ਨਰਸਿੰਗ ਵਿਦਿਆਰਥੀਆਂ ਲਈ ਵਿਸ਼ੇਸ਼ ਚੁਣੌਤੀਆਂ ਬਾਰੇ ਪੈਨਲ ਚਰਚਾ, ਜ਼ਿਲ੍ਹਾ ਹਸਪਤਾਲਾਂ ਵਿੱਚ ਵਿਦਿਆਰਥੀਆਂ ਦੀ ਕਲੀਨੀਕਲ ਸਿਖਲਾਈ, ਚੁਣੌਤੀਆਂ ਅਤੇ ਹੱਲ, ਜੀਐੱਨਐੱਮ ਅਤੇ ਏਐੱਨਐੱਮ. ਦਾਖ਼ਲੇ ਲਈ ਕਾਊਂਸਲਿੰਗ ਅਤੇ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦਾ ਮੁਲਾਂਕਣ, ਥਿਊਰੀ ਅਤੇ ਕਲੀਨੀਕਲ ਵਿਸ਼ਿਆਂ ਬਾਰੇ ਚਰਚਾ ਕੀਤੀ ਗਈ।

# ਸਿਹਤ ਵਿਭਾਗ ਦੇ ਕਲੈਰੀਕਲ ਸਟਾਫ ਵੱਲੋਂ ਮੁਸ਼ਕਲਾਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਮੀਟਿੰਗ



ਚੋਹਲਾ ਸਾਹਿਬ (ਰਮਨ ਚੱਢਾ)-ਸਟੇਟ ਬਾਡੀ ਕਲੈਰੀਕਲ ਯੂਨੀਅਨ ਦੇ ਪ੍ਰਧਾਨ ਨਰਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਸਮੂਹ ਕਲੈਰੀਕਲ ਸਟਾਫ ਦੀ ਭਰਵੀਂ ਮੀਟਿੰਗ ਕੀਤੀ ਗਈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਸਿਹਤ ਵਿਭਾਗ ਦੇ ਕਲੈਰੀਕਲ ਸਟੇਟ ਬਾਡੀ ਯੂਨੀਅਨ ਦੇ ਪ੍ਰਧਾਨ ਨਰਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਯੂਨੀਅਨ ਦੀਆਂ ਹੱਕੀ ਮੰਗਾਂ ਅਤੇ ਕਲੈਰੀਕਲ ਸਟਾਫ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਮੀਟਿੰਗ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਿਹਤ ਵਿਭਾਗ ਦੇ ਕਲੈਰੀਕਲ ਸਟਾਫ ਜ਼ਿਲ੍ਹਾ ਤਰਨ ਤਾਰਨ ਦੇ ਕਿਸੇ ਵੀ ਮੁਲਾਜ਼ਮ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਆ ਰਹੀਆਂ ਹਨ ਤਾਂ ਉਹ ਜ਼ਿਲ੍ਹਾ ਪ੍ਰਧਾਨ ਨਾਲ ਸੰਪਰਕ ਕਰਕੇ ਆਪਣੀ ਮੁਸ਼ਕਲ ਦਾ ਹੱਲ ਤੁਰੰਤ ਕਰਵਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਵੀ ਵਿਚਾਰਿਆ ਗਿਆ ਅਤੇ ਉਹ ਮੰਗਾਂ ਜਲਦ ਉਚ ਅਧਿਕਾਰੀਆਂ ਤੱਕ ਪਹੁੰਚਾਈਆਂ ਜਾਣਗੀਆਂ। ਇਸ ਸਮੇਂ ਸੁਪਰਡੈਂਟ ਜ਼ਿਲ੍ਹਾ ਕਪੂਰਥਲਾ ਸੁਨੀਲ ਸਹੋਤਾ, ਨਵਤੇਜ ਸਿੰਘ, ਸਿਮਰਜੀਤ ਕੌਰ, ਬਚਿੱਤਰ ਸਿੰਘ, ਮਨਦੀਪ ਸਿੰਘ, ਬਲਜੀਤ ਕੌਰ, ਹਰਦਿਆਲ ਸਿੰਘ, ਹਰਜਿੰਦਰ ਸਿੰਘ, ਗੁਰਮੁੱਖ ਸਿੰਘ, ਸਨਦੀਪ ਸਿੰਘ, ਮਨਦੀਪ ਸਿੰਘ, ਸੁਪਰਡੈਂਟ ਕਵਰ ਕੁਲਦੀਪ ਸਿੰਘ, ਬਲਦੇਵ ਸਿੰਘ ਜੌੜਾ ਆਦਿ ਹਾਜ਼ਰ ਸਨ।

# ਕਾਂਗਰਸੀ ਆਗੂ ਫਤਿਹ ਸਿੰਘ ਬਾਠ ਨਾਲ ਦੁੱਖ ਦਾ ਪ੍ਰਗਟਾਵਾ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਗੁਰੂ ਅਮਰਦਾਸ ਸਪੋਰਟਸ ਕਲੱਬ ਦੇ ਪ੍ਰਧਾਨ ਅਤੇ ਸੀਨੀਅਰ ਕਾਂਗਰਸੀ ਆਗੂ ਫਤਿਹ ਸਿੰਘ ਬਾਠ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਵੱਡੇ ਭਰਾ ਤਲਵਿੰਦਰ ਸਿੰਘ ਬਾਠ ਸੰਖੇਪ ਬਿਮਾਰੀ ਉਪਰੰਤ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।ਇਸ ਦੁੱਖ ਦੀ ਘੜੀ ਵਿੱਚ ਫਤਿਹ ਸਿੰਘ ਬਾਠ ਨਾਲ ਇਲਾਕੇ ਦੀਆਂ ਸੈਂਕੜੇ ਸ਼ਖਸੀਅਤਾਂ ਨੇ ਦੁੱਖ ਪ੍ਰਗਟਾਇਆ ਅਤੇ ਤਲਵਿੰਦਰ ਸਿੰਘ ਬਾਠ ਦੇ ਅਚਾਨਕ ਅਕਾਲ ਚਲਾਣੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਦੁੱਖ ਦੀ ਘੜੀ ਵਿੱਚ ਗੋਇੰਦਵਾਲ ਸਾਹਿਬ ਦੇ ਪ੍ਰੈੱਸ ਕਲੱਬ ਵੱਲੋਂ ਵੀ ਫਤਿਹ ਸਿੰਘ ਬਾਠ ਨਾਲ ਦੁੱਖ ਸਾਂਝਾ ਕੀਤਾ ਗਿਆ।ਇਸ ਮੌਕੇ ਬਾਠ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ 'ਚ ਭੁਪਿੰਦਰ ਸਿੰਘ ਪੰਪ ਵਾਲੇ, ਅਮਰਿੰਦਰ ਸਿੰਘ ਸੰਨੀ ਮਹਾਰਾਜਾ ਗੈਸ ਸਰਵਿਸ ਵਾਲੇ, ਸੁਰਿੰਦਰ ਸਿੰਘ ਢੋਟੀ, ਪ੍ਰੈੱਸ ਕਲੱਬ ਦੇ ਪ੍ਰਧਾਨ ਜਤਿੰਦਰ ਸਿੰਘ ਬਾਵਾ, ਪਲਵਿੰਦਰ ਸਿੰਘ, ਕਾਬਲ ਸਿੰਘ ਮੱਲ੍ਹੀ, ਨਿਸ਼ਾਨ ਸਿੰਘ ਜੌਹਲ, ਸ਼ੇਰੂ ਮਹਾਜਨ, ਪਰਮਜੀਤ ਸਿੰਘ ਪੰਛੀ, ਸਕੱਤਰ ਸਿੰਘ ਅਟਵਾਲ, ਗੁਰਬਿੰਦਰ ਸਿੰਘ ਅਤੇ ਸਰਬਜੋਤ ਸਿੰਘ ਸੰਧਾ ਸ਼ਾਮਲ ਸਨ।

## ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਜਲੰਧਰ (ਇਕਬਾਲ ਸਿੰਘ ਉਭੀ/ਸੁਰਿੰਦਰ ਕੁਮਾਰ)**-ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 20 ਫਰਵਰੀ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਨੀਲਮ ਮਹੇ ਨੇ ਦੱਸਿਆ ਕਿ ਇਹ ਪਲੇਸਮੈਂਟ ਕੈਂਪ ਵੀਰਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰਜ਼ਿਲ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਦਫ਼ਤਰ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਪਿਰਾਮਲ ਫਾਇਨਾਂਸ, ਇਨੋਵ ਸੋਰਸ ਪ੍ਰਾਈਵੇਟ ਲਿਮਟਿਡ (ਡੀ ਮਾਰਟ), ਐਚ.ਆਰ. ਇੰਡਸਟ੍ਰੀਜ਼ ਕੰਪਨੀਆਂ ਭਾਗ ਲੈਣਗੀਆਂ।ਮਹੇ ਨੇ ਦੱਸਿਆ ਕਿ 18-35 ਸਾਲ ਉਮਰ ਦੇ 10ਵੀਂ/12ਵੀਂ/ਆਈ.ਟੀ.ਆਈ./ਗ੍ਰੈਜੂਏਟ/ਪੋਸਟ ਗ੍ਰੈਜੂਏਟ ਪੁਰਸ਼ ਉਮੀਦਵਾਰ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਛੋਟੇ ਤੇ ਨਵ-ਜੰਮੇ ਬੱਚਿਆਂ ਦੀਆਂ ਬੀਮਾਰੀਆਂ ਦੀ ਰੋਕਥਾਮ ਬਾਰੇ ਦਿੱਤੀ ਜਾਣਕਾਰੀ



**ਗੁਰਦਾਸਪੁਰ (ਜਨਕ ਮਹਾਜਨ)**-ਸਿਵਲ ਸਰਜਨ ਗੁਰਦਾਸਪੁਰ ਡਾ. ਪ੍ਰਭਜੋਤ ਕੌਰ ਕਲਸੀ ਦੀ ਅਗਵਾਈ ਹੇਠ ਛੋਟੇ ਬੱਚਿਆਂ ਅਤੇ ਨਵਜੰਮੇ ਬੱਚਿਆਂ ਵਿੱਚ ਬਿਮਾਰੀਆਂ ਦੀ ਰੋਕਥਾਮ ਲਈ ਸਿਹਤ ਕਾਮਿਆਂ ਦੀ ਟਰੇਨਿੰਗ ਦਫਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਕਰਵਾਈ ਗਈ। ਇਸ ਮੌਕੇ ਸਿਵਲ ਸਰਜਨ ਡਾਕਟਰ ਪ੍ਰਭਜੋਤ ਕੌਰ ਕਲਸੀ ਨੇ ਕਿਹਾ ਕਿ ਬੱਚਿਆਂ ਦੀ ਬੀਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਕਈ ਪ੍ਰੋਗਰਾਮ ਉਲੀਕੇ ਗਏ ਹਨ। ਬੱਚਿਆਂ ਦੀ ਮੌਤ ਦਰ ਘਟਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਦਾ ਸੰਪੂਰਨ ਟੀਕਾਕਰਨ ਕਰਵਾਇਆ ਜਾਵੇ।

ਬੱਚਿਆਂ ਦੀ ਬੀਮਾਰੀਆਂ ਦੀ ਪਛਾਣ ਸਮੇਂ ਸਿਰ ਕੀਤੀ ਜਾਵੇ। ਨਿਮੋਨੀਆ ਆਦਿ ਬੀਮਾਰੀ ਨਾਲ ਹਰ ਸਾਲ ਕਈ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਜੇਕਰ ਬੀਮਾਰੀ ਦਾ ਸਮੇਂ ਰਹਿੰਦੇ ਇਲਾਜ ਕੀਤਾ ਜਾਵੇ ਤਾਂ ਉਹ ਘਾਤਕ ਨਹੀਂ ਰਹਿੰਦੀ। ਜ਼ਿਲਾ ਪਰਿਵਾਰ ਭਲਾਈ ਅਫਸਰ ਡਾਕਟਰ ਤੇਜਿੰਦਰ ਕੌਰ ਨੇ ਰੋਗ ਦੀ ਪਛਾਣ ਅਤੇ ਇਲਾਜ ਬਾਰੇ ਵਿਸਤਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਕੁੱਝ ਲੋਕ ਨੀਮ-ਹਕੀਮ ਅਤੇ ਝਾੜ ਫੂਕ ਤੇ ਭਰੋਸਾ ਕਰਦੇ ਹਨ।

ਸਮੂਹ ਸਿਹਤ ਸੰਸਥਾਵਾਂ ਵਿੱਚ ਜਨਮ ਤੋਂ ਇੱਕ ਸਾਲ ਅਤੇ 5ਸਾਲ ਤੱਕ ਦੀਆਂ ਕੁੜੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।

ਇਸ ਮੌਕੇ ਜ਼ਿਲ੍ਹਾ ਐਪੀਡਮੋਲੋਜਿਸਟ ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਪ੍ਰੇਰਨਾ ਮਹਾਜਨ, ਮਾਸ ਮੀਡੀਆ ਅਫਸਰ ਪਰਮਿੰਦਰ ਸਿੰਘ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਹਿਊਮਨ ਰਾਈਟਸ ਸੁਰੱਖਿਆ ਸੁਸਾਇਟੀ ਦੀ ਮਹੀਨਾਵਾਰ ਬੈਠਕ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਦਿ ਹਿਊਮਨ ਰਾਈਟਸ ਸੁਰੱਖਿਆ ਸੋਸਾਇਟੀ ਦੀ ਮਹੀਨਾਵਾਰ ਬੈਠਕ ਰਣਜੀਤ ਸਿੰਘ ਨਾਗੀ ਦੇ ਗ੍ਰਹਿ ਵਿਖੇ ਕਾਰਜਕਾਰਨੀ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਛੋਟੇਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੰਸਥਾ ਦੇ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਅਹੁਦੇਦਾਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਗਰੀਬ ਪਰਿਵਾਰਾਂ ਨਾਲ ਸੰਬੰਧਿਤ ਬੇਟੀਆਂ ਦੀ ਸਾਦੀ, ਮੈਡੀਕਲ ਕੈਂਪ ਤੇ ਹੋਰ ਵੀ ਕਈ ਕੰਮ ਕਰਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਤੇ ਹੀਰਾ ਲਾਹੌਰੀਆ ਨੂੰ ਸੰਸਥਾ ਦੀ ਮੈਂਬਰਸਿਪ ਦਿੱਤੀ ਗਈ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪੰਜਾਬ ਪ੍ਰਧਾਨ ਇੰਜ. ਜੇਪੀ ਨੇ ਦੱਸਿਆ ਕਿ ਸੰਸਥਾ ਦੇ ਰਾਸ਼ਟਰੀ ਚੇਅਰਮੈਨ ਰਜਿੰਦਰ ਕੋਹਲੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਸੰਸਥਾ ਨਾਲ ਜੁੜਨ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ ਅਤੇ ਸਮਾਜ ਵਿੱਚ ਵਧੀਆ ਕਾਰਜ ਕਰਨ ਦਾ ਇੱਕ ਪਲੇਟਫਾਰਮ ਦਿੱਤਾ ਜਾਏ। ਮੀਟਿੰਗ ਵਿੱਚ ਸੰਸਥਾ ਦੇ ਪੰਜਾਬ ਪ੍ਰਧਾਨ ਇੰਜੀਨੀਅਰ ਜੇਪੀ ਸਿੰਘ, ਪੰਜਾਬ ਵਾਈਸ ਪ੍ਰਧਾਨ ਸੁਖਦੇਵ ਸਿੰਘ ਚਾਹਲ, ਜ਼ਿਲ੍ਹਾ ਚੇਅਰਮੈਨ ਲਵਲੀ ਨਾਗੀ, ਜ਼ਿਲ੍ਹਾ ਕਾਰਜਕਾਰਨੀ ਪ੍ਰਧਾਨ ਦਲਜੀਤ ਸਿੰਘ ਛੋਟੇਪੁਰ, ਜ਼ਿਲ੍ਹਾ ਵਾਈਸ ਪ੍ਰਧਾਨ ਰਣਜੀਤ ਸਿੰਘ ਨਾਗੀ, ਜ਼ਿਲ੍ਹਾ ਜਨਰਲ ਸਕੱਤਰ ਸਰਪੰਚ ਹਰਪਾਲ ਸਿੰਘ ਕੰਗ, ਹਰਭਜਨ ਸਿੰਘ, ਜ਼ਿਲ੍ਹਾ ਸਕੱਤਰ ਚਮਨ ਲਾਲ, ਦਫਤਰ ਇੰਚਾਰਜ ਗੁਰਮੇਜ ਸਿੰਘ, ਦੇਸਾ ਸਿੰਘ, ਸੁਖਦੇਵ ਸਿੰਘ ਸੈਕਟਰੀ, ਕੁਲਵੰਤ ਸਿੰਘ, ਗਗਨਦੀਪ ਸਿੰਘ, ਦਵਿੰਦਰ ਸਿੰਘ ਦਾਰਾ, ਅਮਨਦੀਪ ਸਿੰਘ, ਮਨੀ ਆਦਿ ਸਾਮਲ ਸਨ।

# ਨਗਰ ਕੌਂਸਲ ਦੀਆਂ ਚੋਣਾਂ ਲਈ ਭਾਜਪਾ ਵੱਲੋਂ ਉਮੀਦਵਾਰਾਂ ਦਾ ਐਲਾਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਨਗਰ ਕੌਂਸਲ ਦੀਆਂ 2 ਮਾਰਚ ਨੂੰ ਹੋਣ ਜਾ ਰਹੀਆਂ ਚੋਣਾਂ ਨੂੰ ਲੈ ਕੇ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਅਤੇ ਭਾਜਪਾ ਦੇ ਸੀਨੀਅਰ ਆਗੂ ਰਵੀਕਰਨ ਸਿੰਘ ਕਾਹਲੋਂ ਦੀ ਅਗਵਾਈ ਵਿੱਚ ਵਰਕਰਾਂ ਨਾਲ ਮੀਟਿੰਗ ਕਰਨ ਉਪਰੰਤ 13 ਵਾਰਡਾਂ ਵਿੱਚੋਂ ਪਹਿਲੀ ਲਿਸਟ ਵਿੱਚ 12 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿੱਚ ਭਾਜਪਾ ਨੇ ਵਾਰਡ ਨੰਬਰ 1 ਤੋਂ ਕਰਮਜੀਤ ਸਿੰਘ, 2 ਤੋਂ ਗੁਰਬਖਸ਼ ਸਿੰਘ ਰੰਧਾਵਾ, 3 ਤੋਂ ਅਮਨਦੀਪ ਕੌਰ, 4 ਤੋਂ ਰਾਜੂ ਪੰਡਿਤ, 5 ਤੋਂ ਕੰਨੂ ਪ੍ਰੀਆ, 6 ਤੋਂ ਬਲਵਿੰਦਰ ਕੁਮਾਰ, 7 ਤੋਂ ਸਾਬਕਾ ਕੌਂਸਲਰ ਮਨਦੀਪ ਕੌਰ, 8 ਤੋਂ ਕਸ਼ਮੀਰ ਸਿੰਘ ਰੰਧਾਵਾ, 9 ਤੋਂ ਸੰਦੀਪ ਕੌਰ, 10 ਤੋਂ ਰੇਨੂੰ, 11 ਤੋਂ ਮਨਜੀਤ ਸਿੰਘ ਬੇਦੀ, 12 ਤੋਂ ਭੁਪਿੰਦਰ ਸਿੰਘ ਆਦਿ ਦੇ ਨਾਂਅ ਵਰਨਨਯੋਗ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕਿਹਾ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਕਰਾਰੀ ਹਾਰ ਹੋਣ ਤੋਂ ਬਾਅਦ ਹੁਣ ਪੰਜਾਬ ਦੇ ਲੋਕ ਪੰਜਾਬ ਵਿੱਚ ਬੀਜੇਪੀ ਦੀ ਡਬਲ ਇੰਜਨ ਵਾਲੀ ਸਰਕਾਰ 2027 ਵਿੱਚ ਬਣਾਉਣਗੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸ਼ਰਾਬ ਘੁਟਾਲੇ ਤੋਂ ਇਲਾਵਾ ਕਈ ਹੋਰ ਘੁਟਾਲਿਆਂ ਵਾਲੀ ਪਾਰਟੀ ਹੈ। ਇਸ ਲਈ ਦਿੱਲੀ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਾਈ ਹੈ ਤੇ ਉਸੇ ਤਰ੍ਹਾਂ ਦਿੱਲੀ ਦਾ ਅਸਰ ਹੁਣ ਪੰਜਾਬ ਵਿੱਚ ਵੀ ਵਿਖਾਈ ਦੇ ਰਿਹਾ ਹੈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ਼ਿਵਬੀਰ ਸਿੰਘ ਰਾਜਨ, ਐਡਵੋਕੇਟ ਪਰਮੀਤ ਸਿੰਘ ਬੇਦੀ ਸਾਬਕਾ ਨਗਰ ਕੌਂਸਲ ਪ੍ਰਧਾਨ, ਰਾਜੂ ਪੰਡਿਤ ਉਪ ਜ਼ਿਲ੍ਹਾ ਪ੍ਰਧਾਨ, ਭਾਜਪਾ ਆਗੂ ਨਿਰਮਲ ਸਿੰਘ ਰੱਤਾ, ਸਟੇਟ ਸਕੱਤਰ ਸੌਰਵ ਭਾਰਦਵਾਜ, ਸੂਬਾ ਸੋਸ਼ਲ ਮੀਡੀਆ ਇੰਚਾਰਜ ਉਮੇਸ਼ਵਰ ਮੁਹਾਜਨ, ਹਰਪ੍ਰੀਤ ਸਿੰਘ ਪੀਏ ਸ਼ਵੇਤ ਮਲਿਕ, ਗੁਰਬਖਸ਼ ਸਿੰਘ ਰੰਧਾਵਾ, ਕਸ਼ਮੀਰ ਸਿੰਘ ਰੰਧਾਵਾ, ਨਰਿੰਦਰ ਸਿੰਘ ਪੂੰਨੀ, ਕਰਨੈਲ ਸਿੰਘ ਪੂੰਨੀ, ਅਰਜਿੰਦਰ ਸਿੰਘ ਗੋਲਡੀ, ਅਜੀਤ ਸਿੰਘ, ਗੁਰਪ੍ਰੀਤ ਸਿੰਘ, ਮਲਕੀਤ ਸਿੰਘ, ਕਰਮਜੀਤ ਸਿੰਘ, ਸੰਜੀਵ ਠਾਕੁਰ, ਬਾਬਾ ਜਗਤਾਰ ਸਿੰਘ, ਬਲਜਿੰਦਰ ਸਿੰਘ, ਪੱਪੀ, ਕਸ਼ਮੀਰ ਮਸੀਹ ਆਦਿ ਭਾਜਪਾ ਵਰਕਰ ਤੇ ਆਗੂ ਹਾਜ਼ਰ ਸਨ।

# ਕਪਿਲ ਸ਼ਰਮਾ ਤੁਰੰਤ ਜਨਤਕ ਮੁਆਫੀ ਮੰਗੇ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ)-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਹਾਸ ਵਿਅੰਗ ਕਲਾਕਾਰ ਕਪਿਲ ਸ਼ਰਮਾ ਵੱਲੋਂ ਬਾਬਾ ਦੀਵਾਨ ਟੋਡਰ ਮਲ ਦੇ ਨਾਂਅ 'ਤੇ ਕੀਤੀ ਮੰਦਭਾਗੀ ਟਿੱਪਣੀ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਉਪਰੰਤ ਉਨ੍ਹਾਂ ਦੇ ਸਸਕਾਰ ਲਈ ਮੋਹਰਾਂ ਵਿਛਾ ਕੇ ਜ਼ਮੀਨ ਖਰੀਦਣ ਵਾਲੇ ਮਹਾਨ ਸ਼ਹੀਦ ਦੀਵਾਨ ਬਾਬਾ ਟੋਡਰ ਮੱਲ ਦੇ ਨਾਂਅ 'ਤੇ ਟਿੱਚਰਬਾਜ਼ੀ ਬਰਦਾਸ਼ਤ ਨਹੀਂ ਹੋ ਸਕਦੀ।ਟੀ. ਵੀ. ਦੇ ਕਮੇਡੀਅਨ ਕਪਿਲ ਸ਼ਰਮਾ ਵੱਲੋਂ ਇਕ ਸ਼ੋਅ ਦੌਰਾਨ ਸਿੱਖ ਇਤਿਹਾਸ ਤੇ ਗੁਰੂ ਘਰ ਦੇ ਸਨਮਾਨਜਨਕ ਸੇਵਕ ਦੀਵਾਨ ਬਾਬਾ ਟੋਡਰ ਮੱਲ ਦੇ ਨਾਂਅ ਦੀ ਵਰਤੋਂ ਬਹੁਤ ਅਪਮਾਨਜਨਕ ਤਰੀਕੇ ਨਾਲ ਕੀਤੀ ਗਈ ਹੈ ਜਿਸ ਨਾਲ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਛੁਟਿਆਉਣ ਦਾ ਯਤਨ ਕੀਤਾ ਗਿਆ।ਸਮੁੱਚੇ ਸਿੱਖ ਜਗਤ ਦੇ ਹਿਰਦਿਆਂ ਨੂੰ ਭਾਰੀ ਠੇਸ ਵੱਜੀ ਹੈ।ਉਨ੍ਹਾਂ ਕਿਹਾ ਕਿ ਕਪਿਲ ਸ਼ਰਮਾ ਪੰਜਾਬ ਦਾ ਜੰਮਪਲ ਅਤੇ ਸਿੱਖ ਇਤਿਹਾਸ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹੋਣ ਦੇ ਬਾਵਜੂਦ ਉਸ ਵੱਲੋਂ ਇਹ ਹਿਮਾਕਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸ਼ਰਮਾ ਨੂੰ ਇਸ ਦੀ ਤੁਰੰਤ ਜਨਤਕ ਮੁਆਫੀ ਮੰਗਣੀ ਚਾਹੀਦੀ ਹੈ ਨਹੀਂ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਲਈ ਉਹ ਤਿਆਰ ਰਹੇ।

# ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸੋਨੂੰ ਲੰਗਾਹ ਵੱਲੋਂ ਸੀਨੀਅਰ ਅਕਾਲੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-2 ਮਾਰਚ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਚੋਣਾਂ ਨੂੰ ਲੈ ਕੇ ਯੂਥ ਅਕਾਲੀ ਦਲ ਬਾਦਲ ਦੇ ਕੋਰ ਕਮੇਟੀ ਮੈਂਬਰ ਤੇ ਸੂਬਾ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਸੀਨੀਅਰ ਅਕਾਲੀ ਵਰਕਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਕਰਦਿਆਂ ਹੋਇਆਂ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਨੇ ਕਿਹਾ ਕਿ 2 ਮਾਰਚ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਡੇਰਾ ਬਾਬਾ ਨਾਨਕ ਚੋਣਾਂ ਨੂੰ ਲੈ ਕੇ ਵਰਕਰ ਭੰਬਲ ਭੂਸੇ ਵਿੱਚ ਪਏ ਹੋਏ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਗਲਤ ਤਰੀਕੇ ਨਾਲ ਵਾਰਡਬੰਦੀ ਕਰਵਾ ਕੇ ਇਹ ਚੋਣਾਂ ਲੜੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਰੀਬ 12 ਸਾਲ ਬਾਅਦ ਇਸ ਨਗਰ ਕੌਂਸਲ ਦੀ ਚੋਣ ਹੋਣ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀ ਵਾਰਡ ਦੀਆਂ ਲਿਸਟਾਂ/ਵੋਟਰ ਸੂਚੀਆਂ ਮੰਗਦੇ ਹੋਏ ਡੇਢ ਮਹੀਨਾ ਹੋ ਗਿਆ ਹੈ ਪਰ ਕਿਸੇ ਵਰਕਰ ਨੂੰ ਵੋਟਰ ਸੂਚੀ ਨਹੀਂ ਸੀ ਮਿਲੀ। ਜੇਕਰ ਅੱਜ ਵੋਟਰ ਸੂਚੀਆਂ ਮਿਲੀਆਂ ਨੇ ਤਾਂ ਉਨ੍ਹਾਂ ਵੋਟਰ ਸੂਚੀਆਂ ਵਿੱਚ ਇੱਕ ਪਰਿਵਾਰ ਦੀਆਂ ਵੋਟਾਂ ਵੱਖੋ-ਵੱਖ ਕਰਕੇ ਕਈ ਵਾਰਡਾਂ ਵਿੱਚ ਪਾ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਜਿਹੜੇ ਉਮੀਦਵਾਰ ਚੰਗੀਆਂ ਵੋਟਾਂ ਨਾਲ ਜਿੱਤਦੇ ਰਹੇ ਹਨ ਉਨ੍ਹਾਂ ਦੇ ਸਮਰਥਕਾਂ ਦੀਆਂ ਵੋਟਾਂ ਚੁੱਕ ਕੇ ਇੱਧਰ ਉਧਰ ਖੁਰਦ-ਬੁਰਦ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਉਹ ਇਲੈਕਸ਼ਨ ਵਿੱਚ ਖੜੇ ਨਾ ਹੋ ਸਕਣ।ਇਸ ਮੌਕੇ ਅਕਾਲੀ ਦਲ ਦੇ ਸਿਟੀ ਪ੍ਰਧਾਨ ਤੇ ਸਾਬਕਾ ਕੌਂਸਲਰ ਧਰਮਪਾਲ ਸਿੰਘ ਮੱਤਰੀ ਨੇ ਦੱਸਿਆ ਕਿ ਉਸ ਦੀ ਵਾਰਡ ਵਿੱਚ 800 ਵੋਟਾਂ ਸਨ ਜਿਹੜੀਆਂ ਕਿ ਕੱਟ ਕੇ 440 ਰਹਿ ਗਈਆਂ ਹਨ।ਯੂਥ ਆਗੂ ਗੁਰਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀਆਂ ਆਪਣੀਆਂ ਵੋਟਾਂ ਕੱਟ ਕੇ ਦੂਸਰੀਆਂ ਵਾਰਡਾਂ ਵਿੱਚ ਪਾ ਦਿੱਤੀਆਂ ਗਈਆਂ ਹਨ ਤਾਂ ਕਿ ਇਹ ਚੋਣ ਨਾ ਲੜ ਸਕਣ।ਸੁਖਜਿੰਦਰ ਸਿੰਘ ਸੋਨੂੰ ਲੰਗਾਹ ਨੇ ਕਿਹਾ ਕਿ ਇਸ ਧੱਕੇਸ਼ਾਹੀ ਦੇ ਬਾਵਜੂਦ ਅਕਾਲੀ ਦਲ ਵੱਲੋਂ ਇਨ੍ਹਾਂ ਚੋਣਾਂ ਵਿੱਚ ਆਪਣੇ ਉਮੀਦਵਾਰ ਖੜੇ ਕੀਤੇ ਜਾਣਗੇ ਤੇ ਡਟ ਕੇ ਚੋਣਾਂ ਲੜੀਆਂ ਜਾਣਗੀਆਂ।

ਇਸ ਮੌਕੇ ਅਕਾਲੀ ਆਗੂ ਸਤਨਾਮ ਸਿੰਘ ਪਟਵਾਰੀ ਠੇਠਰਕੇ, ਹਰਸਿਮਰਤ ਸਿੰਘ ਬਾਜਵਾ ਵੈਰੋਕੇ, ਸੁਰਜੀਤ ਸਿੰਘ ਚਾਕਾਂ ਵਾਲੀ, ਸਰਪੰਚ ਬਿੱਟਾ ਸਿੰਘ, ਸੁਖਚੈਨ ਸਿੰਘ ਬੱਬਲੂ ਪੱਖੋਕੇ, ਬਲਵਿੰਦਰ ਸਿੰਘ ਲੋਪਾ, ਬਲਜਿੰਦਰ ਸਿੰਘ, ਜਰਨੈਲ ਸਿੰਘ ਕਲਾਨੌਰ, ਮੁੱਖ ਵਿੰਦਰ ਸਿੰਘ ਲੋਪਾ, ਦੀਪ ਸਿੰਘ ਲੰਗਾਹ, ਤੇਜਬੀਰ ਸਿੰਘ ਪੱਡਾ, ਬਲਵਿੰਦਰ ਸਿੰਘ ਢਿੱਲਵਾਂ ਤੇ ਗੁਰਵਿੰਦਰ ਸਿੰਘ ਅਠਵਾਲ ਆਦਿ ਹਾਜ਼ਰ ਸਨ।

20-Feb-PAGE-12.qxd 2/19/2025 10:32 PM Page 1



## ਵਰ੍ਹੇਗੰਢ ਮੁਬਾਰਕ



ਕੁਲਵਿੰਦਰ ਕੁਮਾਰ ਪਤਨੀ ਅਮਨਦੀਪ ਕੌਰ ਵਾਸੀ ਨਵਾਂਸ਼ਹਿਰ ਨੇ ਆਪਣੇ ਵਿਆਹ ਦੀ 7ਵੀਂ ਵਰ੍ਹੇਗੰਢ ਮਨਾਈ।



ਸੁਖਜਿੰਦਰ ਸਿੰਘ ਤੇ ਅਨੀਤਾ ਸਿੰਘ ਵਾਸੀ ਮਾਲੋਮਜਾਰਾ ਨੇ ਆਪਣੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ।

# ਡੀ ਸੀ ਵੱਲੋਂ ਸੜਕਾਂ ਦੇ ਭੀੜ-ਭੜੱਕੇ ਨੂੰ ਦੂਰ ਕਰਨ ਸੰਬੰਧੀ ਵਿਚਾਰ-ਵਟਾਂਦਰਾ

**ਮੋਹਾਲੀ, (ਗੁਰਜੀਤ ਬਿੱਲਾ)**

ਮੁਹਾਲੀ ਦੀਆਂ ਸੜਕਾਂ ਦੇ ਭੀੜ-ਭੜੱਕੇ ਨੂੰ ਦੂਰ ਕਰਨ ਸਬੰਧੀ ਵਿਚਾਰ-ਵਟਾਂਦਰੇ ਨੂੰ ਅੱਗੇ ਤੋਰਦਿਆਂ ਇਸ ਮਾਮਲੇ ਨੂੰ ਸਾਰਥਿਕ ਅੰਤ ਤੱਕ ਪਹੁੰਚਾਉਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਮੁੱਖ ਪ੍ਰਸ਼ਾਸਕ, ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਮੁਨੀਸ਼ ਕੁਮਾਰ ਅਤੇ ਕਮਿਸ਼ਨਰ ਐਮਸੀ, ਮੁਹਾਲੀ, ਟੀ ਬੈਨੀਥ ਅਤੇ ਏਡੀਸੀ (ਯੂਡੀ) ਅਨਮੋਲ ਸਿੰਘ ਧਾਲੀਵਾਲ ਨਾਲ ਮੀਟਿੰਗ ਕਰਕੇ ਹੁਣ ਤੱਕ ਕੀਤੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਸੀਏ ਗਮਾਡਾ ਅਤੇ ਕਮਿਸ਼ਨਰ, ਐਮਸੀ ਮੁਹਾਲੀ ਨੂੰ ਅਪੀਲ ਕੀਤੀ ਕਿ ਉਹ ਮੁਹਾਲੀ ਦੀਆਂ ਸੜਕਾਂ ਨੂੰ ਯਾਤਰੀਆਂ ਦੇ ਅਨੁਕੂਲ ਬਣਾਉਣ ਲਈ ਆਪਣੇ ਸਬੰਧਤ ਵਿਭਾਗਾਂ ਨਾਲ ਸਬੰਧਤ ਪ੍ਰਗਤੀ ਦੀ ਨਿਯਮਿਤ ਸਮੀਖਿਆ ਕਰਨ।ਰੀਵਿਊ ਮੀਟਿੰਗ ਦੌਰਾਨ ਯੂਟੀ ਪ੍ਰਸ਼ਾਸਨ ਚੰਡੀਗੜ੍ਹ ਦੀ ਟੀਮ ਨੇ ਦੱਸਿਆ ਕਿ ਸੈਕਟਰ 48/65 ਤੋਂ ਦਾਰਾ ਸਟੂਡੀਓ (49/64 ਤੋਂ 50-63) ਤੱਕ ਸੜਕ ਨੂੰ ਚੌੜਾ ਕਰਨ (ਸਿੰਗਲ ਤੋਂ ਦੋਹਰੀ ਕੈਰੇਜ-ਵੇਅ)ਦੇ ਗਮਾਡਾ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਸ਼੍ਰੀ ਗੁਰਦੁਆਰਾ ਸਾਂਝਾ ਸਾਹਿਬ ਦੀ ਸੜਕ ਨੂੰ ਚੌੜਾ ਕਰਨ ਅਤੇ ਬਦਲਣ ਦਾ ਮੁੱਦਾ ਵਿਚਾਰ ਅਧੀਨ ਹੈ ਅਤੇ ਜਲਦੀ ਹੀ ਅੱਗੇ ਯੋਜਨਾ ਵਿਭਾਗ ਨੂੰ ਭੇਜਿਆ ਜਾਵੇਗਾ। ਯੂਟੀ ਦੀ ਟੀਮ ਨੇ ਕਿਹਾ ਕਿ ਯੂਟੀ ਖੇਤਰ ਵਿੱਚ ਇਸ ਸੜਕ ਨਾਲ ਸਬੰਧਤ ਕਾਨੂੰਨੀ ਮੁੱਦਿਆਂ ਨੂੰ ਹੱਲ ਕਰ ਲਿਆ ਗਿਆ ਹੈ। ਇਸੇ ਤਰ੍ਹਾਂ ਸੈਕਟਰ 43 ਬੱਸ ਸਟੈਂਡ ਤੋਂ ਮੁਹਾਲੀ ਨੂੰ ਆਉਣ ਵਾਲੀ ਸੜਕ ਨੂੰ ਜੋੜਨ ਵਾਲੀ ਪੀਆਰ 5 ਸੜਕ ਵੀ ਵਿਚਾਰ ਅਧੀਨ ਹੈ।ਡੀਐਸਪੀ ਟਰੈਫਿਕਿੰਗ ਕਰਨੈਲ ਸਿੰਘ ਨੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਂਦਿਆਂ ਏਅਰਪੋਰਟ ਰੋਡ 'ਤੇ ਬਣ ਰਹੇ ਚੌਕਾਂ ਦੇ ਨੇੜੇ ਹਾਦਸਿਆਂ ਦੀ ਸੰਭਾਵਨਾ ਨੂੰ ਘੱਟ ਤੋਂ ਘੱਟ ਕਰਨ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ। ਸੀ.ਏ.ਗਮਾਡਾ ਨੇ ਟ੍ਰੈਫਿਕ ਪੁਲਿਸ ਨੂੰ ਕਿਹਾ ਕਿ ਸ਼ਹਿਰ ਦੇ ਹਸਪਤਾਲਾਂ ਦੇ ਬਾਹਰ ਵਾਹਨਾਂ ਦੀ ਹੋ ਰਹੀ ਅਣਅਧਿਕਾਰਤ ਪਾਰਕਿੰਗ ਵਿਰੁੱਧ ਕਾਰਵਾਈ ਕੀਤੀ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਇਸ ਤੋਂ ਪੈਦਾ ਹੋ ਰਹੀ ਸਮੱਸਿਆ ਤੋਂ ਨਿਜਾਤ ਮਿਲ ਸਕੇ।ਉਨ੍ਹਾਂ ਕਿਹਾ ਕਿ ਗਮਾਡਾ ਦੇ ਅਸਟੇਟ ਦਫ਼ਤਰ ਨੇ ਡਰਾਇੰਗਾਂ ਵਿੱਚ ਪਾਰਕਿੰਗ ਲਈ ਨਿਰਧਾਰਤ ਥਾਂ ਦੀ ਵਰਤੋਂ ਨਾ ਕਰਨ ਲਈ ਹਸਪਤਾਲਾਂ ਨੂੰ ਪਹਿਲਾਂ ਹੀ ਨੋਟਿਸ ਜਾਰੀ ਕੀਤੇ ਹਨ।ਇਸ ਮੌਕੇ ਏਡੀਸੀ (ਜੀ) ਵਿਰਾਜ ਐਸ ਤਿੜਕੇ, ਏਡੀਸੀ (ਯੂਡੀ) ਅਨਮੋਲ ਸਿੰਘ ਧਾਲੀਵਾਲ, ਐਸਡੀਐਮਜ਼ ਅਮਿਤ ਗੁਪਤਾ, ਦਮਨਦੀਪ ਕੌਰ ਅਤੇ ਗੁਰਮੰਦਰ ਸਿੰਘ ਵੀ ਹਾਜ਼ਰ ਸਨ।



# ਕਾਮਰੇਡ ਜਸਵੰਤ ਸਿੰਘ ਸਮਰਾ ਦੀ 21ਵੀਂ ਬਰਸੀ ਸੰਬੰਧੀ ਤਿਆਰੀਆਂ ਮੁਕੰਮਲ

**ਜਲੰਧਰ/ਮਹਿਟੀਆਣਾ (ਰਾਜੇਸ਼ ਥਾਪਾ/ ਜਗਤਾਰ ਸਿੰਘ ਭੁੰਗਰਨੀ)**

ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾਵਾਰ ਮੀਟਿੰਗ ਐਨ ਆਰ ਆਈ ਸੁਜਾਨ ਸਿੰਘ ਜਸਵਾਲ ਅਤੇ ਲੈਂਹਬਰ ਸਿੰਘ ਕੰਦੋਲਾ ਦੀ ਪ੍ਰਧਾਨੀ ਹੇਠ ਕੀਤੀ ਗਈ।ਸਭ ਤੋਂ ਪਹਿਲਾਂ ਮਹਾਂ ਕੁੰਭ ਅਤੇ ਦਿੱਲੀ ਰੇਲਵੇ ਸਟੇਸ਼ਨ 'ਤੇ ਭਗਦੜ ਦੌਰਾਨ ਹੋਈਆਂ ਮੌਤਾਂ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਸੀਨੀ : ਮੀਤ ਪ੍ਰਧਾਨ ਦਵਿੰਦਰ ਸਿੰਘ ਨੇ ਦੱਸਿਆ ਕਿ ਕਾਮਰੇਡ ਜਸਵੰਤ ਸਿੰਘ ਸਮਰਾ ਦੀ 21ਵੀਂ ਬਰਸੀ ਸੂਬਾ ਪੱਧਰ 'ਤੇ ਜਲੰਧਰ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿਖੇ 27 ਫਰਵਰੀ ਨੂੰ ਮਨਾਈ ਜਾਵੇਗੀ। ਇਸ ਮੌਕੇ ਕੌਮੀ ਅਤੇ ਸੂਬਾ ਪੱਧਰ ਦੇ ਆਗੂ ਆਪਣੇ ਮਰਹੂਮ ਆਗੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ ਅਤੇ ਕੇਂਦਰ ਅਤੇ ਸੂਬੇ ਦੀ ਸਰਕਾਰ ਵੱਲੋਂ ਮੁਲਾਜਮਾਂ,ਪੈਨਸ਼ਨਰਾਂ , ਮਜ਼ਦੂਰਾਂ ਅਤੇ ਕਿਸਾਨਾਂ ਵਿਰੋਧੀ ਜੋ ਮਾਰੂ ਨੀਤੀਆਂ ਅਤੇ ਦੇਸ਼ ਨੂੰ ਕਾਰਪੋਰੇਟ ਕੰਪਨੀਆਂ ਹਵਾਲੇ ਕਰਨ ਵਾਲੀਆ ਨੀਤੀਆਂ ਬਾਰੇ ਜਾਣਕਾਰੀ ਦੇਣਗੇ ।ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ 1-1-2016 ਤੋਂ ਰੀਵਾਈਜ਼ ਕੀਤੇ ਗਰੇਡ ਅਤੇ ਡੀ. ਏ ਦੀਆਂ ਕਿਸ਼ਤਾਂ ਦੇ ਬਕਾਏ ਦੇਣ ਕੀਤੇ ਐਲਾਨ ਨੂੰ ਪੰਜਾਬ ਸਰਕਾਰ ਦੀ ਡੰਗ ਟਪਾਊ ਪਾਲਿਸੀ ਅਤੇ ਕੋਝਾ ਮਜ਼ਾਕ ਕਿਹਾ।ਇਸ ਮੌਕੇ ਐਨ. ਆਰ ਆਈ ਸਾਥੀ ਜੋ ਹਮੇਸ਼ਾ ਜਥੇਬੰਦੀ ਦਾ ਸਹਿਯੋਗ ਕਰਦੇ ਹਨ, ਨੂੰ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਕਿਰਪਾਲ ਸਿੰਘ ਜੌਹਲ, ਸੁਜਾਨ ਸਿੰਘ ਜਸਵਾਲ, ਅਵਤਾਰ ਸਿੰਘ ਵਿਰਕ, ਪ੍ਰਦੀਪ ਕੁਮਾਰ, ਦਿਲਵੀਰ ਸਿੰਘ, ਲੈਹਬਰ ਸਿੰਘ ਕੰਦੋਲਾ, ਚੈਂਚਲ ਸਿੰਘ,ਕੁਲਵੰਤ ਸਿੰਘ, ਅੰਮ੍ਰਿਤਪਾਲ ਸਿੰਘ, ਅਵਤਾਰ ਸਿੰਘ ਤਾਰੀ ਅਤੇ ਮਦਨ ਲਾਲ ਚੀਮਾ ਸਨਮਾਨਿਤ ਕੀਤੇ ਗਏ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ, ਜਗੀਰ ਸਿੰਘ ਬਾਜਵਾ,ਗੁਰਜੀਤ ਸਿੰਘ, ਸੰਦੀਪ ਸਿੰਘ, ਗੁਰਦਿਆਲ ਸਿੰਘ ਜਲਵੇਹੜਾ, ਹਰਿੰਦਰ ਸਿੰਘ ਚੀਮਾ, ਗੁਰਮੁੱਖ ਸਿੰਘ,ਹਰਿੰਦਰ ਸਿੰਘ ਢਿਲਵਾਂ, ਸੁਭਾਸ਼ ਮੱਟੂ, ਜਗਦੇਵ ਸਿੰਘ ਕੁਕੋਵਾਲ, ਬਲਵਿੰਦਰ ਸਿੰਘ ਮੁਲਤਾਨੀ, ਰੇਸ਼ਮ ਸਿੰਘ ਕੰਗ ਸਾਬੂ, ਚੇਅਰਮੈਨ ਮਦਨ ਲਾਲ ਚੀਮਾ ਅਤੇ ਹੋਰ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।



# ਨਾਇਬ ਤਹਿਸੀਲਦਾਰ ਵੱਲੋਂ ਜਪਨੂਰ ਟਰੈਵਲ ਏਜੰਸੀ ਸੀਲ



**ਭੁਲੱਥ, (ਮਨਪ੍ਰੀਤ ਸਿੰਘ)**

ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਜਪਨੂਰ ਟਰੈਵਲ ਏਜੰਸੀ ਵਲੋਂ ਲਾਇਸੈਂਸ ਨਾ ਪੇਸ਼ ਕਰਨ 'ਤੇ ਨਾਇਬ ਤਹਿਸੀਲਦਾਰ ਹਰਪ੍ਰੀਤ ਸਿੰਘ ਗਿੱਲ ਵਲੋਂ ਨਗਰ ਪੰਚਾਇਤ ਦੇ ਅਧਿਕਾਰੀਆਂ ਨਾਲ ਮਿਲ ਕੇ ਟਰੈਵਲ ਏਜੰਸੀ ਸੀਲ ਕੀਤੀ ਗਈ ।ਨਾਇਬ ਤਹਿਸੀਲਦਾਰ ਹਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਐਸ.ਡੀ.ਐਮ ਭੁਲੱਥ ਡੈਵੀ ਗੋਇਲ ਦੀ ਅਗਵਾਈ ਹੇਠ ਜਪਨੂਰ ਏਜੰਸੀ ਨੂੰ ਸੀਲ ਕੀਤਾ ਗਿਆ। ਉਹਨਾਂ ਕਿਹਾ ਕਿ ਇਕ ਹਫ਼ਤਾ ਪਹਿਲਾਂ ਐਸ.ਡੀ.ਐਮ ਭੁਲੱਥ ਡੈਵੀ ਗੋਇਲ ਸਨਮੁੱਖ ਟਰੈਵਲ ਏਜੰਸੀ ਵਲੋਂ ਲਾਇਸੈਂਸ ਪੇਸ਼ ਨਹੀਂ ਕੀਤਾ ਗਿਆ, ਹਫਤੇ ਬਾਅਦ ਏਜੰਸੀ ਨੂੰ ਸੀਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਟਰੈਵਲਜ਼ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਤਹਿਤ ਭੁਲੱਥ ਹਲਕੇ 'ਚ ਆਈਲੈਟਸ ਸੈਂਟਰਾਂ, ਟਰੈਵਲ ਏਜੰਸੀਆਂ ਤੇ ਹਵਾਈ ਟਿਕਟਾਂ ਦੇ ਸੈਂਟਰਾਂ ਦੀ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਦੌਰਾਨ ਇਨ੍ਹਾਂ ਕੋਲ ਸਬੰਧਤ ਕੰਮ ਦੇ ਲਾਇਸੈਂਸ ਚੈੱਕ ਕੀਤੇ ਜਾ ਰਹੇ ਹਨ । ਉਹਨਾਂ ਕਿਹਾ ਕਿ ਆਈਲੈਟਸ ਸੈਂਟਰਾਂ, ਟਰੈਵਲ ਏਜੰਸੀਆਂ ਤੇ ਹਵਾਈ ਟਿਕਟਾਂ ਨਾਲ ਸਬੰਧਤ ਕੰਮ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਇਨ੍ਹਾਂ ਕੰਮਾਂ ਨੂੰ ਕਰਨ ਤੋਂ ਪਹਿਲਾਂ ਲਾਇਸੈਂਸ ਜ਼ਰੂਰ ਲੈ ਲੈਣ ਅਤੇ ਬਿਨਾਂ ਲਾਇਸੈਂਸ ਤੋਂ ਇਨ੍ਹਾਂ ਕੰਮਾਂ ਨਾਲ ਸਬੰਧਤ ਕੋਈ ਕੰਮ ਨਾ ਕੀਤਾ ਜਾਵੇ ਤੇ ਉਹਨਾਂ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਈਲੈਟਸ ਸੈਂਟਰ, ਟਰੈਵਲ ਏਜੰਸੀ ਤੇ ਹਵਾਈ ਟਿਕਟਾਂ ਨਾਲ ਸਬੰਧਤ ਕੰਮ ਲਾਇਸੈਂਸ ਤੋਂ ਬਿਨਾਂ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ । ਇਸ ਮੌਕੇ ਐਸ.ਐਚ.ਓ ਭੁਲੱਥ ਹਰਜਿੰਦਰ ਸਿੰਘ, ਨਗਰ ਪੰਚਾਇਤ ਦਫ਼ਤਰ ਵਲੋਂ ਜੂਨੀਅਰ ਅਸਿਸਟੈਂਟ ਚੰਦਰ ਸ਼ੇਖਰ, ਸਫਾਈ ਇੰਚਾਰਜ ਡੈਨੀਅਲ ਕਲਿਆਣ, ਕੁਨਾਲ, ਰਜਿੰਦਰ, ਅਨਿਕੇਤ ਕਲਰਕ ਹਾਜ਼ਰ ਸਨ।

# ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਵੱਲੋਂ ਰੈਲੀ 25 ਨੂੰ : ਸੈਣੀ

**ਫਿਲੌਰ,(ਨਿਰਮਲ)**-ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੀ 25 ਫਰਵਰੀ ਦੀ ਹੁਸ਼ਿਆਰਪੁਰ ਵਿਖੇ ਹੋਣ ਵਾਲੀ ਰੈਲੀ ਦੇ ਸਬੰਧ ਵਿੱਚ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਵਲੋਂ ਵੱਖ-ਵੱਖ ਸ਼ਹਿਰਾਂ ਵਿਚ ਜਾ ਕੇ ਲੋਕਾਂ ਨੂੰ ਰੈਲੀ ਵਿਚ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ ਇਸ ਦੌਰਾਨ ਨਗਰ ਕੌਂਸਲ ਫਿਲੌਰ, ਹਰਿਆਣਾ, ਗੜਦੀਵਾਲਾ, ਦਸੂਹਾ, ਮਕੇਰੀਆ, ਟਾਂਡਾ, ਭੋਗਪੁਰ, ਨਗਰ ਪੰਚਾਇਤ ਅਲਾਵਲਪੁਰ ਅਤੇ ਤਲਵਾੜਾ ਵਿਖੇ ਮੁਲਾਜ਼ਮਾਂ ਵਲੋਂ ਵਿਸ਼ਵਾਸ ਦੁਆਇਆ ਗਿਆ ਅਤੇ ਕਿਹਾ ਗਿਆ ਕਿ ਜਦ ਦੀ ਆਪ ਸਰਕਾਰ ਆਈ ਹੈ, ਇਸ ਨੇ ਕਿਸੇ ਨਾਲ ਗੱਲਬਾਤ ਨਹੀ ਕੀਤੀ ਤੇ ਕੋਈ ਵੀ ਹੱਲ ਨਹੀਂ ਕੱਢਿਆ ।। ਇਸ ਦੇ ਵਿਰੋਧ ਵਿਚ ਇਹ ਰੈਲੀ ਕੀਤੀ ਜਾ ਰਹੀ ਹੈ। ਇਸ ਮੀਟਿੰਗ ਵਿੱਚ ਮਨੀ ਲਾਲ ਮੱਟੂ ਪ੍ਰਧਾਨ, ਰਜਿੰਦਰ ਕੁਮਾਰ ਵਾਈਸ ਪ੍ਰਧਾਨ, ਰਾਮ ਲਾਲ ਉਰਫ ਅਸ਼ੋਕ ਕੁਮਾਰ, ਵਿਜੈ ਕੁਮਾਰ, ਬੰਟੀ, ਸਨੀ, ਰਾਜੂ ਘਈ, ਸਨੀ ਨਾਹਰ, ਕਮਲ ਗਿੱਲ ਆਦਿ ਸ਼ਾਮਲ ਹੋਏ।

# ਦੋ ਨੌਜਵਾਨ ਨਸ਼ੀਲੇ ਪਾਊਡਰ ਸਮੇਤ ਕਾਬੂ

**ਚਮਕੌਰ ਸਾਹਿਬ,(ਗੁਰਵਿੰਦਰਪਾਲ ਸਿੰਘ ਬੌਬੀ)**-ਸਥਾਨਕ ਪੁਲਸ ਵੱਲੋਂ ਮੋਰਿੰਡਾ ਸੜਕ 'ਤੇ ਨਵੇਂ ਬਣ ਰਹੇ ਪੁੱਲ ਕੋਲੋਂ ਦੋ ਨੌਜਵਾਨਾਂ ਨੂੰ 10 ਗਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਗ੍ਰਿਫਤਾਰ ਕਰ ਲਿਆ ਹੈ।ਥਾਣਾ ਮੁਖੀ ਰੋਹਿਤ ਸ਼ਰਮਾ ਨੇ ਦੱਸਿਆ ਕਿ ਏਐਸਆਈ ਰਣਜੀਤ ਸਿੰਘ ਅਤੇ ਏਐਸਆਈ ਜਸਵਿੰਦਰ ਸਿੰਘ ਸਮੇਤ ਹੈਡ ਕਾਂਸਟੇਬਲ ਬਰਿੰਦਰ ਕੁਮਾਰ ਸਿਪਾਹੀ ਮਨਦੀਪ ਸਿੰਘ ਅਤੇ ਅਤੇ ਡਰਾਈਵਰ ਏਐਸਆਈ ਬੱਲਬ ਸਿੰਘ ਨਾਲ ਉਹ ਮੋਰਿੰਡਾ ਸੜਕ 'ਤੇ ਗਸ਼ਤ ਕਰ ਰਹੇ ਸਨ ਅਤੇ ਜਦੋਂ ਉਹ ਪਿੰਡ ਪਿੱਪਲਮਾਜਰਾ ਨੇੜੇ ਸੜਕ 'ਤੇ ਬਣ ਰਹੇ ਨੇ ਨਵੇਂ ਪੁੱਲ ਕੋਲ ਪਹੁੰਚੇ ਤਾਂ ਪੁੱਲ ਕੋਲ ਬੈਠੇ ਦੋ ਨੌਜਵਾਨ ਉਨ੍ਹਾਂ ਨੂੰ ਵੇਖ ਕੇ ਭੱਜਣ ਲੱਗੇ ਤਾਂ ਉਨ੍ਹਾਂ ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਦੀ ਸ਼ੱਕ ਦੇ ਅਧਾਰ 'ਤੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 10 ਗਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ।ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਪਹਿਚਾਣ ਬਲਜਿੰਦਰ ਸਿੰਘ ਪਿੰਡ ਪਿੱਪਲ ਮਾਜਰਾ ਅਤੇ ਲਖਬੀਰ ਸਿੰਘ ਪਿੰਡ ਸਲਾਣਾ ਜਿਊਣ ਸਿੰਘ ਵਜੋਂ ਹੋਈ ।ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ।

# ਵਿਦਿਆਰਥੀ ਸ਼ਖ਼ਸੀਅਤ ਉਸਾਰੀ ਕੈਂਪ ਦਾ ਪੋਸਟਰ ਜਾਰੀ




**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਪਿਛਲੇ ਪੰਜ ਦਹਾਕਿਆਂ ਤੋਂ ਸਮਾਜਿਕ, ਅਕਾਦਮਿਕ, ਗੈਰ ਰਾਜਨੀਤਕ ਖੇਤਰ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ, ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਫੁੱਲਤ ਕਰਨ ਲਈ ਕਾਰਜਸ਼ੀਲ ਜਥੇਬੰਦੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਰੂਪਨਗਰ -ਐਸ ਬੀ ਐਸ ਨਗਰ ਜ਼ੋਨ ਵੱਲੋਂ ਗੁਰਦੁਆਰਾ ਕੁਸ਼ਟ ਨਿਵਾਰਨ ਭਾਤਪੁਰ ਸਾਹਿਬ ਨਗਰ ਦੜੋਲੀ ਵਿਖੇ ਕਾਲਜ ਦੇ ਵਿਦਿਆਰਥੀਆਂ ਦਾ ਵਿਦਿਆਰਥੀ ਸ਼ਖ਼ਸੀਅਤ ਉਸਾਰੀ ਕੈਂਪ ਮਿਤੀ 27 ਫਰਵਰੀ ਨੂੰ ਸ਼ਾਮ 05 ਵਜੇ ਤੋਂ ਮਿਤੀ 02 ਮਾਰਚ ਦੁਪਹਿਰ 02 ਵਜੇ ਤੱਕ ਲਗਾਇਆ ਜਾ ਰਿਹਾ ਹੈ । ਜਿਸ ਵਿੱਚ ਨੰਗਲ, ਅਨੰਦਪੁਰ ਸਾਹਿਬ, ਰੂਪਨਗਰ, ਨਵਾਂ ਸ਼ਹਿਰ, ਬੰਗਾ ਅਤੇ ਗੜਸ਼ੰਕਰ ਖੇਤਰਾਂ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਸ਼ਮੂਲੀਅਤ ਕਰਨਗੇ।ਗੁਰਦੁਆਰਾ ਸਾਹਿਬ ਵਿਖੇ ਕੈਂਪ ਦਾ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਗਦੀਸ਼ ਸਿੰਘ ,ਜਸਕੀਰਤ ਸਿੰਘ ਐਡੀਸ਼ਨਲ ਸਕੱਤਰ ਅਕਾਦਮਿਕ, ਹਰਪ੍ਰੀਤ ਸਿੰਘ ਗੰਗੂਵਾਲ ਐਡੀਸ਼ਨਲ ਸਕੱਤਰ ਸਮਾਜਿਕ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਮੁੱਚੀ ਜਾਣਕਾਰੀ ਮਨਦੀਪ ਸਿੰਘ ਜ਼ੋਨਲ ਸਕੱਤਰ ਨੇ ਸਾਂਝੀ ਕੀਤੀ।

# ਨੈਸ਼ਨਲ ਘੋੜਸਵਾਰੀ ਚੈਂਪੀਅਨਸ਼ਿਪ : ਬੀ ਐੱਸ ਐੱਫ ਦੀ ਟੀਮ ਦੇ ਅਕਾਸ਼ ਨੇ ਜਿੱਤਿਆ ਗੋਲਡ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਸਥਾਨਕ ਪੀ ਏ ਪੀ ਕੰਪਲੈਕਸ ਦੀ ਸਪੋਰਟਸ-ਕਮ-ਟ੍ਰੇਨਿੰਗ ਗਰਾਊਂਡ ਵਿੱਚ ਚੱਲ ਰਹੀ ਨੈਸ਼ਨਲ ਘੋੜਸਵਾਰੀ ਚੈਂਪੀਅਨਸ਼ਿਪ ਟੈਂਟ ਪੈਗਿੰਗ-2024-25 ਦੇ ਵਿਅਕਤੀਗਤ ਨੇਜ਼ਾਬਾਜ਼ੀ ਅਤੇ ਜੋੜੀ-ਜੋੜੀ ਨੇਜ਼ਾਬਾਜ਼ੀ ਈਵੈਂਟ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਬੀ ਐਸ ਐਫ ਦੀ ਟੀਮ ਦੇ ਅਕਾਸ਼ ਨੇ ਆਪਣੇ ਘੋੜੇ ਪ੍ਰੇਮ ਨਾਲ ਪਹਿਲਾ ਸਥਾਨ ਹਾਸਲ ਕਰਦੇ ਹੋਏ ਗੋਲਡ ਮੈਡਲ ਜਿੱਤਿਆ। ਜਦਕਿ ਅਸਾਮ ਰਾਈਫਲ ਦੀ ਟੀਮ ਦੇ ਦਿਨੇਸ਼ ਜੀ ਕਾਲਰੇਕਰ ਨੇ ਆਪਣੇ ਘੋੜੇ ਤੇਜਸ ਨਾਲ ਦੂਜਾ ਸਥਾਨ ਹਾਸਲ ਕਰਦੇ ਹੋਏ ਚਾਂਦੀ ਦਾ ਮੈਡਲ ਜਿੱਤਿਆ ਅਤੇ ਅਸਾਮ ਰਾਈਫ਼ਲ ਦੀ ਟੀਮ ਦੇ ਸੰਤੋਸ਼ ਕੁਮਾਰ ਦਾਸ ਨੇ ਆਪਣੇ ਘੋੜੇ ਸਮਾਰਟ ਨਾਲ ਬ੍ਰਾਊਂਜ਼ ਮੈਡਲ ਹਾਸਲ ਕੀਤਾ। ਐਫ ਐਫ ਫਾਰੂਕੀ, ਵਧੀਕ ਡਾਇਰੈਕਟਰ ਜਨਰਲ ਪੁਲਿਸ ਸਟੇਟ ਆਰਮਡ ਪੁਲਿਸ ਪੰਜਾਬ, ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਨੇ ਜੇਤੂ ਘੋੜਸਵਾਰਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਭਵਿੱਖ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਲਈ ਸ਼ੁਭਕਾਮਨਾਵਾਂ ਦਿੱਤੀਆਂ । ਅੱਜ ਦੇ ਈਵੈਂਟ ਵਿਅਕਤੀਗਤ ਕਿਰਚ ਵਿੱਚ 118 ਘੋੜਸਵਾਰਾਂ ਅਤੇ 59 ਜੋੜੀਦਾਰ ਕਿਰਚ ਘੋੜਸਵਾਰਾਂ ਨੇ ਭਾਗ ਲੈਂਦਿਆਂ ਵਧੀਆ ਪ੍ਰਦਰਸ਼ਨ ਕੀਤਾ।



# ਗੁਰੂ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**-ਸ੍ਰੀ ਗੁਰੂ ਰਵਿਦਾਸ ਮਿਸ਼ਨ ਸਭਾ ਗੁਰੂ ਨਾਨਕਪੁਰਾ (ਈਸਟ) ਜਲੰਧਰ ਦੇ ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਇਸਤਰੀ ਸਤਿਸੰਗ ਸਭਾ ਗੁਰੂ ਨਾਨਕਪੁਰਾ (ਈਸਟ), ਸੁਖਮਨੀ ਸੇਵਾ ਸੁਸਾਇਟੀ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕਪੁਰਾ ਵੈਸਟ ਦੀਆਂ ਬੀਬੀਆਂ ਤੋਂ ਇਲਾਵਾ ਰਾਗੀ ਭਾਈ ਸ਼ਮਸ਼ੇਰ ਸਿੰਘ ਜਲੰਧਰ ਦੇ ਕੀਰਤਨੀ ਜਥੇ ਵਲੋਂ ਗੁਰਬਾਣੀ ਦਾ ਮਨਮੋਹਕ ਕੀਰਤਨ ਕਰਕੇ ਹਾਜ਼ਰੀਨ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਵੱਖ-ਵੱਖ ਸ਼ਖ਼ਸ਼ੀਅਤਾਂ ਵਲੋਂ ਪ੍ਰਬੰਧਕਾਂ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਗਈ।ਸਮਾਪਤੀ 'ਤੇ ਸੇਵਾਦਾਰਾਂ ਵਲੋਂ ਸੰਗਤਾਂ ਨੂੰ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਆਰ ਬੀ ਯੂ ਨੇ ਕੀਤਾ ਐੱਨ ਸੀ ਸੀ ਕੈਡਿਟਾਂ ਨੂੰ ਸਨਮਾਨਤ



**ਮੋਹਾਲੀ, (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨ ਸੀ ਸੀ ਕੈਡਿਟ ਦੇ ਸੀਨੀਅਰ ਅੰਡਰ ਅਫਸਰ ਨਿਤਿਨ ਅਤੇ ਸੀ ਐਸ ਐਮ ਅਕਸ਼ਤ ਸ਼ਰਮਾ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਵਿੱਚ ਸਨਮਾਨਿਤ ਕੀਤਾ ਗਿਆ। ਐਨ ਸੀ ਸੀ/ਐਨ ਐਸ ਐਸ ਦੇ ਡਾਇਰੈਕਟਰ ਪ੍ਰੋਫੈਸਰ (ਮੇਜਰ) ਏ.ਐਸ. ਚਾਹਲ ਨੇ ਦੱਸਿਆ ਕਿ ਸੀਨੀਅਰ ਅੰਡਰ ਅਫਸਰ ਨਿਤਿਨ ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ 2025 ਵਿੱਚ ਪੀਬੀ/ਐੱਚਵਾਈਆਰ/ ਐੱਚਪੀ/ਸੀਐੱਚਡੀ ਡਾਇਰੈਕਟੋਰੇਟ ਦੇ ਕੰਟੀਜੈਂਟ ਕਮਾਂਡਰ ਸਨ। ਇਹਨਾਂ ਦੋਵਾਂ ਕੈਡਿਟਾਂ ਨੇ ਰਿਆਤ ਬਾਹਰਾ ਯੂਨੀਵਰਸਿਟੀ ਅਤੇ 3ਪੀਬੀ (ਆਈ) ਪੰਜਾਬ ਐਨਸੀਸੀ ਯੂਨਿਟ ਰੋਪੜ ਦਾ ਨਾਂਅ ਰੌਸ਼ਨ ਕੀਤਾ ਹੈ ।ਸੀਨੀਅਰ ਅੰਡਰ ਅਫਸਰ ਨਿਤਿਨ ਅਤੇ ਸੀਐਸਐਮ ਅਕਸ਼ਤ ਸ਼ਰਮਾ 3ਪੀਬੀ (9) ਪੰਜਾਬ ਰੋਪੜ ਦੇ ਐਨਸੀਸੀ ਕੈਡੇਟ ਹਨ। ਇਹਨਾਂ ਦਾ ਯੂਨੀਵਰਸਿਟੀ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ ।ਇਸ ਸਮਾਗਮ ਵਿੱਚ ਲੈਫਟੀਨੈਂਟ ਕਰਨਲ ਅਨੂਪ ਪਠਾਨੀਆ,ਡਾ: ਐਸ ਕੇ ਬੰਸਲ ਡੀਨ ਅਕਾਦਮਿਕ ,ਡੀਨ ਡਾਇਰੈਕਟਰ, ਐਚ.ਓ.ਡੀਜ਼ ਅਤੇ ਸੂਬੇਦਾਰ ਅਵਤਾਰ ਸਿੰਘ ਨੇ ਸ਼ਿਰਕਤ ਕੀਤੀ। ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਐਨ.ਸੀ.ਸੀ./ਐਨ.ਐਸ.ਐਸ. ਦੇ ਡਾਇਰੈਕਟਰ ਪ੍ਰੋਫੈਸਰ (ਮੇਜਰ) ਏ.ਐਸ. ਚਾਹਲ ਨੇ ਦੋਵਾਂ ਕੈਡਿਟਾਂ ਨੂੰ ਰੋਲ ਆਫ਼ ਆਨਰ ਦੇ ਕੇ ਸਨਮਾਨਿਤ ਕੀਤਾ।ਮੇਜਰ ਏ.ਐਸ ਚਾਹਲ ਨੇ ਨਿਤਿਨ ਅਤੇ ਅਕਸ਼ਤ ਸ਼ਰਮਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥੀ ,ਡੀਨ, ਡਾਇਰੈਕਟਰ, ਐਚ.ਓ.ਡੀਜ਼ ਅਤੇ ਫੈਕਲਟੀ ਮੈਂਬਰ ਮੌਜੂਦ ਸਨ।

# ਸੰਗੀਤ ਪ੍ਰਮਾਤਮਾ ਵੱਲੋਂ ਦਿੱਤਾ ਗਿਆ ਅਨਮੋਲ ਤੋਹਫਾ : ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਾਰਤ ਵਿਕਾਸ ਪਰਿਸ਼ਦ ਦੁਆਰਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਸ਼੍ਰੀ ਗੋਪਾਲ ਮੰਦਰ, ਜਲੰਧਰ ਰੋਡ ਵਿਖੇ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਜਨ ਸਮਰਾਟ ਸ਼੍ਰੀ ਅਨਮੋਲ ਰਾਜਾ ਪੁੱਤਰ ਸ਼੍ਰੀ ਵਿਕਰਮ ਰਾਜਾ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਗਾਇਆ ਗਿਆ ਨਵਾਂ ਭਜਨ 'ਖਾਟੂ ਵਾਲੇ ਸ਼ਿਆਮ ਸਾਂਵਰੇ' ਦਾ ਆਗਾਜ਼ ਵੀ ਕੀਤਾ ਗਿਆ ਅਤੇ ਭਜਨ ਨਾਲ ਸਬੰਧਤ ਪੋਸਟਰ ਵੀ ਜਾਰੀ ਕੀਤਾ ਗਿਆ।ਇਸ ਮੌਕੇ ਤੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਭਜਨ ਸਮਰਾਟ ਅਨਮੋਲ ਰਾਜਾ ਨੇ ਛੋਟੀ ਉਮਰ ਤੋਂ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਇਹ ਪ੍ਰੇਰਨਾ ਉਨ੍ਹਾਂ ਦੇ ਪਿਤਾ ਵਿਕਰਮ ਰਾਜਾ ਤੋਂ ਮਿਲੀ ਜੋ ਕਿ ਪਿਛਲੇ ਲੰਬੇ ਸਮੇਂ ਤੋਂ ਮਾਤਾ ਦੀਆਂ ਭੇਟਾਂ ਦਾ ਗੁਣਗਾਨ ਕਰ ਰਹੇ ਹਨ। ਅਨਮੋਲ ਰਾਜਾ ਦੇ ਭਜਨ ਅਤੇ ਮਾਤਾ ਦੀਆਂ ਭੇਟਾਂ ਯੂ ਟਿਊਬ ਦੇ ਵੱਖ-ਵੱਖ ਚੈਨਲਾਂ 'ਤੇ ਸੁਣੀਆਂ ਜਾ ਸਕਦੀਆਂ ਹਨ।ਸੰਗੀਤ ਮਨੁੱਖੀ ਜਾਤੀ ਲਈ ਭਗਵਾਨ ਦੁਆਰਾ ਦਿੱਤਾ ਗਿਆ ਇੱਕ ਤੋਹਫਾ ਹੈ।ਸਕੱਤਰ ਰਜਿੰਦਰ ਮੋਦਗਿਲ ਨੇ ਕਿਹਾ ਕਿ ਸੰਗੀਤ ਸਾਡੇ ਲਈ ਆਤਮਿਕ ਕੁੰਜੀ ਵਾਂਗ ਹੈ ਅਤੇ ਇਸ ਨਾਲ ਆਨੰਦ ਦੀ ਪ੍ਰਾਪਤੀ ਦੇ ਨਾਲ-ਨਾਲ ਮਨ ਦੀ ਸ਼ਾਂਤੀ ਵੀ ਮਿਲਦੀ ਹੈ।ਸਨਮਾਨਿਤ ਹੋਣ ਤੋਂ ਬਾਅਦ ਅਨਮੋਲ ਰਾਜਾ ਨੇ ਪਰਿਸ਼ਦ ਦਾ ਧੰਨਵਾਦ ਕੀਤਾ।ਇਸ ਮੌਕੇ ਰਾਜਿੰਦਰ ਮੋਦਗਿਲ, ਦਵਿੰਦਰ ਅਰੋੜਾ, ਰਮੇਸ਼ ਅਰੋੜਾ, ਜਗਦੀਸ਼ ਅਗਰਵਾਲ, ਅਮਰਜੀਤ ਸ਼ਰਮਾ, ਰਮੇਸ਼ ਭਾਟੀਆ, ਨਵੀਨ ਕੋਹਲੀ, ਜਤਿਨ ਅਰੋੜਾ, ਅਸ਼ੋਕ ਸੇਤੀਆ, ਵਿਕਰਮ ਰਾਜਾ, ਅਮਿਤ ਕੁਮਾਰ, ਸੁਰਿੰਦਰ ਕੁਮਾਰ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪੱਧਰੀ ਐਕਸਪੋਰਟ ਪ੍ਰਮੋਸ਼ਨ ਕਮੇਟੀ ਨਾਲ ਕੀਤੀ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)**

ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਵਲੋਂ ਜ਼ਿਲ੍ਹਾ ਪੱਧਰੀ ਐਕਸਪੋਰਟ ਪ੍ਰਮੋਸ਼ਨ ਕਮੇਟੀ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪ੍ਰਮੁੱਖ ਗੁੜ ਉਤਪਾਦਕਾਂ ਸਮੇਤ ਹੋਰ ਉਦਯੋਗਪਤੀਆਂ ਵਲੋਂ ਭਾਗ ਲਿਆ ਗਿਆ। ਮੀਟਿੰਗ ਦੌਰਾਨ ਡਾਇਰੈਕਟਰ ਜਨਰਲ ਫਾਰੇਨ ਟਰੇਡ, ਲੁਧਿਆਣਾ ਤੋਂ ਆਏ ਮੋਹਿਤ ਅੰਤਿਲ ਵੱਲੋਂ ਗੁੜ ਉਤਪਾਦਨ ਨੂੰ ਐਕਸਪੋਰਟ ਕਰਨ ਸਬੰਧੀ ਪ੍ਰੇਰਿਤ ਕਰਦੇ ਹੋਏ ਆਪਣੇ ਵਿਭਾਗਾਂ ਦੀਆਂ ਸਕੀਮਾਂ ਸਬੰਧੀ ਜਾਣੂੰ ਕਰਵਾਇਆ ਗਿਆ। ਗੁੜ ਉਤਪਾਦਕਾਂ ਵਲੋਂ ਆਪਣੀਆਂ ਮੁਸ਼ਕਲਾਂ ਸਬੰਧੀ ਜਾਣੂੰ ਕਰਵਾਉਣ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਸਬੰਧਿਤ ਵਿਭਾਗਾਂ ਨੂੰ ਉਕਤ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਉੱਦਮੀਆਂ ਨੂੰ ਆਪਣੇ ਕਾਰੋਬਾਰ ਕਰਨ ਲਈ ਉਤਸ਼ਾਹਿਤ ਕਰਨ ਤੇ ਹਰ ਤਰ੍ਹਾਂ ਦਾ ਸਹਿਯੋਗ ਕਰਨ ਲਈ ਵਚਨਬੱਧ ਹੈ। ਉਨ੍ਹਾਂ ਉਦਯੋਗ ਵਿਭਾਗ ਦੇ ਜਨਰਲ ਮੈਨੇਜਰ ਨੂੰ ਕਿਹਾ ਕਿ ਉਹ ਨੌਜਵਾਨਾਂ ਤੱਕ ਸਰਕਾਰ ਵੱਲੋਂ ਸਵੈ-ਰੁਜ਼ਗਾਰ ਸਬੰਧੀ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਨ ਅਤੇ ਇਸ ਦੇ ਨਾਲ ਹੀ ਨੌਜਵਾਨਾਂ ਨੂੰ ਆਪਣੇ ਸਵੈ-ਰੁਜ਼ਗਾਰ ਸਥਾਪਤ ਕਰਨ ਵਿੱਚ ਮਦਦ ਕੀਤੀ ਜਾਵੇ। ਇਸ ਮੌਕੇ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਸੁਖਪਾਲ ਸਿੰਘ ਵਲੋਂ ਆਏ ਹੋਏ ਉਦਯੋਗਪਤੀਆਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੈਣ ਲਈ ਕਿਹਾ ਗਿਆ ਤਾਂ ਜੋ ਜ਼ਿਲ੍ਹੇ ਵਿਚ ਉਦਯੋਗ ਹੋਰ ਤਰੱਕੀ ਕਰ ਸਕਣ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਜਗਮੋਹਨ ਸਿੰਘ, ਗੁਰਦਿਆਲ ਸਿੰਘ, ਬਲਵਿੰਦਰ ਸਿੰਘ, ਜੁਝਾਰ ਸਿੰਘ, ਰਾਜਨਬੀਰ ਸਿੰਘ, ਪਰਮਿੰਦਰ ਸਿੰਘ, ਕੌਸ਼ਲ ਸਿੰਘ ਸਮੇਤ ਹੋਰ ਉਦਯੋਗਪਤੀ ਵੀ ਹਾਜ਼ਰ ਹੋਏ।

# ਦੁਨੀਆਂ ਸੰਧੂ ਦੇ ਡਿਪੂ ਹੋਲਡਰ ਨੂੰ ਅਨਾਜ ਤੋਲਣ ਵਾਲਾ ਕੰਡਾ ਦਿੱਤਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਸਰਕਾਰ ਦੇ ਵੱਲੋਂ ਪਿੰਡਾਂ ਦੇ ਵਿੱਚ ਡਿਪੂ ਹੋਲਡਰਾਂ ਨੂੰ ਅਨਾਜ ਠੀਕ ਮਾਤਰਾ ਵਿੱਚ ਤੋਲਣ ਲਈ ਵੰਡੇ ਜਾ ਰਹੇ ਹਨ। ਨਵੇਂ ਕੰਡੇ ਜਿਸ ਦੇ ਚਲਦਿਆਂ ਹਲਕਾ ਬਟਾਲਾ ਅਧੀਨ ਆਉਂਦੇ ਪਿੰਡ ਦੁਨੀਆਂ ਸੰਧੂ ਦੇ ਵਿੱਚ ਡਿਪੂ ਹੋਲਡਰ ਨੂੰ ਸਰਕਾਰ ਵੱਲੋਂ ਨਵਾਂ ਕੰਡਾ ਮੁਹੱਈਆ ਹੋਇਆ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਰਪੰਚ ਜਸਬੀਰ ਸਿੰਘ ਫੌਜੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਹਲਕਾ ਬਟਾਲਾ ਨਹੀਂ ਦੱਸਿਆ ਕਿ ਪਿੰਡ ਦੇ ਡੀਪੂ ਹੋਲਡਰ ਅਮਰੀਕ ਸਿੰਘ ਨੂੰ ਅੱਜ ਇਹ ਕੰਡਾ ਫੂਡ ਸਪਲਾਈ ਵਿਭਾਗ ਦੇ ਵੱਲੋਂ ਦਿੱਤਾ ਗਿਆ।ਉਨ੍ਹਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸੂਬਾ ਕਾਰਜਕਾਰੀ ਪ੍ਰਧਾਨ ਦੇ ਯਤਨਾਂ ਸਦਕਾ ਪਿੰਡਾਂ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਰਿਹਾ ।ਹੁਣ ਕਿਸੇ ਵੀ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਹੋਵੇਗਾ ਕਿਉਂਕਿ ਪਹਿਲੀਆਂ ਸਰਕਾਰਾਂ ਦੇ ਵੱਲੋਂ ਲਗਾਤਾਰ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ।ਪਰ ਇਸ ਵਾਰ ਪੰਜਾਬ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਉਨ੍ਹਾਂ ਦੇ ਘਰ ਤੱਕ ਪਹੁੰਚਾਈਆਂ ਜਾ ਰਹੀਆਂ ਹਨ।ਇਸ ਮੌਕੇ ਸਰਪੰਚ ਜਸਬੀਰ ਸਿੰਘ ਫੌਜੀ ਦੇ ਵੱਲੋਂ ਅਤੇ ਸਮੁੱਚੀ ਪੰਚਾਇਤ ਸਮੇਤ ਡਿੱਪੂ ਹੋਲਡਰ ਅਤੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਨਾਲ ਨਾਲ ਬਟਾਲਾ ਤੋਂ ਵਿਧਾਇਕ ਸ਼ੈਰੀ ਕਲਸੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ।ਇਸ ਮੌਕੇ ਸਰਪੰਚ ਜਸਬੀਰ ਸਿੰਘ ਫੌਜੀ ਬਲਾਕ ਪ੍ਰਧਾਨ ਤੋਂ ਇਲਾਵਾ ਡਿੱਪੂ ਹੋਲਡਰ ਅਮਰੀਕ ਸਿੰਘ, ਯੁਵਰਾਜ ਇੰਸਪੈਕਟਰ, ਸੁਖਦੇਵ ਸਿੰਘ ਇੰਸਪੈਕਟਰ ਆਦਿ ਹਾਜ਼ਰ ਸਨ।

# ਡਰੋਨ ਤੇ ਹੈਰੋਇਨ ਮਿਲਣ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਲਾਨੌਰ ਦੇ ਐੱਸ. ਐੱਚ. ਓ. ਮੇਜਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਕਲਾਨੌਰ ਤੋਂ ਰੁੜਿਆਣਾ ਬੋਹੜ ਵਡਾਲਾ ਸਾਇਡ ਨੂੰ ਜਾ ਰਹੇ ਸੀ ਤਾਂ ਇੰਸ. ਬਾਲਕਿਸਨ ਕੰਪਨੀ ਕਮਾਡਰ ਦਾ ਫੋਨ ਆਇਆ ਕਿ ਬਾਰਡਰ ਲਾਇਨ ਨਜ਼ਦੀਕ ਧੁੱਸੀ ਬੰਨ੍ਹ ਦੇ ਨਜਦੀਕ ਭਾਰਤ ਵਾਲੇ ਪਾਸੇ ਇਕ ਡਰੋਨ ਅਤੇ ਨਸ਼ੀਲਾ ਪਦਾਰਥ ਹੈਰੋਇਨ ਨੁਮਾ ਇਕ ਸੀਲ ਪੈਕਟ ਮਿਲਿਆ ਹੈ। ਕਾਰਵਾਈ ਵਾਸਤੇ ਮੌਕੇ 'ਤੇ ਪਹੁੰਚ ਕੇ ਕੱਚੇ ਰਸਤੇ ਇਕ ਛੋਟਾ ਡਰੋਨ (ਟੁੱਟਾ ਹੋਇਆ) ਜਿਸ ਦੇ ਨਜਦੀਕ ਇਕ ਹੈਰੋਇਨ ਦਾ ਪੈਕਟ ਜਿਸ ਦਾ ਤੋਲ ਕਰਨ 'ਤੇ 535 ਗ੍ਰਾਮ ਹੋਇਆ, ਜਿਨ੍ਹਾਂ ਨੂੰ ਕਬਜਾ ਪੁਲਸ ਵਿਚ ਲੈ ਕੇ ਨਾ-ਮਾਲੂਮ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਏ



**ਆਦਮਪੁਰ (ਪਰਮਜੀਤ ਸਿੰਘ)**-ਪਿੰਡ ਕੋਟਲੀ ਅਰਾਈਆਂ ਵਿਖੇ ਐਨ ਆਰ ਆਈ ਭੁਪਿੰਦਰ ਸਿੰਘ ਹੁੰਦਲ ਵਲੋਂ ਸੰਸਥਾਪਕ ਮੇਰਾ ਪਿੰਡ 360 ਫਾਊਂਡੇਸਨ ਦੇ ਮੁੱਖ ਸੈਂਟਰ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੱਚਿਆਂ ਦੇ ਗੁਰੂ ਜੀ ਦੇ ਜੀਵਨ ਸਬੰਧਤ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਗਏ। ਜਿਸ ਵਿਚ 100 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਮੈਰਿਟ ਵਿਚ ਆਉਣ ਵਾਲੇ ਬੱਚਿਆਂ ਨੂੰ ਖਾਸ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਬੱਚਿਆਂ ਦੀ ਵੀ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਸੰਸਥਾ ਦੇ ਮੈਨੇਜਰ ਪੀਊਸ਼ ਨਰ,ਮਨੀਸ਼ਾ ਨਰ,ਅਮਨਦੀਪ, ਭਾਰਤੀ ਆਦਿ ਹਾਜ਼ਰ ਸਨ।

# ਸਿੱਖਿਆ ਬੋਰਡ ਦੇ ਮਰਹੂਮ ਆਗੂ ਸਾਥੀ ਰਾਣੂੰ ਦੀ 47ਵੀਂ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮਰਹੂਮ ਲੀਡਰ ਸਾਥੀ ਕਰਤਾਰ ਸਿੰਘ ਰਾਣੂੰ ਦੀ 47ਵੀਂ ਬਰਸੀ ਮੌਕੇ ਉਨ੍ਹਾਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਦਫਤਰ ਵਿੱਚ ਲੱਗੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਰਾਣੂੰ ਦੀ ਧਰਮ ਪਤਨੀ ਦਲਜਿੰਦਰ ਕੌਰ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ। ਯੂਨੀਅਨ ਦੀ ਪ੍ਰਧਾਨ ਰਮਨਦੀਪ ਕੌਰ ਗਿੱਲ, ਜਨਰਲ ਸਕੱਤਰ ਸੁਖਚੈਨ ਸਿੰਘ ਸੈਣੀ ਨੇ ਕਿਹਾ ਕਿ ਸਵਰਗਵਾਸੀ ਸਾਥੀ ਕਰਤਾਰ ਰਾਣੂੰ ਵੱਲੋਂ ਸਿੱਖਿਆ ਬੋਰਡ ਦੇ ਮੁਲਾਜ਼ਮਾਂ ਲਈ ਕੀਤੇ ਕੰਮਾਂ ਲਈ ਹਮੇਸ਼ਾਂ ਯਾਦ ਰੱਖਿਆ ਜਾਵੇਗਾ।ਇਸ ਮੌਕੇ ਗੁਰਇਕਬਾਲ ਸਿੰਘ ਸੋਢੀ, ਪਰਮਜੀਤ ਸਿੰਘ ਪੰਮਾ, ਸੁਨੀਲ ਮਾਰਕੰਡਾ, ਬਲਜਿੰਦਰ ਮਾਂਗੜ, ਹਰਮਿੰਦਰ ਸਿੰਘ ਕਾਕਾ, ਸੁਨੀਤਾ ਬਿੰਦ, ਗੁਰਪਆਰ ਸਿੰਘ ਅਤੇ ਕੁੰਸ਼ਲਿਆ ਦੇਵੀ ਹਾਜ਼ਰ ਸਨ। ਉਨ੍ਹਾਂ ਦੇ ਨਾਲ ਕੰਮ ਕਰ ਚੁੱਕੇ ਸੇਵਾ ਮੁਕਤ ਅਧਿਕਾਰੀਆਂ ਹਰਬੰਸ ਸਿੰਘ ਬਾਗੜੀ, ਜਰਨੈਲ ਸਿੰਘ ਚੁੰਨੀ, ਭਗਵੰਤ ਸਿੰਘ ਬੇਦੀ, ਕਮਿਕਰ ਸਿਘ ਗਿੱਲ, ਬੀਬੀ ਅਮਰਜੀਤ ਕੌਰ, ਬੀਬੀ ਕਮਲਜੀਤ ਕੌਰ, ਜਰਨੈਲ ਸਿੰਘ ਗਿੱਲ, ਸੰਤੋਖ ਸਿੰਘ, ਮੇਵਾ ਸਿੰਘ ਗਿੱਲ, ਹਰਬੰਸ ਸਿੰਘ, ਬਲਵੰਤ ਸਿੰਘ ਮੁੰਡੀ ਖਰੜ, ਐਮੀ ਸ਼ਰਮਾ ਅਤੇ ਸੋਹਣ ਸਿੰਘ ਮਾਵੀ ਵੱਲੋਂ ਸਾਥੀ ਰਾਣੂੰ ਦੀ ਯਾਦ ਵਿੱਚ ਬੋਰਡ ਕਰਮਚਾਰੀਆਂ ਦੇ ਬੱਚਿਆਂ ਵੱਲੋਂ ਪ੍ਰੀਖਿਆਵਾਂ ਵਿੱਚ ਵੱਧ ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਵਿਸ਼ੇਸ ਤਮਗੇ ਪ੍ਰਦਾਨ ਕੀਤੇ ਗਏ ਅਤੇ ਇਸ ਪ੍ਰਥਾ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਣ ਲਈ ਅਧਿਕਾਰੀਆਂ ਨੂੰ ਬੇਨਤੀ ਕੀਤੀ ਗਈ।



# ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ 'ਵਰਸਿਟੀ ਮੈਰਿਟ 'ਚ ਚਮਕਾਇਆ ਆਪਣਾ ਨਾਂਅ



**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟਿਟਿਊਸ਼ਨਜ਼, ਲੋਹਾਰਾਂ, ਜਲੰਧਰ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਨਾਲ ਯੂਨੀਵਰਸਿਟੀ ਮੈਰਿਟ ਲਿਸਟ 2024 ਵਿੱਚ ਉੱਚ ਸਥਾਨ ਹਾਸਲ ਕਰਦੇ ਹੋਏ ਸੰਸਥਾ ਦਾ ਨਾਂ ਰੋਸ਼ਨ ਕੀਤਾ ਹੈ। ਕੁੱਲ 11 ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਸ਼ਾਨਦਾਰ ਸੀ ਜੀ ਪੀ ਏ ਸਕੋਰ ਪ੍ਰਾਪਤ ਕੀਤੇ।ਜ਼ਹਿਲਕ ਨੰਦਾ (ਬੀ ਐਸ ਸੀ ਆਨਰਸ ਐਗਰੀਕਲਚਰ) ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅਰਵਿੰਦਰ ਕੌਰ (ਬੀ ਐਸ ਸੀ ਆਨਰਸ ਐਗਰੀਕਲਚਰ) ਨੇ ਦੂਸਰਾ ਸਥਾਨ ਪ੍ਰਾਪਤ ਕੀਤਾ । ਕੋਮਲ (ਬੀ ਬੀ ਏ) ਨੇ ਤੀਸਰਾ ਸਥਾਨ ਹਾਸਲ ਕੀਤਾ। ਜਦਕਿ ਸੁਹਾਨੀ ਜੈਨ (ਬੈਚਲਰ ਆਫ ਕਾਮਰਸ ਆਨਰਸ), ਬਲਦੀਪ ਕੌਰ (ਬੀ ਐਸ ਸੀ ਆਨਰਸ ਐਗਰੀਕਲਚਰ), ਰੋਸ਼ਨੀ ਜੋਸ਼ੀ (ਬੀ ਐਸ ਸੀ ਓਨਰ ਮਾਈਕਰੋ ਬਾਇਓਲੋਜੀ), ਸਿਮਰਨ ਮਾਨ (ਐਮ ਬੀ ਏ) ਅਤੇ ਗੁਲਸ਼ਨਪ੍ਰੀਤ ਕੌਰ (ਐਮ ਸੀ ਏ) ਨੇ ਆਪਣੇ-ਆਪਣੇ ਵਿਸ਼ਿਆਂ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਰਾਜਨੀਤ ਕੌਰ (ਐਮ ਬੀ ਏ) ਨੇ 5ਵਾਂ ਸਥਾਨ, ਸੁਖਵੀਰ ਕੌਰ (ਬੀ ਬੀ ਏ) ਨੇ 6ਵਾਂ ਸਥਾਨ ਅਤੇ ਭਾਵਿਕਾ ਕਪੂਰ (ਬੈਚਲਰ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨੋਲੋਜੀ ) ਨੇ ਸੱਤਵਾਂ ਸਥਾਨ ਹਾਸਲ ਕਰਕੇ ਵਿਦਿਆਲੇ ਦਾ ਨਾਂ ਉੱਚਾ ਕੀਤਾ । ਇਸ ਮਾਣ ਭਰੇ ਮੌਕੇ 'ਤ, ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸਤਤ ਯਤਨਾਂ ਦੀ ਸ਼ਲਾਘਾ ਕੀਤੀ।

# ਸਾਲਾਨਾ ਛਿੰਝ ਮੇਲੇ ਦੌਰਾਨ ਪਟਕੇ ਦੀ ਕੁਸ਼ਤੀ ਤਾਲਬ ਬਾਬਾ ਫਲਾਹੀ ਨੇ ਜਿੱਤੀ

**ਕਾਲਾ ਸੰਘਿਆਂ (ਮਨਜੀਤ ਮਾਨ)**

ਪਿੰਡ ਸੰਧੂ ਚੱਠਾ ਵਿਖੇ ਪੀਰ ਬਾਬਾ ਲੱਖ ਦਾਤਾ ਤੇ ਸਵਰਗਵਾਸੀ ਬਾਬਾ ਸ਼ਿੰਗਾਰਾ ਸਿੰਘ ਦੀ ਯਾਦ ਵਿੱਚ ਸਾਲਾਨਾ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਕੇਸ਼ ਕੁਮਾਰ ਉਰਫ਼ ਕਿਸੀ ਖੋਸਲਾ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਛਿੰਝ ਵਿੱਚ 150 ਦੇ ਕਰੀਬ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ ਪੱਟਕੇ ਦੀ ਕੁਸ਼ਤੀ ਤਾਲਬ ਬਾਬਾ ਫਲਾਹੀ ਨੇ ਸੋਨੂੰ ਕਾਂਗੜਾ ਹਿਮਾਚਲ ਕੇਸਰੀ ਨੂੰ ਚਿੱਤ ਕਰਕੇ ਜਿੱਤੀ ਤੇ ਜੇਤੂ ਪਹਿਲਵਾਨ ਨੂੰ ਐਨ ਆਰ ਆਈਜ਼ ਬੂਟਾ ਸਿੰਘ ਇੰਟਲੀ ਜਸਕੀਰਤ ਇੰਟਲੀ, ਮਨਵੀਰ ਸਿੰਘ ਮਨੀਲਾ ਵੱਲੋਂ ਮੋਟਰਸਾਈਕਲ ਦੇ ਕੇ ਸਨਮਾਨ ਕੀਤਾ ਗਿਆ। ਦੂਸਰੇ ਨੰਬਰ ਦੀ ਕੁਸ਼ਤੀ ਲਿਆਕਤ ਅਲੀ ਤੇ ਰਾਣਾ ਸ਼ੇਰੋਂ ਨੇ ਜਿੱਤੀ, ਤੀਸਰੇ ਨੰਬਰ ਦੀ ਕੁਸ਼ਤੀ ਗੈਰੀ ਬਿਸ਼ਨਪੁਰ ਤੇ ਜੱਜੀ ਕਾਲਾ ਸੰਘਿਆਂ ਦਰਮਿਆਨ ਕਰਵਾਈ ਗਈ ਜਿਸ ਵਿੱਚ ਜੱਜੀ ਕਾਲਾ ਸੰਘਿਆਂ ਜੇਤੂ ਰਿਹਾ। ਰਵੀ ਖੋਸਲਾ ਇੰਟਲੀ ਵੱਲੋਂ ਦੋ ਗੁਰਜਾ ਦੀ ਸੇਵਾ ਕੀਤੀ ਗਈ। ਪ੍ਰਸਿੱਧ ਕੁਮੈਂਟੇਟਰਜ਼ ਪ੍ਰਸਿੱਧ ਗੀਤਕਾਰ ਸਿੱਧੂ ਸਿੱਧਵਾਂ ਵਾਲਾ, ਮੰਗਾ ਅਲੀ ਤੇ ਦਵਿੰਦਰ ਕਿਲੀ ਵੱਲੋਂ ਆਪਣੇ ਪ੍ਰਭਾਵਸ਼ਾਲੀ ਟੋਟਕਿਆਂ ਨਾਲ ਛਿੰਝ ਮੇਲੇ ਨੂੰ ਪੂਰੇ ਜੋਬਨ 'ਤੇ ਪਹੁੰਚਾ ਦਿੱਤਾ। ਇਸ ਮੌਕੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ, ਮੁਨਸ਼ੀ ਜਿੰਦਰ ਲਾਲ ਮਨਜੀਤ ਸਿੰਘ ਸੋਹਲ, ਡਾ. ਸਤਪਾਲ, ਲਹਿੰਬਰ ਸਿੰਘ ਢਿੱਲੋਂ, ਇਕਬਾਲਜੀਤ ਸਿੰਘ ਪੀਟਰ, ਏ ਐਸ ਆਈ ਧਰਮ ਸਿੰਘ, ਸਬ ਇੰਸਪੈਕਟਰ ਜੋਗਿੰਦਰ ਸਿੰਘ, ਬੂਟਾ ਸਿੰਘ ਫੋਰਮੈਨ, ਇੰਸਪੈਕਟਰ ਰਾਮ ਸਿੰਘ,ਜਸਵੰਤ ਸਿੰਘ ਸੋਹਲ, ਡਾ.ਨਿਰਮਲ ਸਿੰਘ, ਅਮਰੀਕ ਸਿੰਘ, ਜਨਕ ਰਾਜ ਖੋਸਲਾ, ਚੌਕੀ ਇੰਚਾਰਜ ਕਾਲਾ ਸੰਘਿਆਂ ਏ ਐਸ ਆਈ ਅਮਰਜੀਤ ਸਿੰਘ, ਮੁਨਸ਼ੀ ਏ ਐਸ ਆਈ ਜਿੰਦਰ ਲਾਲ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਪਰਮਜੀਤ ਸਿੰਘ ਖਾਲਸਾ, ਮਾਸਟਰ ਅਮਰਜੀਤ, ਲਵਪ੍ਰੀਤ ਖੋਸਲਾ, ਏ ਐਸ ਆਈ ਪਿਆਰਾ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸਾਬਕਾ ਸਰਪੰਚ ਪਿਆਰਾ ਸਿੰਘ, ਲਹਿੰਬਰ ਖੋਸਲਾ, ਸਰਬਨ ਸਿੰਘ ਸੰਘਾ, ਸਰਬਜੀਤ ਸਿੰਘ ਕੈਨੇਡਾ ਤੋਂ ਇਲਾਵਾ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦਾ ਵੀ ਸਨਮਾਨ ਕੀਤਾ ਗਿਆ।


